ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

ਨਾਮਧਾਰੀ

ਅਤੇ

ਕਾਂਗ੍ਰਸ

76

ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

ਨਾਮਧਾਰੀ ਅਤੇ ਕਾਂਗ੍ਰਸ

ਲੇਖਕ:—
ਮਹਾਰਾਜ ਬੀਰ ਸਿੰਘ ਜੀ

ਪ੍ਰਕਾਸ਼ਕ
ਮੈਨੇਜਰ ਸਤਿਜੁਗ
ਸ੍ਰੀ ਜੀਵਨ ਨਗਰ
ਜਿ. ਸਿਰਸਾ (ਹਰਿਆਣਾ)



Sri Satguru Jagjit Singh Ji E-library

Sri Satguru Jagjit Singh Ji E-library has been created with the approval and personal blessings of Sri Satguru Uday Singh Ji. You can easily access the wealth of teaching, learning and research materials on Sri Satguru Jagjit Singh Ji E-library online, which until now have only been available to a handful of scholars and researchers.

This new Sri Satguru Jagjit Singh Ji E-library allows school children, students, researchers and armchair scholars anywhere in the world at any time to study and learn from the original documents.

As well as opening access to our historical pieces of world heritage, digitisation ensures the long-term protection and conservation of these fragile treasures. This is a significant milestone in the development of the Sri Satguru Jagjit Singh Ji E-Library, but it is just a first step on a long road.

Please join with us in this remarkable transformation of the Library. You can share your books, magazines, pamphlets, photos, music, videos etc. This will ensure they are preserved for generations to come. Each item will be fully acknowledged.

To continue this work, we need your help

Your generous contribution and help will ensure that an ever-growing number of the Library's collections are conserved and digitised, and are made available to students, scholars, and readers the world over. The Sri Satguru Jagjit Singh Ji E-Library collection is growing day by day and some rare and priceless books/magazines/manuscripts and other items have already been digitised.

We would like to thank all the contributors who have kindly provided items from their collections. This is appreciated by us now and many readers in the future.

Contact Details

For further information - please contact

Email: NamdhariElibrary@gmail.com

kirpal singh chana

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

ਨਾਮਧਾਰੀ ਅਤੇ ਕਾਂਗ੍ਰਸ

ਲੇਖਕ:–
ਮਹਾਰਾਜ ਬੀਰ ਸਿੰਘ ਜੀ

ਪ੍ਰਕਾਸ਼ਕ
ਮੈਨੇਜਰ ਸਤਿਜੁਗ
ਸ੍ਰੀ ਜੀਵਨ ਨਗਰ
ਜਿ. ਸਿਰਸਾ (ਹਰਿਆਣਾ)

ਸੰਮਤ ੨੦੪੬

ਪਹਿਲੀ ਵਾਰ ੭੦੦

ਪ੍ਰਕਾਸ਼ਕ

ਹਰਬੰਸ ਸਿੰਘ
ਮੈਨੇਜਰ ਸਤਿਜੁਗ
ਸ੍ਰੀ ਜੀਵਨ ਨਗਰ
ਜਿ. ਸਿਰਸਾ (ਹਰਿਆਣਾ)

ਛਾਪਕ:-

ਸ੍ਰੀ ਸਤਿਗਰੂ ਰਾਮ ਹਰੀ ਪ੍ਰੈਸ
ਸ੍ਰੀ ਜੀਵਨ ਨਗਰ
ਜਿ. ਸਿਰਸਾ (ਹਰਿਆਣਾ)

ਕੀਮਤ-੩੦)

ਪ੍ਰਕਰਨ ਸੂਚੀ

ਸੁਧੀ ਪਤ੍ਰ

ਪੰਨਾ	ਸਤਰ ਉਪਰੋਂ	ਅਸੁਧ	ਸੁਧ
੬	੧੪	ਮਚਯਾਦਾ	ਮਰਯਾਦਾ
੩੯	ਸਭ ਤੋਂ ਹੇਠਲੀ	ਅਤੇ	
੫੭	੪	੫-੧੪	੩੦ ਵਿਘੇ ੧੬ ਵਿਸਵੇ
੬੬	੧੦	ਥੋੜੀ	
੬੭	੩	ਵਲੇਂ	ਵਲੋਂ
੮੮	੧	ਬੰਦਾਂ	
੧੦੯	੨੩	ਪਸੀ	ਪਾਸ
੧੦੯	੨੪	ਸਾਡਾ	ਸਾਡੀ
੧੫੩	੧੩	ਜੀ	ਦੀ
੧੬੫	ਸਭ ਤੋਂ ਥਲੇ	ਲਈ	ਲਏ
੧੬੮	੭	ਜੀ	ਸੀ
੧੭੧	੨੧	ਏਨਾਂ	ਏਨਾਂ ਦੇ

Corrigendum

Page	Line from above	incorrect	Correct
13	1	Hrmre	Hume
do	3	redical	radical
15	11	evolutionisse	evolutionise
145	21		of
do	23	canpidate	candidate
do	30	compotent	competent
do	31	Magstratei	Magistrate
do	32	D, Falhaw	D. Falshaw

ਸ੍ਰੀ ਹਰਬੰਸ ਸਿੰਘ ਪ੍ਰਿੰਟਰ ਤੇ ਪਬਲਿਸ਼ਰ ਦੇ ਪ੍ਰਬੰਧ ਨਾਲ ਸ੍ਰੀ ਸਤਿਗੁਰੂ ਰਾਮ ਹਰੀ ਪ੍ਰੈਸ ਸ੍ਰੀ ਜੀਵਨ ਨਗਰ (ਸਿਰਸਾ) ਵਿਚ ਛਪਿਆ। ਦਫਤਰ ਸਤਿਜੁਗ ਸ੍ਰੀ ਜੀਵਨ ਨਗਰ (ਸਿਰਸਾ) ਵਿਚੋਂ ਪ੍ਰਕਾਸ਼ਤ ਹੋਇਆ(ਨਾਮਧਾਰੀ ਪੰਥ ਵਾਸਤੇ)

ਅਟੱਲ ਪ੍ਰਤਾਪੀ



ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ

ਇਹੁ ਤਨੁ ਮਨੁ ਤੇਰਾ ਸਭਿ ਗੁਣ ਤੇਰੇ।
ਖੰਨੀਐ ਵੰਞਾ ਦਰਸਨ ਤੇਰੇ।
ਦਰਸਨ ਤੇਰੇ ਸੁਣਿ ਪ੍ਰਭ ਮੇਰੇ
ਨਿਮਖ ਦ੍ਰਿਸਟਿ ਪੇਖਿ ਜੀਵਾ
ਅੰਮ੍ਰਿਤ ਨਾਮੁ ਸੁਨੀਜੈ ਤੇਰਾ
ਕ੍ਰਿਪਾ ਕਰਹਿ ਤ ਪੀਵਾ।
ਆਸ ਪਿਆਸੀ ਪਿਰ ਕੈ ਤਾਈ
ਜਿਉ ਚਾਤ੍ਰਿਕ ਬੂੰਦੇਰੇ।
ਕਹੁ ਨਾਨਕ ਜੀਅੜਾ ਬਲਿਹਾਰੀ
ਦੇਹੁ ਦਰਸ ਪ੍ਰਭ ਮੇਰੇ।

(ਤੁਖਾਰੀ ਛੰਤ ਮਹਲਾ ੫)

ਸਮਰਪਤਿ

ਅਟਲ ਪ੍ਰਤਾਪੀ ਸਤਿਗੁਰੂ ਜੀ ਦੇ ਉਨਾਂ ਪਾਵਨ
ਚਰਨਾਂ ਵਿਚ ਜਿਨਾਂ ਦੀ ਤਨਿਕ ਛੁਹ ਤੋਂ
ਉਹ ਸਨਮਾਨ ਅਤੇ ਗਿਆਨ ਦੀ ਪ੍ਰਾਪਤੀ ਹੋਈ
ਜਿਸਦਾ ਕਥਨ ਨਹੀਂ ਕੀਤਾ ਜਾ ਸਕਦਾ

ਮੁਖ ਬੰਧ

ਏਹ ਪੁਸਤਕ, ਜਿਸਨੂੰ ਤੁਸੀਂ ਪੜ੍ਹ ਰਹੇ ਹੋ, ਭ੍ਰਸ਼ਟ ਰਾਜਨੀਤੀ ਦਾ ਕਚਾ ਚਿਠਾ ਹੈ। ਏਸਨੂੰ ਪੜ੍ਹਕੇ ਹਰ ਇਕ ਪਾਠਕ ਏਹੋ ਮਹਿਸੂਸ ਕਰੇਗਾ "ਏਸਤੋਂ ਤਾਂ ਅੰਗ੍ਰੇਜ਼ ਹੀ ਚੰਗੇ ਸਨ।"

ਅਜਾਦੀ ਦੇ ਮੋਢੀ ਸਤਿਗੁਰੂ ਰਾਮ ਸਿੰਘ ਜੀ ਨੇ ਸਭਰਾਵਾਂ ਦੀ ਲੜਾਈ ਵੇਲੇ ਆਪਣੀ ਦੂਰ ਦਰਸ਼ਤਾ ਨਾਲ ਅਨੁਭਵ ਕਰ ਲਿਆ ਸੀ ਅੰਗ੍ਰੇਜ਼ਾਂ ਦੀ ਜਥੇਬੰਦੀ, ਫੌਜੀ ਡਸਿਪਲ ਤੇ ਨਵੇਂ ਨਵੇਂ ਹਥਿਆਰਾਂ, ਵਧੀਆ ਤੋਪਾਂ ਤੇ ਆਹਲਾ ਦਰਜੇ ਦੀਆਂ ਬੰਦੂਕਾਂ (ਜੋ ਸਾਡੀਆਂ ਤੋੜੇ ਦਾਰ ਬੰਦੂਕਾਂ ਤੋਂ ਕਿਤੇ ਵਧੀਆ ਸਨ) ਨੂੰ ਵੇਖਕੇ ਆਪਣੇ ਸੰਗੀ ਸਾਥੀਆਂ ਨੂੰ ਕਹਿ ਦਿਤਾ ਸੀ ਏਹ ਲੜਾਈ ਅਸੀਂ ਕਿਸੇ ਵੀ ਤਰਾਂ ਨਹੀਂ ਜਿਤ ਸਕਾਂਗੇ। ਓਹਨਾਂ ਨੇ ਏਹ ਵੀ ਵੇਖਿਆ ਸੀ ਕਿ ਅੰਗ੍ਰੇਜ਼ ਸਭ ਇਕ ਦੇ ਹੁਕਮ ਵਿਚ, ਪੰਗਤੀ ਬਧ ਹੋਕੇ ਲੜਦੇ ਹੈਨ। ਤੇ ਸਾਡੇ ਸਾਰੇ ਜਰਨੈਲ ਆਪੋ ਧਾਪੀ ਦਾ ਸ਼ਿਕਾਰ ਹੋ ਗਏ ਹੈਨ। ਏਸ ਵਾਸਤੇ ਏਨਾਂ ਨੂੰ ਮਥਾ ਟੇਕਣਾ ਹੀ ਠੀਕ ਹੈ। ਆਪਨੇ ਬੰਦੂਕ ਦਰਿਆ ਵਿਚ ਸੁਟ ਦਿਤੀ। ਅਤੇ ਆਖਿਆ ਕਿ ਹੁਣ ਸਾਨੂੰ ਨਵੀਆਂ ਲੀਹਾਂ ਉਤੇ ਕੰਮ ਕਰਨਾ ਪਵੇਗਾ। ਅਸੀਂ ਅੰਗ੍ਰੇਜ਼ ਨਾਲ ਸਿਧੀ ਟਕਰ ਲੈ ਕੇ ਕਿਸੇ ਵੀ ਤਰਾਂ ਨਾਲ ਕਾਮਯਾਬੀ ਹਾਸਲ ਨਹੀਂ ਕਰ ਸਕਾਂਗੇ। ਕਿਉਂਕਿ ਅੰਗ੍ਰੇਜ਼ ਰਾਜੇ ਨਹੀਂ ਵਪਾਰੀ ਹਨ,ਏਹਨਾਂ ਨਾਲ ਵਪਾਰਕ ਢੰਗ ਨਾਲ ਵਰਤਨਾਂ ਪਵੇਗਾ।

ਏਸ ਵਾਸਤੇ ਓਹਨਾਂ ਨੇ ਸਚ ਆਚਾਰ ਦਾ ਰਾਹ ਅਪਨਾਇਆ। ਜੋ ਗੁਰੂ ਨਾਨਕ ਦੇਵ ਜੀ ਦਾ ਰਸਤਾ ਸੀ। ਓਹਨਾਂ ਨੇ ਨਾਮਧਾਰੀ ਪੰਥ ਦੀ ਸ੍ਰਿਜਨਾ ਕਰਕੇ ਏਹ ਦਸ ਅਸੂਲ ਕਾਇਮ ਕਰ ਦਿਤੇ।

੧. ਧਰਮ ਨੂੰ ਰਾਜਨੀਤੀ ਤੋਂ ਉਪਰ ਰਖਣਾ ਅਤੇ ਧਰਮ ਦਾ ਰਾਜ ਕਾਇਮ ਕਰਨਾਂ।

੨. ਗਊ ਗ੍ਰੀਬ ਦੀ ਰਖਿਆ ਕਰਨੀ।
੩. ਸਚ ਨੂੰ ਸਭ ਤੋਂ ਉਚ ਪ੍ਰਾਥਮਿਕਤਾ ਦੇਣੀ।
੪. ਅੰਗ੍ਰੇਜ਼ ਦੀ ਹਰ ਵਸਤੂ ਦਾ ਮੁਕੰਮਲ ਬਾਈਕਾਟ, ਅਦਾਲਤਾਂ ਦਾ ਤੇ ਸਕੂਲਾਂ ਦਾ ਵੀ ਬਾਈਕਾਟ ਤੇ ਕਪੜੇ ਦਾ ਵੀ ਬਾਈਕਾਟ, ਸ੍ਵਦੇਸ਼ੀ ਦੀ ਵਰਤੋਂ ਕਰਨੀ।
੫. ਡਾਕ ਦਾ ਪ੍ਰਬੰਧ ਆਪਦਾ ਚਾਲੂ ਕਰਨਾਂ, ਜੋ ਸਵੈ ਰਖਿਆ ਵਾਸਤੇ ਬਹੁਤ ਜਰੂਰੀ ਸੀ।
੬. ਆਪਦੇ ਆਪ ਤੇ ਪੂਰੀ ਤਰਾਂ ਕਾਬੂ ਪੌਣਾਂ,ਸੁਚ ਸੋਧ ਤੇ ਸੰਜਮ ਨਾਲ।
੭. ਧਰਮ ਦੀ ਕਿਰਤ ਕਰਨੀ,ਕਿਸੇ ਵੀ ਤਰਾਂ ਦੂਸਰੇ ਦੀ ਕਿਰਤ ਦਾ ਨਾਜਾਇਜ਼ ਫੈਦਾ ਨਹੀਂ ਉਠਾਣਾਂ।
੮. ਮਾਸ ਸ਼ਰਾਬ ਤੇ ਨਸ਼ੇ ਵਾਲੀਆਂ ਹੋਰ ਚੀਜ਼ਾਂ ਤੰਬਾਕੂ ਆਦਿ ਦੇ ਨੇੜੇ ਨਹੀਂ ਜਾਣਾ।
੯. ਨਾਮਬਾਣੀ ਦਾ ਸਿਮਰਨ ਅਤੇ ਅਕਾਲ ਪੁਰਖ ਤੇ ਭਰੋਸਾ ਰਖਣਾ।
੧੦. ਔਰਤ ਨੂੰ ਬਰਾਬਰ ਦਾ ਹੱਕ ਦੇਣਾ,ਕੁੜੀਆਂ ਮਾਰਨ ਤੋਂ ਰੋਕਣਾ ਤੇ ਵਿਧਵਾ ਪੁਨਰ ਵਿਆਹ ਕਰਨਾ ਆਦਿ।

ਪੰਜਾਬੀ ਉਸ ਸਮੇਂ ਅਤਿ ਦੀਨ ਤੇ ਦੁਖੀ ਸਨ। ਏਹ ਰਸਤਾ ਉਹਨਾਂ ਨੂੰ ਬੇ-ਹੱਦ ਪਸੰਦ ਆਇਆ ਤੇ ਓਹ ਧੜਾਧੜ ਸ੍ਰੀ ਸਤਿਗੁਰੂ ਰਾਮਸਿੰਘ ਜੀ ਦੀ ਸ਼ਰਨ ਵਿਚ ਔਣ ਲਗ ਪਏ। ਏਹਨਾਂ ਸਿਧਾਤਾਂ ਦਾ ਸਭ ਤੋਂ ਵਧ ਅਸਰ ਸਾਧਾਂ ਸੰਤਾਂ ਉਤੇ ਹੋਇਆ। ਜੋ ਬੜੀ ਲਗਨ ਨਾਲ ਪ੍ਰਭੂ ਭਗਤੀ ਵਿਚ ਲਗੇ ਹੋਏ ਸਨ। ਏਹਨਾਂ ਦੇ ਪਿਛੇ ਆਮ ਪਬਲਿਕ ਬਹੁਤ ਸੀ। ਜਿਸ ਵਾਸਤੇ ਜਦੋਂ ਕੋਈ ਸਾਧੂ ਨਾਮਧਾਰੀ ਬਣਦਾ ਉਸਦਾ ਅਸਰ ਆਮ ਦੁਨੀਆਂ ਉਤੇ ਬਹੁਤ ਪੈਂਦਾ। ਏਸਤਰਾਂ ਪਿੰਡਾਂ ਦੇ ਪਿੰਡ ਤੇ ਇਲਾ-ਕਿਆ ਦੇ ਇਲਾਕੇ ਨਾਮਧਾਰੀ ਸਜ ਗਏ।

ਉਸ ਵੇਲੇ ਦਿਲੀ ਤੋਂ ਲੈਕੇ ਪਸ਼ੌਰ ਤਕ ਪੰਜਾਬ ਹੀ ਪੰਜਾਬ ਸੀ ਤੇ ਏਸ ਪੰਜਾਬ ਦੇ ਕੁਲ ੩੬ ਜਿਲੇ ਸਨ। ਤੇ ਆਬਾਦੀ ਸਿਰਫ ਦੋ ਕਰੋੜ

ਜਿਸ ਵਿਚ ਆਮ ਸਿਖਾਂ ਦੀ ਗਿਣਤੀ ਕੇਵਲ ਦਸ ਬਾਰਾਂ ਲਖ ਸੀ। ਏਸ ਵਿਚੋਂ ੭-੮ ਲਖ ਦਾ ਪਕੇ ਨਾਮਧਾਰੀ ਬਣ ਜਾਣਾ ਬਹੁਤ ਵਡੀ ਕਰਾਮਾਤ ਹੀ ਤਾਂ ਸੀ। ਜੋ ਸੰਤ ਖਾਲਸੇ ਦੇ ਨਾਮ ਨਾਲ ਪ੍ਰਸਿਧ ਹੋਏ।

ਅੰਗਰੇਜ਼ ਪ੍ਰਸਤ

ਓਸ ਵੇਲੇ ਪੰਜਾਬ ਵਿਚ ਸਿਖਾਂ ਦੀਆਂ ਦੋ ਹੀ ਸ੍ਰੇਣੀਆਂ ਸਨ, ਸੰਤ ਖਾਲਸਾ ਤੇ ਮਲੇਛ ਖਾਸਲਾ। ਦੂਸਰਾ ਧੜਾ ਅੰਗ੍ਰੇਜ਼ਾਂ ਦਾ ਪਕਾ ਖੈਰ ਖਾਹ ਸੀ। ਜਿਨਾਂ ਨੂੰ ਅੰਗ੍ਰੇਜ਼ਾਂ ਤੋਂ ਥੋੜੀਆਂ ਬਹੁਤ ਸਹੂਲਤਾਂ ਵੀ ਮਿਲੀਆਂ ਹੋਈਆਂ ਸਨ। ਤੇ ਏਹ ਪੰਜੇ ਐਬ ਸ਼ਰਈ ਸਨ। ਲੜਕਾ ਮੁਸਲੀ ਮਾਸ ਸ਼ਰਾਬ ਸਭ ਜਾਇਜ ਸੀ ਏਹਨਾਂ ਦੇ ਪੰਥ ਵਿਚ। ਅਤੇ 'ਸੰਤ ਖਾਲਸਾ' ਸਭ ਬੁਰਾਈਆਂ ਤੋਂ ਰਹਿਤ ਸੀ। ਜਿਸਨੂੰ ਅੰਗ੍ਰੇਜ਼ ਭੀ ਮੰਨਦਾ ਸੀ। ਕੂਕਾ ਝੂਠ ਨਹੀਂ ਬੋਲਦਾ, ਕੂਕਾ ਸਰਕਾਰ ਦਾ ਵਫਾਦਾਰ ਨਹੀਂ ਹੋ ਸਕਦਾ, ਕੂਕਾ ਸ਼ਰਾਬ ਨਹੀਂ ਪੀਂਦਾ। ਜਦੋਂ ਅੰਗ੍ਰੇਜ਼ ਨੂੰ ਪੁਖਤਾ ਯਕੀਨ ਹੋ ਗਿਆ ਕਿ ਪੰਜਾਬ ਦਾ ਇਹ ਸੰਗਠਨ ਇਕ ਦਮ ਅੰਗ੍ਰੇਜ਼ ਸਰਕਾਰ ਦੇ ਵਿਰੁਧ ਹੈ ਤਾਂ ਉਸਨੇ ਆਪਣੇ ਕੁਝ ਟਾਊਟ ਵੀ ਨਾਮਧਾਰੀਆਂ ਵਿਚ ਦਾਖਲ ਕਰ ਦਿਤੇ। ਜੋ ਸਚੀਆਂ ਝੂਠੀਆਂ ਕਹਾ-ਣੀਆਂ ਘੜਦੇ ਰਹਿੰਦੇ ਤੇ ਅੰਗ੍ਰੇਜ਼ ਸਰਕਾਰ ਦੇ ਵਿਰੁਧ ਸਿਖਾਂ ਨੂੰ ਭੜਕੌਣ ਦਾ ਜਤਨ ਵੀ ਕਰਦੇ ਰਹਿੰਦੇ। ਜਿਸ ਵਿਚ ਓਹਨਾਂ ਨੂੰ ਕਦੇ ਕਦੇ ਕਾਮਯਾਬੀ ਵੀ ਹੁੰਦੀ ਸੀ। ਅੰਗ੍ਰੇਜ਼ ਚਾਹੁੰਦਾ ਸੀ ਕੋਈ ਬਹਾਨਾਂ ਮਿਲੇ ਤੇ ਨਾਮਧਾਰੀਆਂ ਉਤੇ ਸਖਤੀ ਕੀਤੀ ਜਾਵੇ। ਮਲੇਰ ਕੋਟਲੇ ਦੇ ਸਾਕੇ ਦਾ ਬਹਾਨਾਂ ਮਿਲ ਗਿਆ। ਸਤਿਗੁਰੂ ਰਾਮ ਸਿੰਘ ਜੀ ਨੇ ਸੂਬਾ ਲਖਾ ਸਿੰਘ ਜੀ ਨੂੰ ਭੇਜਕੇ ਡੀ. ਸੀ. ਕਾਵਨ ਲੁਦਿਆਣਾ ਨੂੰ ਇਤਲਾਹ ਭੇਜ ਦਿਤੀ ਕਿ ਕੁਝ ਮਸਤਾਨੇ ਕੂਕੇ ਸਾਥੋਂ ਬਾਗੀ ਹੋਕੇ ਕੋਟਲੇ ਜਾ ਰਹੇ ਹਨ। ਏਹ ਸਾਡੇ ਹੁਕਮ ਤੋਂ ਬਾਹਰ ਹਨ। ਏਸ ਵਾਸਤੇ ਜੇ ਓਹਨਾਂ ਨੇ ਕੋਈ ਕਾਰਾ ਕਰ ਦਿਤਾ ਤਾਂ ਏਸ ਵਿਚ ਸਾਡੀ ਕੋਈ ਜਿੰਮੇਵਾਰੀ ਨਹੀਂ

ਹੋਵੇਗੀ। ਸਗੋਂ ਸਰਕਾਰ ਹੀ ਜ਼ਿੰਮੇਵਾਰ ਹੋਵੇਗੀ। ਅਸੀਂ ਸਮਾਂ ਰਹਿੰਦੇ ਸਰਕਾਰ ਨੂੰ ਆਗਾਹ ਕਰ ਦਿਤਾ ਹੈ।

ਡੀ. ਸੀ. ਮਿਸਟਰ ਕਾਵਨ ਨੇ, ਜੋ ਬਹਾਨੇ ਦੀ ਤਲਾਸ਼ ਵਿਚ ਹੀ ਸੀ, ਸੂਬਾ ਲਖਾ ਸਿੰਘ ਨੂੰ ਓਥੇ ਹੀ ਕੈਦ ਕਰ ਲਿਆ। ਤੇ ਸਤਿਗੁਰੂ ਰਾਮਸਿੰਘਜੀ ਨੂੰ ਸਮੇਤ ਸੂਬਿਆਂ ਦੇ ਇਲਾਹਾਬਾਦ ਦੇ ਕਿਲੇ ਵਿਚ ਨਜ਼ਰ ਬੰਦ ਕਰਨ ਵਾਸਤੇ ਗਡੀ ਰਾਹੀਂ ਭੇਜ ਦਿਤਾ। ਤੇ ਫੇਰ ਅੰਗ੍ਰੇਜ਼ ਸ੍ਰਕਾਰ ਨੇ ਆਜੀਵਨ ਦੇਸ਼ ਨਿਕਾਲਾ ਦੇਕੇ ਬਰ੍ਹਮਾ ਭੇਜ ਦਿਤਾ।

ਹੁਣ ਹੋਰ ਨਾਮਧਾਰੀ ਆਗੂਆਂ ਨੂੰ ਫੜਕੇ ਕੈਦ ਕਰ ਲਿਆ ਤੇ ਦੂਰ ਦੁਰਾਡੇ ਜੇਹਲਾਂ ਵਿਚ ਡਕ ਦਿਤਾ। ਏਸਤਰਾਂ ਹਜਾਰਾਂ ਨਾਮਧਾਰੀ ਜੇਹਲਾਂ ਵਿਚ ਭੇਜ ਦਿਤੇ, ਅਤੇ ਕਈਆਂ ਨੇ ਜੇਹਲਾਂ ਵਿਚ ਹੀ ਪ੍ਰਾਣ ਤਿਆਗ ਦਿਤੇ। ਏਸਤਰਾਂ ਬਾਕੀ ਬਚਦੇ ਨਾਮਧਾਰੀਆਂ ਨੂੰ ਆਪਣੇ ਆਪਣੇ ਪਿੰਡ ਵਿਚ ਹੀ ਨਜ਼ਰਬੰਦ ਕਰ ਦਿਤਾ। ਓਹ ਪੁਲੀਸ ਦੀ ਇਜਾਜ਼ਤ ਤੋਂ ਬਿਨਾ ਪਿੰਡ ਤੋਂ ਬਾਹਰ ਨਹੀਂ ਸੀ ਜਾ ਸਕਦੇ। ਹਰ ਹਫਤੇ ਥਾਣੇ ਵਿਚ ਹਾਜ਼ਰੀ ਦੇਣੀ ਜ਼ਰੂਰੀ ਸੀ।

ਨਾਮਧਾਰੀ ਲਹਿਰ ਦਾ ਸਭ ਤੋਂ ਵਧ ਅਸਰ ਦੁਆਬੇ ਦੇ ਪਿੰਡਾਂ ਉਤੇ ਪਿਆ ਜੋ ਸ੍ਰੀ ਭੈਣੀ ਸਾਹਿਬ ਦੇ ਸਭ ਤੋਂ ਨੇੜੇ ਦਾ ਇਲਾਕਾ ਸੀ। ਲੁਧਿਆਣਾ ਜਿ:ਦੇ ਸੈਂਕੜੇ ਪਿੰਡਾਂ ਤੇ ਏਸ ਲਹਿਰ ਦਾ ਬਹੁਤ ਜਿਆਦਾ ਅਸਰ ਪਿਆ। ਏਸ ਤੋਂ ਪਿਛੋਂ ਸਿਆਲਕੋਟ ਅੰਮ੍ਰਿਤਸਰ ਤੇ ਬਾਕੀ ਸਾਰੇ ਪੰਜਾਬ ਉਤੇ ਹੀ ਏਹ ਲਹਿਰ ਛਾ ਗਈ।

ਸਤਿਗੁਰੂ ਰਾਮ ਸਿੰਘ ਜੀ ਨੇ ਇਕ ਹੁਕਮਨਾਮੇ ਵਿਚ ਲਿਖਕੇ ਭੇਜਿਆ ਸੀ, ਮੇਰੀ ਲਾਈ ਅੱਗ ਹੁਣ ਬੁਝੇਗੀ ਨਹੀਂ। ਰੂੜੀ ਦੀ ਅਗ ਦੀ ਤਰਾਂ ਵਿਚੇ ਵਿਚ ਧੁਖਦੀ ਰਹੇਗੀ। ਅਤੇ ਸਮਾ ਔਣ ਤੇ ਏਸ ਵਿਚੋਂ ਭਬੂਕੇ ਉਠਣਗੇ ਜੋ ਸਾਰੇ ਭਾਰਤ ਨੂੰ ਅਪਣੀ ਲਪੇਟ ਵਿਚ ਲੈ ਲੈਣਗੇ। ਓਹ ਦਬੀ ਅਗ ਗਦਰ ਪਾਰਟੀ ਦੇ ਰੂਪ ਵਿਚ ਸਾਮਣੇ ਆਈ, ਜਿਸਦੇ ਮੋਢੀ ਸ੍ਰ. ਸੋਹਣ ਸਿੰਘ ਭਕਨਾ, ਸ੍ਰ. ਕਰਤਾਰ ਸਿੰਘ ਸਰਾਭਾ ਤੇ ਸ੍ਰ.

ਭਗਤ ਸਿੰਘ ਸ਼ਹੀਦ ਸਨ। ਓਸ ਪਿਛੋਂ ਬਬਰ ਅਕਾਲੀ ਉਠੇ ਜੋ ਸਾਰੇ ਹੀ ਅਮੂਮਨ ਦੁਆਬੇ ਦੇ ਸਨ ਓਨਾਂ ਸਭਨਾਂ ਦਾ ਪਿਛੋਕੜ ਨਾਮਧਾਰੀ ਪੰਥ ਹੀ ਸੀ। ਏਨਾਂ ਸਭਨਾਂ ਦੇ ਵਡੇ ਵਡੇਰੇ ਨਾਮਧਾਰੀ ਹੀ ਸਨ।

ਸਮਾ ਪਾਕੇ ਪਿਛੇ ਦਸੇ ਦਸ ਅਸੂਲਾਂ ਵਿਚੋਂ ਹੀ ਕੁਝ ਅਸੂਲ ਮਹਾਤਮਾਂ ਗਾਂਧੀ ਜੀਨੇ ਅਪਣਾਏ ਤੇ ਆਪਣੀ ਸਾਂਤਮਈ ਲਹਿਰ ਦਾ ਸੂਤ੍ਰਪਾਤ੍ਰ ਕੀਤਾ। ਇਕ ਗਲ ਮੈਂ ਏਥੇ ਹੋਰ ਲਿਖਦਾ ਹਾਂ ਸਤਿਗੁਰੂ ਰਾਮ ਸਿੰਘ ਜੀ ਦੇ ਦਸੇ ਹੋਏ ਸ਼ਾਂਤੀ ਅਸੂਲਾਂ ਨੂੰ ਅਪਣਾਕੇ ਕਾਂਗ੍ਰਸ ਨੇ ਕਦੇ ਕਿਸੇ ਵਡੇ ਜਲਸੇ ਵਿਚ ਓਨਾਂ ਦਾ ਜਿਕਰ ਨਹੀਂ ਕੀਤਾ। ਸਾਡੇ ਵਿਚ ਆਕੇ ਇੰਦਰਾ ਜੀ ਨੇ ਜਰੂਰ ਕਿਹਾ ਕਿ ਸਤਿਗੁਰੂ ਰਾਮ ਸਿੰਘ ਜੀ ਦੇ ਦਰਸਾਏ ਹੋਏ ਅਸੂਲਾਂ ਤੇ ਚਲਕੇ ਹੀ ਕਾਂਗ੍ਰਸ ਨੇ ਅਜਾਦੀ ਹਾਸਲ ਕੀਤੀ ਹੈ। ਪਰ ਏਹ ਜ਼ਿਕਰ ਭਾਰਤ ਦੇ ਇਤਿਹਾਸਕ ਪ੍ਰਕਾਸ਼ਨ ਜਾਂ ਕਾਂਗ੍ਰਸ ਦੇ ਇਤਿਹਾਸ ਵਿਚ ਨਹੀਂ ਔਣ ਦਿਤਾ। ਏਸ ਤੋਂ ਵਡੀ ਰਾਜਨੀਤਿਕ ਬੇਈਮਾਨੀ ਹੋਰ ਕੀ ਹੋ ਸਕਦੀ ਹੈ ?

ਅਜਾਦੀ ਦੀ ਲੜਾਈ ਲੜਨ ਵਾਲੀ ਕਾਂਗ੍ਰਸ ਦਾ ਨਾਮਧਾਰੀਆਂ ਨੇ ਤਨ ਮਨ ਤੇ ਧਨ ਕਰਕੇ ਪੂਰਾ ਸਾਥ ਦਿਤਾ ਪਰ ਏਨਾਂ ਨਾ ਸ਼ੁਕਰਿਆਂ ਨੇ ਗੁਰੂ ਜੀ ਦੇ ਛੋਟੇ ਸਾਹਿਬਜਾਦੇ ਮਹਾਰਾਜ ਬੀਰ ਸਿੰਘ ਜੀ ਨੂੰ ਝੂਠੀਆਂ ਸ਼ਹਾਦਤਾਂ ਦੇਕੇ ਜੇਲ ਭਿਜਵਾ ਦਿਤਾ। ਅੰਤ ਸਮੇਂ ਗੁਰੂ ਜੀ ਨੂੰ ਬੇਹਦ ਪ੍ਰੇਸ਼ਾਨ ਕੀਤਾ ਜੋ ਅੰਗ੍ਰੇਜੀ ਰਾਜ ਨੂੰ ਵੀ ਸ਼ਰਮਸਾਰ ਕਰਦਾ ਸੀ।

ਏਸ ਮਹਾਨ ਇਨਕਲਾਬੀ ਲਹਿਰ ਦੇ ਆਗੂ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੂੰ ਸਾਰੇ ਕਾਨੂੰਨ ਛਿਕੇ ਉਤੇ ਟੰਗਕੇ ਆਪਣੀ ਜਾਤੀ ਦੁਸ਼ਮਣੀ ਦਾ ਸ਼ਿਕਾਰ ਬਣੌਣਾ ਕਿਥੋਂ ਤਕ ਕਾਂਗ੍ਰਸੀ ਲੀਡਰਾਂ ਨੂੰ ਜਾਇਜ ਹੈ ? ਏਹ ਪਾਠਕ ਖੁਦ ਹੀ ਵਿਚਾਰ ਕਰ ਲੈਣ। ਕੀ ! ਕਾਨੂੰਨ ਆਪਣੇ ਹੱਥ ਵਿਚ ਲੈਕੇ ਮਨ ਮੰਨੀਆਂ ਕਰਨਾਂ ਤੇ ਸਚਿਆਂ ਨੂੰ ਝੂਠੇ ਅਤੇ ਝੂਠਿਆਂ ਨੂੰ ਸਚੇ ਬਣੌਣਾਂ ਹੀ ਸਾਡਾ ਲੋਕਤੰਤ੍ਰ ਹੈ ?

ਜਦੋਂ ਭਾਰਤ ਨੂੰ ਅਜਾਦੀ ਮਿਲੀ ਓਦੋਂ ਮੰਨੇ ਪ੍ਰਮੰਨੇ ਅੰਗ੍ਰੇਜ਼ ਰਾਜ ਨੀਤਿਗਜ ਮਿਸਟਰ ਚਰਚਲ ਨੇ ਕਿਹਾ ਸੀ ਤੁਸੀਂ ਭਾਰਤੀਆਂ ਨੂੰ ਭੁਖੇ ਬਘਿਆੜਾਂ ਅਗੇ ਸੁਟ ਦਿਤਾ ਹੈ।

ਸ੍ਰ ਪ੍ਰਤਾਪ ਸਿੰਘ ਕੈਰੋਂ (ਮੁਖ ਮੰਤ੍ਰੀ ਪੰਜਾਬ)

ਗਲ ੧੯੬੦ ਈ: ਦੀ ਹੈ। ਮੁਸਾਫਰ ਜੀ, ਦਰਸ਼ਨ ਸਿੰਘ ਫੇਰੂਮਾਨ, ਜਥੇਦਾਰ ਊਧਮ ਸਿੰਘ ਨਾਗੋਕੇ ਤੇ ਪ੍ਰੇਮ ਸਿੰਘ ਪ੍ਰੇਮ, ਸ੍ਰ. ਗੁਰਦਿਆਲ ਸਿੰਘ ਢਿਲੋਂ ਦੀ ਕੋਠੀ ਠਹਿਰੇ ਹੋਏ ਸਨ। ਗਲ ਸ੍ਰ. ਪ੍ਰਤਾਪ ਸਿੰਘ ਕੈਰੋਂ ਦੀ ਚਲੀ ਤਾਂ ਸ੍ਰ. ਢਿਲੋਂ ਨੇ ਕਿਹਾ ਓਹ ਸਭ ਹਦਾਂ ਲੰਘ ਚੁਕਾ ਹੈ। ਓਸਨੂੰ ਸਮਝੌਣ ਦਾ ਕੋਈ ਫਾਇਦਾ ਨਹੀਂ। ਫੇਰੂਮਾਨ ਨੇ ਕਿਹਾ ਇਕ ਵਾਰ ਫੇਰ ਸਮਝਾਕੇ ਵੇਖਦੇ ਹਾਂ ਸ਼ਾਇਦ ਠੀਕ ਹੋ ਜਾਵੇ। ਫੇਰੂਮਾਨ ਤੇ ਜਥੇਦਾਰ ਊਧਮ ਸਿੰਘ ਕੈਰੋਂ ਦੀ ਕੋਠੀ ਗਏ। ਦਰਸ਼ਨ ਸਿੰਘ ਨੇ ਕੈਰੋਂ ਨੂੰ ਕਿਹਾ ਊਧਮ ਸਿੰਘ ਨੂੰ ਤਾਂ ਮੈਂ ਉਗਾਹੀ ਦੇ ਤੌਰ ਤੇ ਲਿਆਂਦਾ ਹੈ, ਗੁਸੇ ਹੋਣਾ ਹੈ ਤਾਂ ਮੇਰੇ ਨਾਲ ਹੋਵੀਂ ਏਸਨੂੰ ਕੁਝ ਨਾਂ ਕਹੀਂ।

ਏਹ ਦਸ ਕਿ ਇਹ ਚੀਫ ਮਨਿਸਟਰੀ ਤੇਰੇ ਪਿਉ ਨੇ ਤੈਨੂੰ ਦਿਤੀ ਹੈ?

ਪ੍ਰਤਾਪ ਸਿੰਘ ਨੇ ਕਿਹਾ- ਨਹੀਂ ਵੀਰ ਜੀ! ਤੁਹਾਡੀ ਦਿਤੀ ਹੋਈ ਹੈ।

ਫੇਰੂਮਾਨ ਨੇ ਕਿਹਾ- ਏਹ ਤੂੰ ਸਚੇ ਦਿਲੋਂ ਕਹਿ ਰਿਹਾ ਹੈਂ? ਮੈਂ ਤੈਨੂੰ ਅਗੇ ਵੀ ਸਮਝਾਇਆ ਸੀ ਤੇ ਹੁਣ ਫੇਰ ਆਖਦਾ ਹਾਂ ਤੂੰ ਜਿਸ ਤਰਾਂ ਟਬਰ ਤੇ ਮੁੰਡਿਆਂ ਦੇ ਹਥੀਂ ਖੇਡ ਰਿਹਾ ਹੈਂ, ਜਮੀਨ ਤੇਰੇ ਪੈਰਾਂ ਹੇਠੋਂ ਨਿਕਲ ਰਹੀ ਹੈ।

ਪ੍ਰਤਾਪ ਸਿੰਘ ਨੇ ਕਿਹਾ- ਨਹੀਂ ਵੀਰ! ਮੇਰੇ ਮੁੰਡੇ ਕੋਈ ਮਾੜਾ ਕੰਮ ਨਹੀਂ ਕਰਦੇ। ਐਵੇਂ ਦੁਸ਼ਮਣ ਓਨਾਂ ਦਾ ਨਾਮ ਲੈਕੇ ਮੈਨੂੰ ਬਦ-

ਨਾਮ ਕਰਦੇ ਨੇ।

ਦਰਸ਼ਨ ਸਿੰਘ ਦੇ ਮਨ ਤੇ ਏਸਦਾ ਏਨਾਂ ਉਲਟਾ ਅਸਰ ਹੋਇਆ ਕਿ ਓਸਨੇ ਕਾਂਗ੍ਰਸ ਹੀ ਛਡ ਦਿਤੀ।

ਸਹੀ ਗਲ ਏਹ ਹੈ ਕਿ ਪ੍ਰਤਾਪ ਸਿੰਘ ਜਦੋਂ ਅਮ੍ਰੀਕਾ ਤੋਂ ਰਾਜ-ਨੀਤੀ (ਤੇ ਦੁਰਨੀਤੀ) ਦੀ ਐਮ. ਏ. ਕਰਕੇ ਆਇਆ ਓਦੋਂ ਏਹ ਮੋਨਾਂ ਸੀ ਤੇ ਦਿਲੀ ਏਸਨੇ ਹੋਟਲ ਖੋਲ ਰਖਿਆ ਸੀ। ਦਰਸ਼ਨ ਸਿੰਘ ਫੇਰੂਮਾਨ ਹੀ ਏਹ ਕਹਿਕੇ ਏਸਨੂੰ ਪੰਜਾਬ ਦੀ ਰਾਜਨੀਤੀ ਵਿਚ ਲਿਆ-ਇਆ ਸੀ ਕਿ ਤੈਨੂੰ ਤਾਂ ਅਸੀਂ ਪੰਜਾਬ ਦਾ ਚੀਫ ਮਨਿਸ਼ਟਰ ਬਣੌਣਾ ਹੈ। ਏਸ ਵਾਸਤੇ ਤੇਰਾ ਕੰਮ ਹੋਟਲ ਨਹੀਂ ਸਗੋਂ ਰਾਜਨੀਤੀ ਹੈ।

ਓਸ ਵਕਤ ਜਸਟਿਸ ਫਾਲਸਾ ਪੰਜਾਬ ਹਾਈ ਕੋਰਟ ਦਾ ਸਭ ਤੋਂ ਈਮਾਨਦਾਰ ਚੀਫ ਜਸਟਿਸ ਸੀ। ਉਸਨੂੰ ਸ੍ਰ. ਪ੍ਰਤਾਪ ਸਿੰਘ ਨੇ ਕਿਹਾ- ਏਨਾਂ ਆਦਮੀਆਂ ਨੂੰ ਸੁਕੇ ਨਹੀਂ ਛਡਣਾ। ਅਪੀਲ ਤੇਰੇ ਕੋਲ ਹੈ, ਹੇਠੋਂ ਸਜਾ ਮੈਂ ਦੁਆ ਦਿਤੀ ਹੈ।

ਜਸਟਿਸ ਫਾਲਸਾ ਨੇ ਕਿਹਾ- ਮੈਂ ਈਮਾਨਦਾਰੀ ਨਾਲ ਜੋ ਠੀਕ ਹੋਇਆ ਓਹ ਹੀ ਕਰਾਂਗਾ।

ਕੈਰੋਂ ਸਾਹਿਬ ਨੂੰ ਚੜ ਵਟ ਗਿਆ। ਓਸਨੇ ਆਪਣੇ ਸਾਰੇ ਸਾਥੀਆਂ ਨੂੰ ਪ੍ਰੇਰਕੇ, ਸਾਰੇ ਪੰਜਾਬ ਵਿਚੋਂ ਕੋਈ ਦੋ ਸੌ ਦਰਖਾਸਤ ਫਾਲਸਾ ਦੇ ਖਿਲਾਫ ਇਕਠੀ ਕਰ ਲਈ। ਜਿਸ ਵਿਚ ਕਿਸੇ ਨੇ ਰਿਸ਼ਵਤ, ਕਿਸੇ ਨੇ ਸਿਫਾਰਸ਼ ਤੇ ਕਿਸੇ ਨੇ ਕੁਝ ਹੋਰ ਇਲਜਾਮ ਓਸ ਤੇ ਲਾਏ ਹੋਏ ਸਨ। ਕੈਰੋਂ ਸਾਹਿਬ ਨੇ ਜਸਟਿਸ ਫਾਲਸਾ ਨੂੰ ਸਦਕੇ ਬੜੇ ਭੋਲੇ ਭਾਲੇ ਅੰਦਾਜ ਵਿਚ ਕਿਹਾ—

ਆਹ ਕੁਝ ਦਰਖਾਸਤਾਂ ਆਪਦੇ ਖਿਲਾਫ ਆਈਆਂ ਹਨ। ਏਨਾਂ ਦਾ ਮੈਂ ਕੀ ਕਰਾਂ।

ਜਸਟਿਸ ਦਾ ਮੂੰਹ ਉਡ ਗਿਆ ਤੇ ਓਸ ਕਿਹਾ- ਜਿਸਤਰਾਂ ਤੁਸੀਂ ਕਹੋ ਮੈਂ ਕਰਨ ਨੂੰ ਤਿਆਰ ਹਾਂ।

ਏਸਤਰਾਂ ਸਾਰੀ ਜੁਡੀਸ਼ਰੀ ਦਾ ਹੀ ਪੰਜਾਬ ਵਿਚ ਧੰਧਾ ਭੁਗਤਾ ਦਿਤਾ ਗਿਆ। ਏਹ ਹੈ ਭਾਰਤ ਦਾ ਇਨਸਾਫ; ਜਿਸਨੂੰ ਸਾਰੀ ਕਾਂਗ੍ਰਸ ਪਾਰਟੀ ਨੇ ਰਲਕੇ ਸੁਆਹ ਕਰ ਦਿਤਾ। ਅਜੇ ਕਲ ਦਾ ਹੀ ਤਾਂ ਜਿਕਰ ਹੈ ਜਦੋਂ ਦਫਾ ੫੯ ਨੂੰ ਬਦਲਨ ਦਾ ਜਤਨ ਕੀਤਾ ਗਿਆ। ਭਲਾ ਹੋਵੇ ਪ੍ਰੈਸ ਦਾ ਜਿਸਨੇ ਉਸਨੂੰ ਜੰਮਦੇ ਨੂੰ ਹੀ ਦਫਨਾ ਦਿਤਾ।

ਜਦੋਂ ਨਾਮਧਾਰੀ ਸਾਰੇ ਕਸ਼ਟ ਭੋਗਕੇ, ਪਿਘਲੇ ਸੋਨੇ ਦੀ ਤਰਾਂ ਕੁੰਦਨ ਹੋਕੇ ਅਗਨੀ ਪਰੀਖਿਆ ਵਿਚੋਂ ਸਾਫ ਬਚ ਨਿਕਲੇ ਓਦੋਂ ਕੈਰੋਂ ਸਾਹਿਬ ਨੂੰ ਆਪਣੀ ਗਲਤੀ ਦਾ ਵੀ ਅਹਿਸਾਸ ਹੋਇਆ ਤੇ ਫੇਰ ਆਪ ਆਕੇ ਸਤਿਗੁਰੂ ਜਗਜੀਤ ਸਿੰਘ ਜੀ ਨਾਲ ਸੁਲਾਹ ਕੀਤੀ। ਪਰ ਗਿਆ ਵਕਤ ਹਥ ਨਹੀਂ ਔਂਦਾ।

ਦੁਰਾਚਾਰ ਤੇ ਅਧਾਰਤ ਦੋਸਤੀ ਬਹੁਤਾ ਚਿਰ ਨਹੀਂ ਨਿਭ ਸਕਦੀ। ਅੰਤ ਚੌਧਰੀ ਦੇਵੀ ਲਾਲ ਤੇ ਕੈਰੋਂ ਦਰਮਿਆਨ ਏਨਾ ਪਾੜਾ ਪੈ ਗਿਆ ਕਿ ਜਦੋਂ ਵੀ ਕਿਸੇ ਜਲਸੇ ਵਿਚ ਸ੍ਰ. ਪ੍ਰਤਾਪ ਸਿੰਘ ਲੈਕਚਰ ਦਿਆ ਕਰੇ, ਓਥੇ ਏਹ ਵੀ ਨਾਲ ਹੀ ਕਹਿ ਦਿਆ ਕਰੇ ਦੇਵੀ ਲਾਲ ਤੋਂ ਬਚੋ ਸਪ ਹੈ ਕਾਲਾ ਨਾਗ। ਜੋ ਵੀ ਸਪ ਨੂੰ ਦੁਧ ਪਿਔਂਦਾ ਹੈ ਓਸੇ ਨੂੰ ਡਸਦਾ ਹੈ। ਅਤੇ ਏਸੇ ਚੌਧਰੀ ਦੇਵੀ ਲਾਲ ਨੇ ਥਾਂ ਥਾਂ ਜਲਸੇ ਕਰਕੇ ਕੈਰੋਂ ਨੂੰ ਏਨਾਂ ਭੰਡਿਆ ਕਿ ਓਸਨੂੰ ਗਦੀ ਤੋਂ ਹੱਥ ਧੋਣੇ ਪੈ ਗਏ।

ਏਸ ਪੁਸਤਕ ਬਾਰੇ—

ਏਹ ਸਾਰੀ ਪੁਸਤਕ ਮਹਾਰਾਜ ਬੀਰ ਸਿੰਘ ਜੀ ਨੇ ਸਰਕਾਰੀ ਭ੍ਰਿਸਟਾਚਾਰ ਉਤੇ ਹਡ ਬੀਤੀ ਕਥਾ ਬਿਆਨ ਕੀਤੀ ਹੈ। ਤਾਰੀਖਾਂ ਪਾ ਪਾਕੇ ਸਚ ਝੂਠ ਦਾ ਨਖੇੜਾ ਕੀਤਾ ਹੈ। ਰਾਜਨੀਤਕ ਬੇ-ਈਮਾਨੀ ਕਿਸ ਹਦ ਤਕ ਜਾ ਸਕਦੀ ਹੈ, ਏਸ ਦਾ ਖੁਲਾ ਪ੍ਰਮਾਣ ਏਸ ਪੁਸਤਕ ਵਿਚੋਂ ਮਿਲਦਾ ਹੈ। ਦੁੱਧ ਵਿਚ ਕਾਂਜੀ ਘੋਲਣ ਵਾਸਤੇ ਕਿਸ ਤਰ੍ਹਾਂ, ਅਫਸਰਾਂ ਨੂੰ ਭ੍ਰਿਸ਼ਟ ਕੀਤਾ ਗਿਆ ਹੈ। ਏਸ ਵਿਚੋਂ ਸਾਫ ਦਿਸ ਪਵੇਗਾ। ਏਹ

ਕੋਈ ਨਾਵਲ ਨਹੀਂ ਜੋ ਕਿਸੇ ਕਲਪਨਾ ਦੇ ਅਧਾਰ ਉਤੇ ਲਿਖਿਆ ਗਿਆ ਹੈ। ਏਹ ਹਡ ਬੀਤੀ ਦਾਸਤਾਨ ਹੈ।

ਏਸ ਪੁਸਤਕ ਦੇ ਪੜਨ ਤੋਂ ਪਾਠਕਾਂ ਨੂੰ ਏਹ ਪਤਾ ਲਗਦਾ ਰਹੇਗਾ ਕਿ ਜਦੋਂ ਕਿਸੇ ਪਾਰਟੀ ਨੇ ਸਤਾ ਹਾਸਲ ਕਰਨੀ ਹੁੰਦੀ ਹੈ ਓਸ ਵੇਲੇ ਆਮ ਤੇ ਖਾਸ ਲੋਕਾਂ ਨਾਲ ਏਸਦਾ ਵਰਤਾਉ ਕਿਸਤਰਾਂ ਦਾ ਹੁੰਦਾ ਹੈ ਤੇ ਸ਼ਕਤੀ ਹਥ ਔਣ ਉਤੇ ਏਹ ਕਿਸਤਰਾਂ ਅਖਾਂ ਫੇਰ ਜਾਂਦੇ ਹਨ!

ਮਹਾਰਾਜ ਬੀਰ ਸਿੰਘ ਜੀ ਬਾਬਤ

ਅਜ ਤੋਂ ੩੦-੩੫ ਸਾਲ ਪਹਿਲਾਂ ਦੀ ਗਲ ਹੈ। ਓਦੋਂ ਮੈਂ ਮਾਸਕ ਪਤ੍ਰ "ਸਤਿਜੁਗ" ਦਾ ਪ੍ਰਧਾਨ ਸੰਪਾਦਕ ਸਾਂ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਮਹਾਰਾਜ ਨੇ ਮੈਨੂੰ ਕਿਹਾ ਸੀ'ਤੂੰ ਕਾਕੇ ਨੂੰ ਵੀ ਲਿਖਣਾ ਸਿਖਾ' ਮੈਂ ਗੁਰੂ ਜੀ ਕੋਲ ਅਰਜ ਕੀਤੀ ਸੀ ਕਿ ਏਸ ਵਿਚ ਸਚੇ ਪਾਤਸ਼ਾਹ ਜੀ! ਸਿਖਣ ਸਿਖੌਣ ਵਾਲੀ ਕੋਈ ਗਲ ਨਹੀਂ। ਏਥੇ ਤਾਂ ਬੇਹਦ ਮੁਤਾਲਿਆ ਤੇ ਮੇਹਨਤ ਦੀ ਲੋੜ ਹੈ। ਬਾਕੀ ਸਭ ਆਪਣੇ ਆਪ ਹੁੰਦਾ ਚਲਾ ਜਾਂਦਾ ਹੈ।

ਏਸ ਪੁਸਤਕ ਨੂੰ ਪੜਕੇ ਹੀ ਮੈਨੂੰ ਪਿਛੇ ਲਿਖੀ ਘਟਨਾ ਯਾਦ ਆ ਗਈ ਤੇ ਮੈਂ ਸਮਝਦਾ ਹਾਂ ਕਿ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਮਹਾ-ਰਾਜ ਦਾ ਓਹ ਸੰਕਲਪ ਅਜ ਪੂਰੀਤਰਾਂ ਪੂਰਾ ਕਰ ਦਿਤਾ ਹੈ ਮਹਾਰਾਜ ਬੀਰ ਸਿੰਘ ਜੀ ਨੇ।

ਏਹ ਪੁਸਤਕ ਨਿਰੋਲ ਰਾਜਨੀਤੀ ਉਤੇ ਅਧਾਰਤ ਹੈ। ਅਤੇ ਏਸਦੇ ਦੁਖ ਸੁਖ ਸ੍ਰੀ ਮਹਾਰਾਜ ਜੀ ਦੇ ਅਪਣੇ ਹੰਢਾਏ ਹੋਏ ਹਨ। ਏਸ ਪੁਸ-ਤਕ ਨੂੰ ਜੋ ਵੀ ਕੋਈ ਪੜੇਗਾ, ਜਰੂਰ ਮੁਤਾਸਰ ਹੋਵੇਗਾ, ਤੇ ਏਸ ਵਿਚ ਲਿਖੇ ਸੱਚ ਨੂੰ ਕਬੂਲੇਗਾ।

ਓਹਨਾਂ ਦੇ ਨਾਮ ਥਾਮ ਤੇ ਵਾਕਿਆਤ ਦੀਆਂ ਤਾਰੀਖਾਂ ਨੂੰ ਕੋਈ ਵੀ ਝੁਠਲਾ ਨਹੀਂ ਸਕੇਗਾ। ਜੋ ਏਸ ਪੁਸਤਕ ਵਿਚ ਬਾਤਰਤੀਬ ਦਰਜ

ਹਨ। ਏਸਤੋਂ ਸਿਆਣੇ ਆਦਮੀ ਪੰਜਾਬ ਦੇ ਰਾਜਨੀਤਕ ਇਤਿਹਾਸ ਤੋਂ ਵੀ ਵਾਕਫ ਹੋ ਜਾਣਗੇ ਕਿ ਕਿਸਤਰਾਂ ਸਾਡੇ ਪ੍ਰਜਾ ਤੰਤ੍ਰ ਦੀ ਬੁਨਿਆਦ ਵਿਚ ਹੀ ਪਾਥੀਆਂ ਰਖਕੇ ਕਮਜ਼ੋਰ ਕਰ ਦਿਤਾ ਗਿਆ ਸੀ। ਅਜ ਓਸੇ ਮੰਦੀ ਰਾਜਨੀਤੀ ਦੇ ਭ੍ਰਿਸ਼ਟਾਚਾਰ ਨੂੰ ਹੀ ਅਸੀਂ ਹੰਢਾ ਰਹੇ ਹਾਂ।

ਏਸ ਪੁਸਤਕ ਵਿਚ ਮਹਾਰਾਜ ਜੀ ਨੇ ਕੇਵਲ ਇਕ ਅੰਗ ਦੀ ਹੀ ਪੂਰਤੀ ਕੀਤੀ ਹੈ ਪਰ "ਦੂਸਰਾ ਅੰਗ" ਜੋ ਅਤੀ ਮਹਤ੍ਵ ਪੂਰਨ ਹੈ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਨਾਮਧਾਰੀ ਸਮਾਜ ਤੇ ਪੰਜਾਬ ਨੂੰ ਦਿਤੀ ਦੇਣ। ਆਪਣੀ ਜ਼ਿੰਦਗੀ ਵਿਚ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਜੋ ਵੀ ਕੰਮ ਕੀਤੇ ਓਸਨੂੰ ਇਕ ਦੋ ਤਿੰਨ ਦਾ ਦਰਜਾ ਦੇਣਾ ਬਹੁਤ ਮੁਸ਼-ਕਲ ਕੰਮ ਹੈ। ਗਊ ਭਗਤੀ ਦਾ ਨਾਅਰਾ, ਬਾਕੀ ਲੋਕਾਂ ਵਿਚ ਕੇਵਲ ਨਾਹਰਾ ਹੀਬਣਕੇ ਰਹਿ ਗਿਆ ਹੈ। ਪਰ ਸਤਿਗੁਰੂ ਜੀ ਨੇ ਏਸਨੂੰ ਪ੍ਰਵਿਰਤੀ ਕਰਮ ਕਰਕੇ ਸਾਡੇ ਸਾਮਣੇ ਇਕ ਆਦਰਸ਼ ਪੇਸ਼ ਕੀਤਾ ਹੈ, ਗਾਈਆਂ ਦੀ ਨਸਲ ਵਿਚ ਸੁਧਾਰ ਕਰਕੇ। ਭਾਰਤ ਨੂੰ ਗੁਰੂ ਜੀ ਦੀ ਏਹ ਬਹੁਤ ਵਡੀ ਦੇਣ ਹੈ ਜਿਸਦਾ ਸਰਕਾਰ ਨੇ ਕੋਈ ਵੀ ਮੁਲ ਨਹੀਂ ਪਾਇਆ। ਸਾਰੇ ਹਿੰਦੁਸਤਾਨ ਵਿਚ ਨਾਮਧਾਰੀ ਗਊ ਫਾਰਮ ਸਭ ਤੋਂ ਉਤਮ ਹੈ। ਖਾਲਸ ਦੇਸੀ ਗਊ ਦਾ ਦੇਸੀ ਸਾਨ੍ਹ ਰਾਹੀਂ ਸੁਧਾਰ ਇਕ ਕਰਾਮਾਤੀ ਘਟਨਾਂ ਹੈ। ਪਰ ਅਸੀਂ ਤਾਂ ਸਭ ਕੁਝ ਬਣਿਆ ਬਣਾਇਆ ਹਾਸਲ ਕਰਨ ਦੇ ਆਦੀ ਹੋ ਗਏ ਹਾਂ। ਵਲੈਤੀ ਗਾਈਆਂ ਲੈ ਤਾਂ ਆਂਦੀਆਂ ਹਨ ਪਰ ਓਹਨਾਂ ਨੂੰ ਪੌਣ ਪਾਣੀ ਮਾਫਕ ਨਹੀਂ ਆ ਰਿਹਾ। ਦੇਸੀ ਗਾਈਆਂ ਦੀਆਂ ਵਛੀਆਂ ਬੇਕਾਰ ਸਨ ਤੇ ਵਲੈਤੀ ਗਾਈਆਂ ਦੇ ਵਛੇ। ਫੇਰ ਸੁਧਾਰ ਕਿਹੜਾ ਹੋਇਆ। ਅਜ ਵੀ ਲੋਕਾਂ ਨੂੰ ਦੇਸੀ ਬੈਲ ਹੀ ਪਸੰਦ ਹਨ। ਪਰ ਸਤਿਗੁਰੂ ਪ੍ਰਤਾਪ ਸਿੰਘ ਜੀਨੇ ਵਛੀ ਤੇ ਵਛੇ ਦੋਹਾਂ ਨੂੰ ਬੇਸ਼ਕੀਮਤ ਬਣਾ ਦਿਤਾ।

ਗੁਰੂ ਨਾਨਕ ਸਰਬ ਸੰਪ੍ਰਦਾ ਕਾਨਫਰੰਸ ਹਿੰਦੂ ਸਿਖ ਮਿਲਾਪ

ਕਾਨਫ੍ਰੰਸ, ਗੁਰਮਤ ਸੰਗੀਤ ਸਮੇਲਨ, ਪਤਾ ਨਹੀਂ ਏਹੋ ਜੇਹੇ ਕਿਤਨੇ ਉਪਰਾਲੇ ਭਾਰਤ ਨੂੰ ਜੋੜਨ ਦੇ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਕੀਤੇ। ਜਿਨਾਂ ਦਾ ਸੰਖੇਪ ਵਰਨਨ ਕਰਨਾ ਹੀ ਪੂਰੀ ਪੁਸਤਕ ਰਚਨਾਂ ਕਰਨ ਦੇ ਬਰਾਬਰ ਹੈ।

ਅੰਤ ਵਿਚ ਮੈਂ ਮਹਾਰਾਜ ਬੀਰ ਸਿੰਘ ਜੀ ਨੂੰ ਏਸ ਪੁਸਤਕ ਦੇ ਲਿਖਣ ਤੇ ਬਹੁਤ ਬਹੁਤ ਵਧਾਈ ਦਿੰਦਾ ਹਾਂ। ਅਤੇ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸਮਾਜ ਸੁਧਾਰਕ ਪ੍ਰੋਗ੍ਰਾਮ ਤੇ ਪੁਸਤਕ ਲਿਖਣ ਜਾਂ ਲਿਖੋਣ ਦੀ ਬੇਨਤੀ ਕਰਦਾ ਹਾਂ।

ਰਾਜਿੰਦਰ ਸਿੰਘ ਗੁਰੂਸਰ
੧੪-੧੦-੮੮

ਭੂਮਿਕਾ

ਓਹ ਵਡ ਪ੍ਰਤਾਪੀ ਸਤਿਗੁਰੂ ਜੀ, ਜਿਨਾਂ ਦਾ ਤ੍ਰਿਕਾਲ਼ਗਯ ਗੁਣ ਲਖਾਂ ਲੋਕਾਂ ਸਾਮਣੇ ਸਾਕਾਰ ਹੋਇਆ ਜਿਨਾਂ ਦੇ ਆਸਰੇ ਅਨੇਕਾਂ ਪ੍ਰਾਣੀਆਂ ਦੇ ਪ੍ਰਾਣ ਬਚੇ ਸੰਪਤੀਆਂ ਨਸ਼ਟ ਨਹੀਂ ਹੋਈਆਂ, ਓਨਾਂ ਦੀ ਪ੍ਰੇਰਨਾ ਨਾਲ ਪਛਮੀ ਪੰਜਾਬ ਵਿਚੋਂ ਨਾਮਧਾਰੀ ਸਿੰਘ ਸਰਸਾ ਤਸੀਲ ਅਤੇ ਮੰਡੀ (ਹਿਮਾਚਲ) ਵਿਚ ਆਕੇ ਆਬਾਦ ਹੋਏ, ਓਹ ਸਤਿਗੁਰੂ ਜੀ ਇਸ ਪੁਸਤਕ ਦੇ ਸਰਬ ਸ੍ਰੇਸਟ ਨਾਇਕ ਹਨ।

ਸੰਮਤ ੨੦੦੪ (੧੯੪੭ ਈ:) ਵਿਚ ਦੇਸ਼ ਵੰਡਾਰਾ ਹੁੰਦੇ ਹੀ, ਕਾਂਗ੍ਰਸ ਦੇ ਜਿਨਾਂ ਆਗੂਆਂ ਹਥੀਂ ਭਾਰਤ ਦੀ ਰਾਜ ਸਤਾ ਆਈ, ਓਨਾਂ ਦੇ ਦਿਮਾਗ ਹੋਰ ਦੇ ਹੋਰ ਹੋ ਗਏ। ਇਹ ਠੀਕ ਹੈ ਕਿ ਅੰਗ੍ਰੇਜ਼ੀ ਰਾਜ ਵੇਲੇ ਜੋ ਅਫਸਰ ਸਨ, ਓਨਾਂ ਦਾ ਦਫਤਰਾਂ ਵਿਚ ਰਖਣਾ ਕੰਮ ਕਾਜ ਲਈ ਜਰੂਰੀ ਸੀ। ਪਰ ਵਿਰੋਧੀ ਰਾਜਸੀ ਪਾਰਟੀ ਦੇ ਮੰਤ੍ਰੀਆਂ ਨੂੰ ਜਾਂ ਪ੍ਰਸਿਧ ਅੰਗ੍ਰੇਜ ਭਗਤ ਪਰਿਵਾਰਾਂ ਦੇ ਵਿਸ਼ੇਸ਼ ਵਿਕਤੀਆਂ ਨੂੰ ਮੰਤ੍ਰੀ ਮੰਡਲ ਵਿਚ ਸ਼ਾਮਲ ਕਰਨਾ, ਆਪਣੇ ਓਨਾਂ ਸਾਥੀਆਂ ਨਾਲ, ਜਿਨਾਂ ਨੇ ਅੰਗ੍ਰੇਜ਼ੀ ਰਾਜ ਵੇਲੇ ਅਨੇਕ ਕਸ਼ਟ ਸਹਾਰਦੇ ਹੋਇਆਂ ਦੇਸ਼ ਭਗਤੀ ਭਾਵਨਾ ਪ੍ਰਬਲ ਬਣਾਈ ਰਖੀ, ਕਾਂਗ੍ਰਸ ਪਾਰਟੀ ਨੂੰ ਭਰਵਾਂ ਸਹਿਯੋਗ ਦਿਤਾ, ਦਗਾ ਕਰਨ ਵਾਲੀ ਗਲ ਸੀ। ਐਸੇ ਵਜਕਤੀਆਂ ਨੂੰ ਨਾ ਭੀ ਲਿਆ ਜਾਂਦਾ, ਓਨਾਂ ਨੂੰ ਭੀ ਨਾ ਸ਼ਾਮਲ ਕੀਤਾ ਜਾਂਦਾ ਜਿਹੜੇ ਕੁਛ ਹੀ ਦਿਨ ਪਹਿਲਾਂ ਕਾਂਗ੍ਰਸ ਪਾਰਟੀ ਅਤੇ ਦੇਸ਼ ਭਗਤਾਂ ਦੀ ਨਿੰਦਾ ਸਟੇਜ ਤੇ ਖਲੋ ਖਲੋਕੇ ਕਰਦੇ ਸਨ, ਤਦ ਭੀ ਸਰ ਸਕਦਾ ਸੀ। ਜੇ ਐਸੇ ਵਜਕਤੀਆਂ ਦੇ ਲਏ ਬਿਨਾ ਕੰਮ ਨਹੀਂ ਸੀ ਚਲਦਾ ਤਦ ਪਾਰਟੀ ਨੇਤਾਵਾਂ ਦਾ ਏਹ ਫਰਜ ਬਣਦਾ ਸੀ ਕਿ ਜਿਨਾਂ ਨੇ ਦੇਸ਼ ਪ੍ਰੇਮ ਦੀ ਭਾਵਨਾ ਰਖਦੇ ਹੋਏ ਦੁਖ ਸਹਿਨ ਕੀਤੇ ਹਨ ਓਨਾਂ ਨੂੰ ਆਪਣੇ ਸਹਯੋਗ

ਵਿਚ ਲੈਕੇ ਫਿਰ ਵਿਰੋਧੀ ਪਾਰਟੀ ਦੇ ਕਿਸੇ ਵਜਕਤੀ ਨੂੰ ਮੰਤ੍ਰੀਆਂ ਵਿਚ ਸ਼ਾਮਲ ਕਰਦੇ। ਪਰ ਰਾਜ ਸਤਾ ਮਿਲਦੇ ਹੀ ਅਖਾਂ ਹੋਰ, ਮਨ ਹੋਰ, ਕਰਤਬ ਹੋਰ ਦੇ ਹੋਰ ਹੀ ਹੋ ਗਏ।

ਅਸੀਂ ਨਾਮਧਾਰੀ ਮੰਤ੍ਰੀ ਮੰਡਲ ਵਿਚ ਸ਼ਾਮਲ ਹੋਣ ਦੀ ਮੰਗ ਨਹੀਂ ਸਾਂ ਕਰਦੇ ਪਰ ਜੋ ਇਜਤ ਸਨਮਾਨ ਨਾਲ ਜੀਉਣ ਦਾ ਅਧਿਕਾਰ ਹਰ ਦੇਸ਼ ਵਾਸੀ ਦਾ ਬਣਦਾ ਹੈ, ਓਸ ਤੋਂ ਵੰਚਿਤ ਭੀ ਨਹੀਂ ਸਾਂ ਹੋਣਾ ਚਾਹੁੰਦੇ। ਕਾਂਗ੍ਰਸੀ ਰਾਜ ਸਤਾ ਧਾਰੀਆਂ ਨੇ ਆਪਣੇ ਸ੍ਵਾਰਥ ਦੀ ਪੂਰਤੀ ਲਈ ਸਾਡੇ ਸਤਿਗੁਰੂ ਜੀ ਅਤੇ ਨਾਮਧਾਰੀ ਸਿੰਘਾਂ ਨੂੰ ਅਪ-ਮਾਨਿਤ ਕਰਕੇ ਅਨਜਾਇ ਪੂਰਨ ਕ੍ਰਤਬ ਕੀਤਾ। ਜੋ ਇਸ ਪੁਸਤਕ ਦੇ ਲਿਖਣ ਦਾ ਕਾਰਨ ਬਣਿਆ ਹੈ।

ਵਿਰੋਧੀ ਦੇ ਵਿਰੋਧ ਕਰਨ ਤੋਂ ਦੁਖ ਨਹੀਂ ਹੁੰਦਾ, ਜੋ ਦੁਖ ਉਸਦੇ ਵਿਰੋਧ ਤੋਂ ਹੁੰਦਾ ਹੈ ਜਿਸਨੂੰ ਹਥੀਂ ਪਾਲਿਆ ਹੋਵੇ। ਜਿਨਾਂ ਬਾਰੇ ਸੋਚਿਆ ਨਾ ਹੋਵੇ ਕਿ ਏਹ ਵਿਰੋਧ ਕਰਨਗੇ, ਜਦ ਓਹ ਵਿਰੋਧ ਕਰਨ ਅਤੇ ਕਰਨ ਭੀ ਅਤਿ ਦਾ, ਤਦ ਦੁਖ ਭੀ ਅਤਿ ਦਾ ਹੁੰਦਾ ਹੈ।

ਸਰਸਾ ਤਸੀਲ ਵਿਚ ਨਾਮਧਾਰੀ ਸਿੰਘਾਂ ਦਾ ਔਣਾ, ਇਕਠੇ ਆਬਾਦ ਹੋਣਾ, ਏਥੋਂ ਦੇ ਸਾਧਾਰਨ ਲੋਕਾਂ ਨੂੰ ਬਹੁਤ ਪਸੰਦ ਆਇਆ ਪਰ ਕਾਂਗ੍ਰਸ ਪਾਰਟੀ ਦੇ ਸ੍ਵਾਰਥੀ ਆਗੂਆਂ ਨੂੰ ਬਹੁਤ ਉਪਰਾਮਤਾ ਹੋਈ।

ਕੋਈ ਕਾਰਨ ਲਭਕੇ ਕਿਸੇ ਨੂੰ ਮਗਰ ਲਾ ਲੈਣਾ ਰਾਜਨੀਤੀ ਦੀ ਇਕ ਕਲਾ ਹੈ। ਇਸ ਕਲਾਦੇ ਘੇਰੇ ਵਿਚ ੨-੩ ਨਾਮਧਾਰੀ ਪਰਿਵਾਰ ਭੀ ਫਸ ਗਏ। ਓਨਾਂ ਨੂੰ ਹਥਜਾਰ ਬਣਾਕੇ ਸ੍ਵਾਰਥੀ ਕਾਂਗ੍ਰਸੀਆਂ ਨੇ ਸਤਿਗੁਰੂ ਪ੍ਰਤਾਪ ਸਿੰਘ ਜੀ ਅਤੇ ਨਾਮਧਾਰੀ ਸਾਧ ਸੰਗਤ ਨੂੰ, ਨਾਮ-ਧਾਰੀ ਕੇਂਦ੍ਰ ਸ੍ਰੀ ਜੀਵਨ ਨਗਰ ਨੂੰ ਅਤਿ ਦੇ ਦੁਖਾਂ ਦੇ ਘੇਰੇ ਵਿਚ ਫ਼ਸਾਇਆ।

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸੁਭਾਉ ਵਿਚ ਇਹ ਵਿਸ਼ੇਸ਼ਤਾ

ਸੀ ਕਿ ਜਿਨਾਂ ਨਾਲ ਸਹਿਯੋਗ ਰਹਿ ਚੁਕਾ ਹੈ ਓਹ ਵਿਰੋਧ ਕਰਨ, ਤਾਂ ਭੀ ਆਪ ਸਹਿਨ ਹੀ ਕਰਦੇ ਸਨ ਓਸਦਾ ਵਿਰੋਧ ਨਹੀਂ ਸਨ ਕਰਦੇ।

ਅਤਿ ਦੇ ਕਸ਼ਟਕਾਰੀ ਸਮੇ ਵਿਚ ਭੀ ਆਪ ਬਹੁਤ ਵਾਰੀ ਏਹ ਬਚਨ ਕਰਿਆ ਕਰਦੇ ਸਨ ਕਿ ਮੇਰੇ ਵਾਸਤੇ ਅਰਦਾਸ ਕਰੋ, ਮੇਰੇ ਅੰਦਰ ਕਿਸੇ ਦਾ ਬੁਰਾ ਨਾ ਚਿਤਵਿਆ ਜਾਵੇ। ਜੇ ਕੋਈ ਵਿਰੋਧ ਕਰਨ ਉਪ੍ਰੰਤ ਸਤਿਗੁਰੂ ਜੀ ਪਾਸ ਆ ਗਿਆ ਤਦ ਓਸਨੂੰ ਪਹਿਲੇ ਵਾਲਾ ਹੀ ਵਰਤਾਉ ਦਿਤਾ।

'ਨਾਮਧਾਰੀ ਅਤੇ ਕਾਂਗ੍ਰਸ' ਨਾਮ ਦਾ ਲੇਖ ਲਿਖਣ ਦੀ ਆਗਿਆ, ਸਤਿਗੁਰੂ ਜੀ ਨੇ ਗੁਰਪੁਰ ਵਾਸੀ ਸ੍ਰ. ਤੇਜਾ ਸਿੰਘ (ਭੂਤ ਪੂਰਬ ਐਮ. ਐਲ. ਸੀ.) ਪੰਜਾਬ ਨੂੰ ਕੀਤੀ ਸੀ। ਇਸ ਕਰਕੇ, ਕਿ ਜੋ ਕੁਛ ਹੋ ਚੁਕਾ ਹੈ, ਜਿਨਾਂ ਨੂੰ ਨਹੀਂ ਪਤਾ ਓਨਾਂ ਨੂੰ ਜਾਣਕਾਰੀ ਮਿਲ ਜਾਵੇ। ਸ੍ਰਦਾਰ ਜੀ ਅੰਕੜੇ ਇਕਤ੍ਰਿਤ ਜਰੂਰ ਕਰਦੇ ਰਹੇ ਪਰ ਲਿਖ ਕੁਛ ਨਹੀਂ ਸਕੇ। ਸਤਿਗੁਰੂ ਜੀ ਦੇ ਦੇਹ ਤਿਆਗ ਦੇਣ ਤੋਂ ਪਿਛੋਂ ਸ੍ਰਦਾਰ ਜੀ ਇਸ ਸੰਬੰਧ ਵਿਚ ਕੁਛ ਲਿਖ ਨਹੀਂ ਸਕੇ।

ਕ੍ਰੀਬ ੨੬-੨੭ ਸਾਲ ਲੰਘ ਜਾਣ ਤੇ ਮੇਰੇ ਮਨ ਵਿਚ ਵੀਚਾਰ ਆਇਆ ਸੀ ਕਿ ਸਤਿਗੁਰੂ ਜੀ ਦਾ ਏਹ ਬਚਨ ਮੰਨਿਆ ਜਾਣਾ ਚਾਹੀਦਾ ਸੀ।

ਮੈਂ ਲੇਖਕ ਕਲਾ ਵਿਚ ਬਹੁਤ ਪਿਛੇ ਹਾਂ। ਸਤਿਗੁਰੂ ਜੀ ਦੇ ਬਚਨ ਦੀ ਪਾਲਨਾਂ ਕਰਨ ਦੇ ਨਿਸ਼ਚਯ ਨਾਲ ਓਨਾਂ ਦਾ ਆਸਰਾ ਲੈਕੇ ਉਨਾਂ ਦੇ ਚਰਨਾਂ ਵਿਚ ਅਰਦਾਸ ਕਰਕੇ ਏਹ ਛੋਟੀ ਜਿਹੀ ਪੁਸਤਕ ਲਿਖੀ ਹੈ। ਲਿਖਣ ਦੀ ਸਮਰਥਾ ਦੀ ਅਣਹੋਂਦ ਅਤੇ ਇਸ ਘਰ ਦੀਆਂ ਜਰੂਰੀ ਜਿਮੇਵਾਰੀਆਂ ਨਿਭਾਉਣ ਕਰਕੇ ਇਸ ਪੁਸਤਕ ਨੂੰ ਲਿਖਦਿਆਂ ਕ੍ਰੀਬ ਡੇਢ ਸਾਲ ਲਗ ਗਿਆ ਹੈ। ਇਸਤੋਂ ਬਿਨਾਂ, ਜਰੂਰੀ ਅੰਕੜੇ ਇਕਠੇ ਕਰਨ ਵਿਚ ਭੀ ਕਾਫੀ ਸਮਾ ਲਗ ਗਿਆ ਹੈ।

ਆਪਣੇ ਵਲੋਂ ਬਹੁਤ ਕੁਛ ਸੰਕੋਚਕੇ ਅਤੇ ਘਟਨਾਵਾਂ ਦਾ ਵਰਣਨ ਸੰਖੇਪ ਕੀਤਾ ਹੈ। ਕੁਛ ਐਸੀਆਂ ਵਜਕਤੀਆਂ ਸਨ, ਜਿਨਾਂ ਦਾ ਵਰਣਨ ਇਸ ਲੇਖ ਵਿਚ ਮੈਂ ਨਹੀਂ ਸੀ ਕਰਨਾ ਚਾਹੁੰਦਾ,ਪਰ ਕੀਤੇ ਬਿਨਾਂ ਸਰਦਾ ਨਹੀਂ ਸੀ।

ਅਜ ਕਾਂਗ੍ਰਸ ਪਾਰਟੀ ਕੇਂਦਰ ਵਿਚ ਆਪਣਾ ਰਾਜ ਕਰ ਰਹੀ ਹੈ। ਹਾਂ ਤਾਂ ਅਸੀਂ ਨਾਮਧਾਰੀ ਇਨਾਂ ਦੇ ਸਮਰਥਕ ਪਰ ਏਹ ਦੁਖ ਨਾਲ ਕਹਿਣਾ ਪੈਂਦਾ ਹੈ ਕਿ ਪਾਰਟੀਦੇ ਨੇਤਾ ਆਪਣੇ ਹੀ ਕਾਰਨਾਂ ਕਰਕੇਅਪਣੇ ਆਪਨੂੰ ਸਨਮਾਨਿਤ ਨਹੀਂ ਰਖ ਸਕੇ। ਹਰ ਔਣ ਵਾਲੇ ਦਿਨ ਗਿਰਾ-ਵਟਾਂ ਵਿਚ ਵਾਧੇ ਹੋ ਰਹੇ ਹਨ। ਦੇਸ ਦੀ ਏਕਤਾ, ਅਖੰਡਤਾ, ਸਵੈਮਾਨ ਏਹ ਸਭ ਕੁਛ ਅਸੰਤੁਲਿਤ ਹੋ ਰਹੇ ਹਨ। ਆਗੂ ਆਪਣੇ ਸ਼ੁਭ ਇਛਕਾਂ ਦੀ ਕੋਈ ਗਲ ਸੁਣਨ ਦੀ ਵਿਰਤੀ (ਮੂਡ) ਵਿਚ ਨਹੀਂ ਹਨ। ਇਸ ਕਰਕੇ ਇਹੀ ਕਹਿਣਾ ਬਣਦਾ ਹੈ ਕਿ "ਵੇਖੋ ਕਰਤਾਰ ਦੇ ਰੰਗ।"

ਸ੍ਰ. ਤੇਜਾ ਸਿੰਘ ਜੀ ਦਾ ਮੈਂ ਭੀ ਕ੍ਰਿਤਗਜ ਹਾਂ,ਕਿਉਂਕਿ ਓਨਾਂ ਦੀ ਲਿਖਤ ਵਿਚੋਂ ਕੁਛ ਜਰੂਰੀ ਸੰਕੇਤ ਮੇਰੇ ਸਹਾਇਕ ਬਣੇ ਹਨ।

ਮੈਨੂੰ ਪੂਰਨ ਆਸ ਹੈ ਕਿ ਪਾਠਕ ਇਸ ਲੇਖ ਨੂੰ ਰੁਚੀ ਨਾਲ ਪੜ-ਨਗੇ ਅਤੇ ਅਟਲ ਪ੍ਰਤਾਪੀ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਕੀਤੇ ਹੋਏ ਇਸ ਅਦੁਤੀ ਉਪਕਾਰ ਨੂੰ ਆਪਣੇ ਹਿਰਦੇ ਵਿਚ ਧਾਰਨ ਕਰਨਗੇ।

(ਮਹਾਰਾਜ) ਬੀਰ ਸਿੰਘ
ਸ੍ਰੀ ਜੀਵਨ ਨਗਰ
੧ ਵੈਸਾਖ ੨੦੪੬

—੦—

ੴ

ਸ੍ਰੀ ਸਤਿਗੁਰੂ ਰਾਮਸਿੰਘ ਜੀ ਸਹਾਇ

ਨਾਮਧਾਰੀ ਅਤੇ ਕਾਂਗ੍ਰਸ

ਮੰਗਲ ਸਵੈਯਾ

ਆਦਿ ਅਪਾਰ ਅਲੇਖ ਅਨੰਤ
ਅਕਾਲ ਅਭੇਖ ਅਲੱਖ ਅਨਾਸਾ ।
ਕੈ ਸਿਵ ਸਕਤਿ ਦਏ ਸ੍ਰੁਤਿ ਚਾਰ
ਰਜੋ ਤਮ ਸੱਤ ਤਿਹੂ ਪੁਰ ਬਾਸਾ ।
ਦਿਉਸ ਨਿਸਾ ਸਸਿ ਸੂਰ ਕੈ ਦੀਪ
ਸੁ ਸ੍ਰਿਸਟਿ ਰਚੀ ਪੰਚ ਤੱਤ ਪ੍ਰਕਾਸਾ ।
ਬੈਰ ਬਢਾਇ ਲਰਾਇ ਸੁਰਾਸੁਰ
ਆਪਹਿ ਦੇਖਤ ਬੈਠ ਤਮਾਸਾ ।
(ਚੰਡੀਚਰਿਤ੍ਰ ਉਕਤ ਬਿਲਾਸ ਪਾ : ਦਸਵੀਂ)

ਭਾਵ ਅਰਥ:

ਸਭ ਤੋਂ ਪਹਿਲਾਂ ਉਹ ਪ੍ਰਮੇਸਰ ਹੈ ਜਿਸ ਦਾ ਅੰਤ ਕੋਈ ਨਹੀਂ ਲੈ ਸਕਦਾ,ਉਹ ਲਿਖਣ ਵਿਚ ਨਹੀਂ ਆ ਸਕਦਾ ਨਾਂ ਉਹ ਸਮੇਂ ਦੇ ਅਧੀਨ ਹੈ ਅਤੇ ਨਾਂ ਹੀ ਉਸਦਾ ਨਾਸ ਹੋ ਸਕਦਾ ਹੈ।

ਮਾਇਆ ਓਸੇ ਦੀ ਰਚਨਾਂ ਹੈ ਚਾਰ ਬੇਦ ਤਿਨੇ ਲੋਕ ਰਾਤ ਦਿਨ ਚੰਦ੍ਰਮਾਂ ਸੂਰਜ ਅਤੇ ਸਾਰੀ ਸ੍ਰਿਸਟੀ ਪੰਜ ਤਤ, ਇਹ ਸਭ ਉਸੇ ਦੀ ਬਣਾਈ ਹੋਈ ਬਣਤਰ ਹੈ। ਦੇਵਤੇ ਦੈਂਤ ਪੈਦਾ ਕਰਕੇ, ਆਪਸੀ ਵਿਰੋਧ ਅਤੇ ਲੜਾਈ ਕਰਾਉਣ ਵਾਲਾ ਭੀ ਉਹੀ ਹੈ ਅਤੇ ਇਸ ਸਾਰੇ ਕੁਛ ਹੋ ਰਹੇ ਨੂੰ ਦੇਖਣ ਵਾਲਾ ਭੀ ਆਪ ਹੀ ਹੈ।

ਉਪ੍ਰੋਕਤ ਮੰਗਲ ਇਸ ਕਰਕੇ ਲਿਖਿਆ ਹੈ ਕਿ ਇਸ ਪੁਸਤਕ ਵਿਚ ਐਸੀਆਂ ਘਟਨਾਂ ਦਾ ਵਰਣਨ ਹੈ ਜਿਨਾਂ ਵਿਚ ਪਰਸਪਰ ਵਿਰੋਧੀ ਪਖ ਅਪਣੇ ਅਪਣੇ ਥਾਂ ਪ੍ਰਮੇਸ਼ਰ ਦੀ ਪ੍ਰੇਰਨਾਂ ਦੇ ਆਧਾਰ ਤੇ ਅਪਣਾਂ ਕਰਤਵਜ ਕਰਦੇ ਹਨ।

ਗੁਰੂ ਅਰਜਨ ਦੇਵ ਜੀ ਨੇ ਲਿਖਿਆ ਹੈ :—

ਦੋਸੁ ਨਹੀ ਕਾਹੂ ਕੋ ਮੀਤਾ। ਮਾਇਆ ਮੋਹ ਬੰਧ ਪ੍ਰਭੂ ਕੀਤਾ।
(ਬਾਵਨ ਅਖਰੀ)

ਇਹ ਸਭ ਚਰਿਤ੍ਰ ਮਹਾਂ ਮਾਇਆ ਦਾ ਹੀ ਹੈ। ਇਸ ਦੇ ਚਲਣ ਵਿਚ ਦੋਵੇਂ ਪਖ,ਸ਼ੁਭ ਅਤੇ ਅਸ਼ੁਭ,ਲਿਖੇ ਗਏ ਹਨ। ਆਸ ਹੈ ਪਾਠਕ ਰੁਚੀ ਨਾਲ ਪੜ੍ਹਨਗੇ।

ਪਿਛਾਂਹ ਵਲ ਪੰਛੀ ਝਾਤ

੧

ਪੁਰਾਣੇ ਇਤਿਹਾਸ ਵਾਚਣ ਤੋਂ ਏਹ ਪ੍ਰਮਾਣ ਪ੍ਰਤਖ ਹੁੰਦਾ ਹੈ,ਕਿ ਕਿਸੇ ਰਾਜ ਦਾ ਪਤਨ ਰਾਜੇ ਜਾਂ ਰਾਜ ਕਰਮਚਾਰੀਆਂ ਦੇ ਅਸ਼ੁਭ ਕਰਮਾਂ ਤੋਂ ਹੀ ਹੁੰਦਾ ਰਿਹਾ ਹੈ। ਤ੍ਰੇਤੇ ਜੁਗ ਵਿਚ,ਆਪਣੇ ਰਾਜ ਦੇ ਪਤਨ ਦਾ ਦਾ ਕਾਰਣ ਰਾਵਣ ਆਪ ਹੀ ਸੀ। ਸਦਾਚਾਰ ਦਾ ਤਿਆਗ ਕਰਕੇ ਓਹ ਦੁਰਾਚਾਰ ਦਾ ਧਾਰਨੀ ਬਣਿਆ ਜਿਸ ਤੋਂ ਉਸਨੂੰ ਹੋਰ ਕੁਕਰਮ ਕਰਨ ਦੀ ਪ੍ਰੇਰਨਾਂ ਵਿਚ ਵਾਧਾ ਹੋਇਆ ਅਤੇ ਉਸਦੇ ਰਾਜ ਦਾ ਪਤਨ ਹੋਇਆ ਸੰਸਾਰ ਵਿਚ ਪਰਿਵਰਤਨ ਦਾ ਅਟੱਲ ਨਿਯਮ ਪ੍ਰਮਾਤਮਾ ਨੇ ਸਥਾਪਿਤ ਕਰ ਰਖਿਆ ਹੈ। ਇਸ ਦੇਸ਼ ਵਿਚ ਭੀ ਕਈ ਮਤ ਅਤੇ ਕਈ ਰਾਜ ਸਥਾਪਿਤ ਹੋ ਹੋ ਕੇ ਸਮਾਪਿਤ ਹੁੰਦੇ ਰਹੇ ਹਨ। ਅਸ਼ੋਕ ਆਪਣੇ ਸਮੇਂ ਦਾ ਵਿਸ਼ਾਲ ਦੇਸ਼(ਅਫਗਾਨਿਸਤਾਨ ਤੋਂ ਲੈਕੇ ਲੰਕਾ ਤਕ) ਦਾ ਰਾਜਾ ਹੋ ਚੁਕਾ ਹੈ ਇਸਦਾ ਰਾਜ ਈਸਾ ਦੇ ਜਨਮ ਤੋਂ ਕ੍ਰੀਬ ਪੌਣੇ ਤਿਨ ਸੋ ਸਾਲ ਪਹਿਲਾਂ ਰਹਿ ਚੁਕਾ ਹੈ। ਭਾਰਤ ਵਿਚ ਭਾਰਤੀਆਂ ਦਾ ਰਾਜ ਅਨਜਾਣੇ ਸਮੇਂ ਤੋਂ ਚਲਿਆ ਆ ਰਿਹਾ ਹੈ,ਪਰ ਸਮੇਂ ਸਮੇਂ ਕਿਸੇ ਮਤ ਦਾ ਪ੍ਰਭਾਵ ਅਤੇ ਕਿਸੇ ਦਾ ਅਭਾਵ ਭੀ ਹੁੰਦਾ ਚਲਿਆ ਆ ਰਿਹਾ ਹੈ। ਅਸ਼ੋਕ ਬੁਧ ਮਤ ਦਾ ਵਡਾ ਪ੍ਰਚਾਰਕ ਸੀ ਅਤੇ ਉਸ ਨੇ ਆਪਣੇ ਰਾਜ ਕਾਲ ਵਿਚ ਬੁਧ ਮਤ ਦੇ ਪ੍ਰਸਾਰ ਨੂੰ ਬੜੀ ਸ਼ਕਤੀ ਦਿਤੀ। ਬਾਦ ਵਿਚ ਸ਼ੰਕਰਾਚਾਰਯ ਨੇ ਵੇਦਾਂ ਦਾ ਪ੍ਰਚਾਰ ਕੀਤਾ ਅਤੇ ਬੁਧ ਮਤ ਦਾ ਖੰਡਨ ਕੀਤਾ। ਬੁਧ ਮਤ ਭਾਰਤ ਵਿਚੋਂ ਸਮਾਪਤ ਹੋ ਕੇ ਤਿਬਤ,ਚੀਨ ਜਪਾਨ, ਸਿਆਮ (ਥਾਈਲੈਂਡ) ਆਦਿ ਦੇਸ਼ਾਂ ਵਿਚ ਫੈਲ ਗਿਆ।

ਇਸ ਦੇਸ਼ ਵਿਚ ਜੋ ਸਨਾਤਨ ਮਰਯਾਦਾ ਅਨਾਦਿ ਕਾਲ ਤੋਂ ਚਲੀ ਆ ਰਹੀ ਹੈ,ਓਸ ਵਿਚ ਕਈ ਸਮਿਆਂ ਵਿਚ ਰਾਜ ਕ੍ਰਮਚਾਰੀਆਂ ਵਲੋਂ ਉਸਦੇ ਛੇਦਨ ਹੋ ਜਾਂਦੇ ਰਹੇ ਹਨ।

ਬਿਕ੍ਰਮੀ ਸੰਮਤ ੭੬੯ ਵਿਚ ਸਿੰਧ ਵਾਲੇ ਪਾਸੇ ਮੁਹੰਮਦ ਬਿਨ-ਕਾਸਿਮ ਸਭ ਤੋਂ ਪਹਿਲਾ ਮੁਸਲਮਾਨ ਸੈਨਾਨੀ ਭਾਰਤ ਵਿਚ ਦਾਖਲ ਹੋਇਆ ਅਤੇ ਸਾਰੇ ਸਿੰਧ ਤੇ ਉਸਨੇ ਕਬਜਾ ਕੀਤਾ। ਬਾਦ ਵਿਚ ਅਫਗਾਨਿਸਤਾਨ ਵਲੋਂ ਕਿਤਨੇ ਹੀ ਹਮਲੇ ਹੋਏ ਪਰ ਦਿਲੀ ਦੇ ਤਖਤ ਤੇ ਸੰਮਤ ੧੨੪੯ ਵਿਚ ਸਹਾਬੁ ਦੀਨ ਮੁਹੰਮਦ ਗੌਰੀਨੇ ਪ੍ਰਿਥਵੀਰਾਜ ਚੌਹਾਨ ਨੂੰ ਜਿਤਕੇ ਕੁਤਬਦੀਨ ਨੂੰ ਆਪਣਾ ਪ੍ਰਤਿਨਿਧ ਬਣਾਕੇ ਮੁਕੰਮਲ ਰਾਜ ਕਾਇਮ ਕੀਤਾ।

ਪੰਡਿਤ ਸੰਦਰ ਲਾਲ ਅਨੁਸਾਰ: ਭਾਰਤ ਵਿਚ ਮੁਸਲਮਾਨਾਂ ਦੇ ਰਾਜ ਸਥਾਪਿਤ ਹੋਣ ਦਾ ਕਾਰਨ ਭਾਰਤਵਾਸੀਆਂ ਦੇ ਆਚਰਨ ਦੀ ਗਿਰਾ-ਵਟ ਸੀ। ਦਖਣ ਪਛਮੀ ਕਿਨਾਰੇ ਤੋਂ ਦੂਰ ਸਮੰਦਰ (ਅਰਬ ਸਾਗਰ) ਵਿਚ ਇਕ ਜਹਾਜ਼ ਸੀ, ਜਿਸ ਵਿਚ ਮੁਸਲਮਾਨਾਂ ਦੀਆਂ ਲੜਕੀਆਂ ਸਨ। ਆਪਣੀ ਤਾਕਤ ਦੀ ਦੁਰ-ਵਰਤੋਂ ਕਰਕੇ ਸਿੰਧ ਦੇ ਰਾਜੇ ਨੇ ਓਹ ਜਹਾਜ ਘੇਰ ਕੇ ਲੈ ਆਂਦਾ ਅਤੇ ਓਨਾਂ ਲੜਕੀਆਂ ਨਾਲ ਆਚਰਣ ਹੀਨਤਾ ਦਾ ਵਰਤਾਉ ਕੀਤਾ। ਫਲਸਰੂਪ ੭੬੯ ਬਿਕ੍ਰਮੀ ਵਿਚ ਮੁਸਲਮਾਨਾਂ ਨੇ ਭਾਰਤ ਦੇ ਸਿੰਧ ਵਾਲੇ ਪਾਸੇ ਕੁਝ ਹਿਸੇ ਤੇ ਕਬਜਾ ਆ ਕੀਤਾ। ਇਕ ਏਹ ਭੀ ਕਥਾ ਸੁਣੀ ਗਈ ਹੈ ਕਿ ਸਿਆਲਕੋਟ ਦੇ ਕਿਲੇ ਦੀ ਕੰਧ ਨਹੀਂ ਸੀ ਠਹਿਰਦੀ। ਇਕ ਗ੍ਰੀਬ ਮੁਸਲਮਾਨੀ ਔਰਤ ਦਾ ਇਕਲੌਤਾ ਲੜਕਾ ਕਿਸੇ ਜੋਤਸ਼ੀ ਦੇ ਕਹਿਣ ਤੇ ਕੰਧ ਵਿਚ ਚਿਣਿਆ ਗਿਆ। ਉਸਦੀ ਪੁਕਾਰ ਸਣਕੇ ਅਫਗਾਨਿਸਤਾਨ ਤੋਂ ਕੋਈ ਮੁਸਲਮਾਨ ਹਾਕਮ ਚੜਕੇ ਆਇਆ। ਉਪ੍ਰੋਕਤ ਸਤਰਾਂ ਦੀ ਲੇਖ ਨਾਲ ਅਸੰਗਤਿ ਜਾਪਦੀ ਹੈ, ਪਰ ਇਸ ਦੇਸ਼ ਦੇ ਰਾਜਨੀਤਿਕ ਪਿਛੋਕੜ ਦੀ ਸੰਖੇਪ ਜਾਣਕਾਰੀ ਦੇਣੀ ਪਾਠਕਾਂ ਨੂੰ ਜਰੂਰੀ ਹੈ।

ਮੁਗਲ ਰਾਜ ਦੇ ਹੰਦਿਆਂ ਹੀ ਯੋਰਪ(ਪਛਮ) ਵਲੋਂ ਭਾਰਤ ਵਿਚ ਪੁਰਤਗਾਲ ਦੇਸ਼ ਦੇ ਫਰੰਗੀਆਂ ਨੇ ਸੰਮਤ ੧੫੫੫ ਨੂੰ ਭਾਰਤ ਦੀ

ਧਰਤੀ ਤੇ ਪੈਰ ਧਰਿਆ ਅਤੇ ਸੰਮਤ ੧੫੬੭ ਵਿਚ ਗੋਆ ਤੇ ਕਬਜਾ ਕੀਤਾ। ੧੭੧੮ ਵਿਚ ਦੂਜੇ(Charles)ਚਾਰਲਸ ਇੰਗਲੈਂਡ ਦੇ ਬਾਦਸ਼ਾਹ ਨਾਲ ਪੁਰਤਗਾਲ ਦੇ ਬਾਦਸ਼ਾਹ ਦੀ ਲੜਕੀ ਵਿਆਹੀ ਗਈ। ਉਸਨੇ ਦਾਜ ਵਿਚ ਬੰਬਈ ਦਾ ਇਲਾਕਾ ਚਾਰਲਸ ਨੂੰ ਦਿਤਾ। ਚਾਰਲਸ ਨੇ ੧੭੨੫ ਵਿਚ ਬੰਬਈ(ਮੰਬਈ) ਦਾ ਸਾਰਾ ਇਲਾਕਾ ਈਸਟ ਇੰਡੀਆ ਕੰਪਨੀ ਦੇ ਹਵਾਲੇ ਕੀਤਾ।

ਪੰਜਾਬ ਦੀ ਰਾਜਧਾਨੀ ਲਾਹੌਰ, ਜੋ ਸ੍ਰੀ ਰਾਮਚੰਦ੍ਰ ਜੀ ਦੇ ਪੁਤ੍ਰ ਲਵ ਨੇ ਵਸਾਇਆ ਸੀ, ਕਈ ਰਾਜਿਆਂ ਮਹਾਂਰਾਜਿਆਂ ਦੇ ਪ੍ਰਬੰਧ ਹੇਠ ਔਂਦਾ ਰਿਹਾ। ਭੱਟੀ ਅਤੇ ਚੌਹਾਨ ਰਾਜਪੂਤ ਭੀ ਇਸ ਤੇ ਰਾਜ ਕਰ ਚੁਕੇ ਹਨ। ਫੇਰ ਏਹ ਬ੍ਰਹਮਣਾਂ ਦੇ ਅਧਿਕਾਰ ਵਿਚ ਭੀ ਰਿਹਾ। ਸੰਮਤ ੧੦੭੯ ਨੂੰ ਬ੍ਰਹਮਣ ਰਾਜਾ ਜਯਪਾਲ,ਸੁਲਤਾਨ ਮਹਮੂਦ ਤੋਂ ਪਰਾਜਿਤ ਹੋਇਆ ਅਤੇ ਲਹੌਰ ਤੇ ਮੁਸਲਮਾਨ ਰਾਜ ਲੰਮੇ ਸਮੇਂ ਲਈ ਸਥਾਪਿਤ ਹੋਇਆ ਅਤੇ ਇਸਦਾ ਨਾਮ ਮਹਿਮੂਦ ਪੁਰ ਰਖਿਆ।

ਸੰਮਤ ੧੮੫੬(ਸੰਨ ੧੭੯੯ ਈਸਵੀ) ਨੂੰ ਲਹੌਰ ਮਹਾਰਾਜ ਰਣਜੀਤ ਸਿੰਘ ਦੇ ਅਧੀਨ ਹੋਇਆ। ਮਹਾਰਾਜਾ ਨੇ ਸਤਿਲੁਜ ਤੋਂ ਲੈਕੇ ਪੇਸ਼ਾਵਰ ਤੋਂ ਕ੍ਰੀਬ ੨੦ ਮੀਲ ਅਗੇ ਤਕ(ਅਫਗਾਨਿਸਤਾਨ ਵਲ) ਅਤੇ ਤਿਬਤ ਤੋਂ ਸਿੰਧ ਤੀਕ ਆਪਣਾ ਰਾਜ ਫੈਲਾਇਆ। ਸੰਮਤ ੧੮੯੬ ਨੂੰ ਮਹਾਰਾਜਾ ਦਾ ਦੇਹਾਂਤ ਹੋਇਆ। ਸਿਖਾਂ ਵਿਚ ਆਚਰਣ ਹੀਨਤਾ ਇਤਨੀ ਪ੍ਰਬਲ ਹੋਈ ਕਿ ਆਪਣੇ ਕਰਮ ਧਰਮ ਮਰਜਾਦਾ ਸਭ ਛਡਕੇ ਆਪਸ ਵਿਚ ਲੜਨ ਲਗ ਪਏ। ਛੇਕੜ ਆਪਣਾ ਰਾਜ, ਓਹ ਰਾਜ ਜੋ ਮਣਾ ਮੂਹੀ ਲਹੂ ਡੋਲ੍ਹ ਕੇ ਪ੍ਰਾਪਤ ਕੀਤਾ ਸੀ, ਉਸਤੋਂ ਭੀ ਨਿਰਵਾਸਤ ਹੋ ਗਏ। ਲਹੌਰ ਸੰਮਤ ੧੯੦੬ ਵਿਚ ਅੰਗਰੇਜਾਂ ਦੇ ਕਬਜੇ ਵਿਚ ਆ ਗਿਆ ਅਤੇ ਅਫਗਾਨਿਸਤਾਨ ਦੀ ਹਦ ਜਿਥੇ ਮਹਾ-ਰਾਜਾ ਨੇ ਕਾਇਮ ਕੀਤੀ ਸੀ ਓਥੋਂ ਤਕ ਅੰਗਰੇਜ(ਫਰੰਗੀ) ਕਾਬਿਜ ਹੋ ਗਏ।

ਅੰਗਰੇਜ਼ੀ ਰਾਜ ਵਿਰੁਧ ਅੰਦੋਲਨ

੨

ਭਾਵੇਂ ਅਜ ਧਰਮ ਨਿਰਪੇਖਤਾ ਦਾ ਬੋਲ ਬਾਲਾ ਹੈ, ਪਰ ਅੰਗਰੇਜ਼ੀ ਰਾਜ ਵਿਚ ਸਭ ਤੋਂ ਪਹਿਲੇ ਸੁਤੰਤ੍ਰਤਾ ਸੰਗ੍ਰਾਮ ਜੋ ਹੋਏ ਉਨਾ ਦੇ ਮੂਲ ਕਾਰਣ ਧਾਰਮਿਕ ਵੀਚਾਰ ਸਨ। ਉਤਰ ਪੂਰਬੀ ਭਾਰਤ ਵਿਚ ਇਸ ਬਗਾਵਤ ਦੇ ਫੈਲਣ ਦਾ ਕਾਰਣ ਉਹ ਕਾਰਤੂਸ ਸਨ ਜਿਹਨਾਂ ਨੂੰ ਗਊ ਅਤੇ ਸੂਰ ਦੀ ਚਰਬੀ ਲਗਾਈ ਜਾਂਦੀ ਸੀ। ਅੰਗਰੇਜ਼ਾਂ ਵਿਚ ਗਊ ਅਤੇ ਸੂਰ ਦੇ ਮਾਸ ਦਾ ਕਿਸੇਤਰ੍ਹਾਂ ਦਾ ਪ੍ਰਹੇਜ਼ ਨਹੀਂ। ਪਰ ਏਥੋਂ ਦੇ ਵਾਸੀ ਹਿੰਦੂ ਅਤੇ ਮੁਸਲਮਾਨ ਦੋਹਾਂ ਵਾਸਤੇ ਅਪਣੇ ਅਪਣੇ ਧਰਮ ਅਨੁਸਾਰ ਇਹ ਪੂਰਨ ਪ੍ਰਹੇਜ਼ ਵਾਲੀ ਗਲ ਸੀ। ਜਿਸਤੋਂ ਫੌਜਾਂ ਵਿਚ ਵਿਰੋਧ ਹੋਇਆ ਅਤੇ ਕਿਤੇ ਕਿਤੇ ਅੰਗਰੇਜ਼ ਅਫਸਰ ਮਾਰ ਦਿਤੇ ਗਏ।

ਏਧਰ ਏਨਾਂ ਹੀ ਦਿਨਾਂ ਵਿਚ ਪੰਜਾਬ ਵਿਚ ਧਰਮ ਅਤੇ ਦੇਸ਼ ਪਿਆਰ ਤੋਂ ਸਾਹਸ-ਹੀਣ ਹੋ ਚੁਕੇ ਹੋਏ ਪੰਜਾਬੀਆਂ ਨੂੰ, ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਵੈਸਾਖੀ ੧੯੧੪(੧੩ ਅਪ੍ਰੈਲ ੧੮੫੭) ਨੂੰ ਦਸਮੇਸ਼ ਜੀ ਦੀ ਮਰਜਾਦਾ ਅਨੁਸਾਰ ਪੰਜ ਸਿੰਘਾਂ ਨੂੰ ਅੰਮ੍ਰਿਤ ਛਕਾਕੇ ਧਰਮ ਦੀ ਪਾਲਣਾ ਕਰਨ ਸਿਖੀ ਮਰਜਾਦਾ ਵਿਚ ਚਲਣ ਅਤੇ ਦੇਸ਼ ਨੂੰ ਵਿਦੇਸੀਆਂ ਤੋਂ ਮੁਕਤ ਕਰੌਣ ਦਾ ਉਪਦੇਸ਼ ਦਿਤਾ।

ਸਿਖ ਨਾਮ ਦੀ ਕੋਈ ਵਸਤੂ ਇਸ ਦੁਨੀਆਂ ਵਿਚ ਅਜ ਦਿਸਦੀ ਹੈ ਤਾਂ ਇਹ ਕਿਰਪਾ ਕੇਵਲ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀ ਹੈ। ਸਿਖ ਰਾਜ ਅਤੇ ਸਿਖੀ ਦੋਹਾਂ ਦਾ ਪਤਨ ਇਕਠਾ ਹੀ ਹੋਇਆ ਸੀ। ਸਾਹਸ ਹੀਨ ਆਚਰਣ ਹੀਨ ਅਤੇ ਧਰਮ ਰਹਿਤ ਹੋ ਚਕੇ ਪੰਜਾਬੀਆਂ ਨੂੰ ਅੰਮ੍ਰਿਤ ਛਕਾਕੇ ਸਿਖੀ ਨੂੰ ਪੁਨਰ ਜੀਵਨ ਬਖਸ਼ਿਆ ਜੋ ਸਤਿਗੁਰੂ ਜੀ ਦਾ ਅਸਚਰਜ ਕਰਨ ਵਾਲਾ ਚਮਤਕਾਰ ਸੀ ਇਹ ਪੰਕਤੀ "ਸਤਿਗੁਰ ਪਾਇਐ, ਪੂਰਾ ਨਾਵਣ ਪਸੂ ਪਰੇਤਹ ਦੇਵ ਕਰੈ" ਸਾਕਾਰ ਕਰਕੇ ਦਿਖਾਲ ਦਿਤੀ। ਨਾਮਧਾਰੀ ਸਿੰਘਾਂ ਦੀ ਉਸ ਵੇਲੇ ਦੀ ਚੜ੍ਹਤ ਅਤੇ ਸ੍ਰੀ ਸਤਿਗੁਰੂ ਜੀ ਦਾ

ਪ੍ਰਭਾਵ ਐਸਾ ਅਦਭੁਤ ਸੀ, ਜਿਸਨੂੰ ਅਖਬਾਰਾਂ ਜਾਂ ਰੇਡੀਓ ਰਾਹੀਂ ਪ੍ਰਸਾਰਿਤ ਨਹੀਂ ਕੀਤਾ ਗਿਆ। ਉਸ ਦਾ "ਸ੍ਵੈ-ਪ੍ਰਕਾਸ਼" ਹੀ ਐਸਾ ਸੀ ਜਿਸਨੂੰ ਦੇਖਕੇ ਅੰਗਰੇਜ਼ਾਂ ਦੀਆਂ ਅਖਾਂ ਚੁੰਧਿਆਂ ਗਈਆਂ। ਗਿਆਨੀ ਗਿਆਨ ਸਿੰਘ ਜੀ ਲਿਖਦੇ ਹਨ:-

ਰਾਮ ਸਿੰਘ ਜਾਇ ਜਿਤ ਸਿਖ ਹ੍ਵੈ ਹਜਾਰੋਂ ਤਿਤ
ਭੇਟ ਦੇਹੈਂ ਪੀਨ ਧਨ ਦੀਨ ਬੋਲ ਬੈਨ ਹੈ।
ਦਮਦਮੇ ਸਾਹਿਬ ਮੁਕਤਸਰ ਮੇਲਿਓ ਮੈ,
ਗਯੋ ਜਬ ਥਯੋ ਦਲ ਤਾਹਿ ਸੰਗ ਐਨ ਹੈ।
ਹੇਰ ਕੇ ਅਰੂਜ ਤੇ ਨਮੂਜ ਤਬ ਤਾਂਹਿ ਬਡ,
ਹਾਕਮ ਪੁਜਾਰੀ ਭਾਰੀ ਥੀਏ ਬਿਨ ਚੈਨ ਹੈ।

ਸ੍ਰੀ ਸਤਿਗਰੂ ਰਾਮ ਸਿੰਘ ਜੀ ਨੇ ਅੰਗਰੇਜਾਂ ਨੂੰ ਇਥੋਂ ਦੇ ਰਾਜੇ ਹੋਣ ਦੀ ਮਾਨਤਾ ਨਹੀਂ ਦਿਤੀ। ਜਦੋਂ ਅੰਗਰੇਜੀ ਰਾਜ ਦੋਪਹਿਰ ਦੇ ਸੂਰਜ ਦੀ ਤਰ੍ਹਾਂ ਬਲਵਾਨ ਸੀ, ਉਸ ਅਤਿ ਕਠਿਨ ਸਮੇਂ ਸ੍ਰੀ ਸਤਿਗਰੂ ਰਾਮ ਸਿੰਘ ਜੀ ਨੇ ਅਸਹਿ ਯੋਗ(ਨਾ-ਮਿਲਵਰਤਨ) ਅੰਦੋਲਨ ਐਸੇ ਢੰਗ ਨਾਲ ਚਲਾਇਆ ਜਿਸ ਦਾ ਪਤਾ ਕਈ ਸਾਲ ਪਿਛੋਂ ਅੰਗਰੇਜਾਂ ਨੂੰ ਲਗਾ ਅਤੇ ਬੜੇ ਹੈਰਾਨ ਹੋਏ। ਅੰਗਰੇਜਾਂ ਵਲੋਂ ਚਲਾਏ ਸਕੂਲ ਕਚੈਹਰੀਆਂ ਆਦਿ ਵਿਚ ਜਾਣਾ ਬਿਲਕੁਲ ਬੰਦ ਸੀ। ਬਚਿਆਂ ਨੂੰ ਘਰਾਂ ਵਿਚ ਅਤੇ ਅਪਣੇ ਪ੍ਰਬੰਧ ਹੇਠ ਵਿਦਿਆ ਪੜਨ ਦੀ ਪ੍ਰੇਰਨਾ ਦਿਤੀ। ਅਪਣੀ ਡਾਕ ਦਾ ਪ੍ਰਬੰਧ ਐਸਾ ਕੀਤਾ ਜਿਸ ਤੋਂ ਅੰਗਰੇਜ਼ ਹੈਰਾਨ ਰਹਿ ਗਏ। ਘਰਾਂ ਵਿਚ ਤਿਆਰ ਕੀਤਾ ਖਦਰ ਪਹਿਨਣ ਲਈ ਵਰਤਣ ਦੀ ਪ੍ਰੇਰਣਾ ਦੇਣ ਵਾਲੇ ਸਭ ਤੋਂ ਪਹਿਲੇ ਸ੍ਰੀ ਸਤਿਗੁਰੂ ਜੀ ਹੀ ਹਨ। ਬਾਦ ਵਿਚ ਮਹਾਤਮਾ ਗਾਂਧੀ ਜੀਨੇ ਇਸੇ ਢੰਗ ਨੂੰ ਅਪਣਾਇਆ। ਅਜ ਕਾਂਗ੍ਰਸ ਸ੍ਰਕਾਰ ਗਾਂਧੀ ਜੀ ਨੂੰ ਇਸਦੇ ਸੰਚਾਲਕ ਆਖਕੇ ਇਤਿਹਾਸ ਨਾਲ ਅਨਜਾਯ ਕਰ ਰਹੀ ਹੈ ਅਤੇ ਜਨਤਾ ਨਾਲ ਧੋਖਾ ਕਰ ਰਹੀ ਹੈ।

ਨਾਮਧਾਰੀ ਸਿੰਘਾਂ ਦੇਨਿਤਕਰਮ, ਪਹਿਰਾਵਾ ਅਤੇ ਰਾਜਨੀਤਿਕ ਵੀਚਾਰਾਂ ਬਾਰੇ ਗਿਆਨੀ ਜੀ ਲਿਖਦੇ ਹਨ:-

ਠਟਤ ਭਵਾਨੀ ਕੀ ਉਪਾਸਨਾ ਪਠਤ ਬਾਨੀ
ਵਾਹਿਗੁਰੂ ਵਾਹਿਗੁਰੂ ਰਟਤ ਅਮੂਕੇ ਹੈਂ।
ਸ਼ੁਕਲ ਬਸਨ, ਮਾਲਾ ਸੂਧੀ ਦਸਤਾਰ ਦਾਢੀ
ਕਰ ਹੈ ਰਸਨ ਪਾਠ ਗ੍ਰੰਥ ਗੁਰੂ ਜੂਕੇ ਹੈਂ।
ਦਸਮੇਂ ਗੁਰੂ ਕੇ ਸਿੰਘ ਸਾਦਕ ਸਹੀ ਹੈਂ ਸਭ,
ਲਾਲਸਾ ਲਲਾਮ ਰਾਜ ਲੈਬੇ ਕੀ ਅਚੂਕੇ ਹੈਂ।
ਹੇਰੇ ਜੈਸੇ ਲਖਨ ਹੈ ਟੇਰੇ ਤੈਸੇ ਗਿਆਨ ਸਿੰਘ
ਐਸੇ ਪਰਸਿਧ ਹੀ ਅਬਿਧ ਸਿਖ ਕੂਕੇ ਹੈਂ।

ਗਿਆਨੀ ਗਿਆਨ ਸਿੰਘ ਜੀ ਦਾ ਕਬਿਤ ਸਮਝਣਾ ਬਹੁਤ ਕਠਿਨ ਨਹੀਂ। ਤਾਂ ਭੀ ਕਈ ਸਾਧਾਰਨ ਪਾਠਕ ਐਸੇ ਹੋ ਸਕਦੇ ਹਨ ਜਿਨਾਂ ਨੂੰ ਕੁਝ ਸਬਦਾਂ ਦੀ ਸਮਝ ਨਾਂ ਆਵੇ। ਇਸ ਕਰਕੇ ਇਸਦਾ ਸਾਰਅੰਸ਼ ਇਥੇ ਦਿਤਾ ਜਾਂਦਾ ਹੈ:-

ਭਵਾਨੀ ਦੀ ਉਪਾਸਨਾ ਕਰਦੇ ਹਨ, ਬਾਣੀ ਦਾ ਪਾਠ ਕਰਦੇ ਹਨ ਅਤੇ ਬਿਨਾਂ ਰੁਕਣ ਤੋਂ ਨਿਰੰਤਰਭਜਨ ਕਰਦੇ ਰਹਿੰਦੇ ਹਨ।

ਸਫੇਦ ਬਸਤ੍ਰ ਮਾਲਾ ਅਤੇ ਸਿਧਾ ਦਾੜ੍ਹਾ ਰਖਦੇ ਹਨ ਅਤੇ ਗੁਰੂ ਗ੍ਰੰਥ ਸਾਹਿਬ ਦੇ ਪਾਠ ਕਰਦੇ ਹਨ।

ਸਾਰੇ ਦਸਮੇਸ਼ ਜੀ ਦੇ ਸਿਦਕੀ ਸਿੰਘ ਹਨ ਅਤੇ ਰਾਜ ਲੈਣ ਦੀ ਸ਼ੁਭ ਇਛਾ ਮਨ ਵਿਚ ਅਟਲ ਧਾਰੀ ਬੈਠੇ ਹਨ।

ਗਿਆਨੀ ਜੀ ਕਹਿੰਦੇ ਹਨ ਕਿ ਨਾਮਧਾਰੀ(ਕੂਕੇ) ਕਿਸੇਤਰ੍ਹਾਂ ਦੀ ਵੀ ਗਿਰਾਵਟ ਤੋਂ ਮੁਕਤ ਹਨ, ਇਨਾਂ ਦੀ ਪ੍ਰਸਿਧੀ ਅਤੇ ਹੋਰ ਨਿਸ਼ਾਨੀਆਂ ਵੇਖਕੇ ਹੀ ਮੈਂ ਲਿਖੀਆਂ ਹਨ। (ਪੰਥ ਪ੍ਰਕਾਸ਼ ਉਤ੍ਰਾਰਧ)

ਅੰਗਰੇਜ਼ਾਂ ਦੇ ਅਸਰ ਹੇਠ ਆਏ ਸਿਖਾਂ ਨੇ,ਬਾਦ ਵਿਚ ਸਿਖੀ ਵੀਚਾਰਾਂ ਨੂੰ ਬਦਲਣ ਦਾ ਚਾਹੇ ਕੋਸ਼ਸ਼ ਜਤਨ ਕੀਤਾ ਪਰ ਓਸ ਵੇਲੇ ਅੰਗਰੇਜ਼ ਹਾਕਮ ਭੀ ਮੰਨਦੇ ਸਨ ਕਿ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸ੍ਰੀ ਗੁਰੂ ਨਾਨਕ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਅਵਤਾਰ ਸਿਖਾਂ ਵਿਚ ਮੰਨੇ ਗਏ ਹਨ:-

> I see in the earlier papers that Ram Singh was looked upon as a successor or actual Re-embodiment of Guru Nanak the saint. He is now the representatve of Govind the warrior
> (J. W. Macanab Commissioner Ambala 4-11-1871)

ਭਾਵ:- ਪਹਿਲੇ ਇਤਿਹਾਸਾਂ ਵਿਚ ਮੈਂ ਦੇਖਿਆ ਹੈ(ਸਤਿਗੁਰੂ) ਰਾਮ ਸਿੰਘ ਗੁਰੂ ਨਾਨਕ ਦੇ ਪ੍ਰਤਖ ਰੂਪ ਵਿਚ ਜਾਣੇ ਜਾਂਦੇ ਸਨ। ਹੁਣ ਓਹ(ਗੁਰੂ) ਗੋਬਿੰਦ(ਸਿੰਘ) ਯੋਧਾ ਦੇ ਥਾਂ ਮੰਨੇ ਜਾਂਦੇ ਹਨ।

(ਕਮਿਸ਼ਨਰ ਅੰਬਾਲਾ ਜੇ ਡਬਲ ਯੂ ਮੈਕਨਾਬ
ਤਾਰੀਖ ੪ ਨਵੰਬਰ ੧੮੭੧)

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀ ਅਗਵਾਈ ਹੇਠ ਸਿਖ ਪੰਥ ਦਾ ਅਥਾਹ ਇਕਠ ਅਤੇ ਤੇਜ ਪ੍ਰਤਾਪ ਦੇਖਕੇ ਅੰਗਰੇਜ਼ਾਂ ਨੇ ਸੋਚਿਆ ਕਿ ਐਸਾ ਕੁਝ ਕੀਤਾ ਜਾਵੇ ਜਿਸਤੋਂ ਇਨਾਂ ਵਿਚ ਕਮਜੋਰੀ ਆਵੇ।

ਮਹਾਰਾਜਾ ਰਣਜੀਤ ਸਿੰਘ ਦੇ ਰਾਜ ਗਏ ਨੂੰ ਬਹੁਤਾ ਚਿਰ ਨਹੀਂ ਸੀ ਹੋਇਆ। ਓਸਦੇ ਰਾਜ ਵਿਚ ਗਊ ਮਾਰਨ ਵਾਲੇ ਨੂੰ ਮੌਤ ਦੀ ਸਜਾ ਦਾ ਹੁਕਮ ਸੀ। ਉਸ ਵਕਤ ਦੇ ਹਿੰਦੂ ਸਿਖਾਂ ਵਿਚ ਕੋਈ ਭੇਦਭਾਵ ਅੰਸ਼ ਮਾਤ੍ਰ ਭੀ ਨਹੀਂ ਸੀ। ਮੁਸਲਮਾਨਾਂ ਵਿਚ ਗਊ ਮਾਰਨ ਅਤੇ ਖਾਣ ਦਾ ਦੋਸ਼ ਨਹੀਂ। ਅੰਗਰੇਜਾਂ ਨੂੰ ਏਹ ਚਿੜ ਸੀ ਕਿ ਮਹਾਰਾਜਾ ਦੇ ਸਮੇਂ ਪੰਜਾਬ ਵਿਚ ਵੀ ਜਦੋਂ ਅੰਗਰੇਜੀ ਫੌਜ ਅਫਗਾਨਿਸਤਾਨ ਨੂੰ ਲੰਘੀ ਤਾਂ

ਉਸਨੇ ਇਸ ਸ਼ਰਤ ਤੇ ਲੰਘਣ ਦਿਤਾ ਕਿ ਪੰਜਾਬ ਵਿਚ ਕੋਈ ਗਊ ਘਾਤ ਨਾਂ ਕਰੇ ਨਾਂ ਗਊ ਦਾ ਮਾਸ ਖਾਵੇ। ਸੋ ਆਪਣਾ ਰਾਜ ਸਥਾਪਿਤ ਹੋਣ ਤੋਂ ਪਿਛੋਂ ਓਨਾਂ ਨੇ ਮੁਸਲਮਾਨਾਂ ਨੂੰ ਉਕਸਾਇਆ ਅਤੇ ਓਨਾਂ ਤੋਂ ਗਊ ਘਾਤ ਸ਼ੁਰੂ ਕਰਾਇਆ। ਭਾਵੇਂ ਇਹੋ ਜਿਹਾ ਕੁਝ ਲਾਹੌਰ ਵਿਚ ਭੀ ਹੋ ਸਕਦਾ ਸੀ। ਪਰ ਸਿਖਾਂ ਦੀ ਅਣਖ ਨੂੰ ਤੁਨੌਤੀ ਦੇਣ ਵਾਸਤੇ ਓਨਾਂ ਨੇ ਅੰਮ੍ਰਿਤਸਰ ਦੁਬਾਰ ਸਾਹਿਬ ਦੀ ਕੰਧ ਨਾਲ ਬੁਚੜਖਾਨਾ ਖਾਸ ਕਰਕੇ ਬਣਵਾਇਆ। ਹੋਰ ਕਈ ਹਿੰਦੂ ਸਿਖਾਂ ਨੇ ਵਿਰੋਧ ਕੀਤਾ ਪਰ ਇਸ ਬੇਅਦਬੀ ਨੂੰ ਨਾਂ ਸਹਾਰਦੇ ਹੋਇਆਂ ਨਾਮਧਾਰੀ ਸਿੰਘਾਂ ਨੇ ਬੁਚੜ ਮਾਰੇ ਅਤੇ ਗਊਆਂ ਛੁਡਾਈਆਂ। ਏਹ ਕੁਛ ਕਰਕੇ ਓਹ ਓਥੋਂ ਚਲੇ ਗਏ ਅਤੇ ਪੋਲੀਸ ਨੇ ਬੇਦੋਸ਼ੇ ਹਿੰਦੂ ਸਿਖਾਂ ਨੂੰ ਪਕੜਕੇ ਤਸੀਹੇ ਦੇ ਦੇਕੇ ਓਨਾਂ ਤੋਂ ਏਹ ਦੋਸ਼ ਮਨਵਾ ਲਿਆ ਕਿ ਅਸੀਂ ਬੁਚੜ ਮਾਰੇ ਹਨ। ਏਧਰ ਓਹ ਸਿਖ ਸ੍ਰੀ ਸਤਿਗੁਰੂ ਜੀ ਪਾਸ ਸ੍ਰੀ ਭੈਣੀ ਸਾਹਿਬ ਗਏ। ਪਤਾ ਲਗਣ ਤੇ ਸ੍ਰੀ ਸ਼ਤਿਗੁਰੂ ਰਾਮ ਸਿੰਘ ਜੀ ਨੇ ਆਗਿਆ ਕੀਤੀ ਕਿ ਆਪ ਜਾਕੇ ਆਪਣਾ ਦੋਸ਼ ਮੰਨੋ ਅਤੇ ਬੇਦੋਸ਼ਿਆਂ ਨੂੰ ਛੁਡਵਾਓ। ਗਿਆਨੀ ਗਿਆਨ ਸਿੰਘ ਜੀ ਲਿਖਦੇ ਹਨ।

ਦੇਨ ਲਾਗੇ ਫਾਂਸੀ ਜਬ ਆਦਿ ਖੁਦ ਕੂਕੇ ਤਬ
ਕਾਤਲ ਸਬੂਤ ਆਪ ਥੀਏ ਸਭ ਤੌਰ ਪੈ।
ਖੁਸ਼ੀ ਹੋਇ ਦਏ ਸੀਸ ਗਏ ਈਸ ਲੋਕ ਮਾਹਿ
ਕੋਟਲੇ ਮਲੇਰ ਫੇਰ ਥਯੋ ਸਾਕਾ ਔਰ ਪੈ।

(ਪੰਥ ਪ੍ਰਕਾਸ਼)

ਇਸ ਘਟਨਾ ਨੂੰ ਅੰਗਰੇਜਾਂ ਨੇ ਬਹੁਤ ਕੁਛ ਝੂਠ ਬਣਾਕੇ ਲਿਖਿਆ ਹੈ ਪਰ ਉਪਰ ਜੋ ਹਵਾਲਾ ਦਿਤਾ ਗਿਆ ਹੈ ਏਹ ਸਮਕਾਲੀ ਲੇਖਕ ਦਾ ਹੈ ਜੋ ਅਟਲ ਸਚਾਈ ਹੈ। ਅੰਗਰੇਜ਼ੀ ਰੀਕਾਰਡ ਵਿਚ ਚਾਹੇ ਕੁਛ ਭੀ ਲਿਖਿਆ ਹੋਵੇ।

ਇਸੇਤਰ੍ਹਾਂ ਦੀਆਂ ਰਾਇਕੋਟ ਅਤੇ ਮਲੇਰ ਕੋਟਲੇ ਘਟਨਾ ਹੋਈਆ ਰਾਇਕੋਟ ਵਾਲੀ ਘਟਨਾ ਦੀ ਆੜ ਵਿਚ ਸੂਬਾ ਗਿਆਨੀ ਸਿੰਘ ਜੀ ਅਤੇ ਰਤਨ ਸਿੰਘ ਨਾਈਵਾਲਾ ਨੂੰ ਬਿਨਾਂ ਦੋਸ਼ ਫਾਂਸੀ ਦਿਤਾਂ ਗਿਆ। ਓਨਾਂ ਦਿਨਾਂ ਵਿਚ ਫਾਂਸੀ ਖੁਲੇ ਮੈਦਾਨ ਵਿਚ ਦਿਤੀ ਜਾਂਦੀ ਸੀ। ਫਾਂਸੀ ਦੇਣ ਵੇਲੇ ਸੂਬਾ ਗਿਆਨੀ ਸਿੰਘ ਜੀ ਨੇ ਅੰਗਰੇਜ਼ ਹਾਕਮ ਨੂੰ ਸੰਬੋਧਨ ਕਰਦਿਆਂ ਆਖਿਆ ਕਿ "ਮੇਰੇ ਵਲ ਪਿਠ ਕਿਉਂ ਕੀਤੀ ਹੈ। ਜਵਾਈ ਵਲ ਮੂੰਹ ਕਰ। ਕਿਸੇ ਮਾਈ ਦਾ ਪੇਟ ਗੰਦਾ ਕਰਕੇ ਫੇਰ ਆਏ ਖੜੇ ਹਾਂ। ਜਦੋਂ ਤਕ ਤੁਹਾਨੂੰ ਇਸ ਦੇਸ ਵਿਚੋਂ ਕਢ ਨਹੀਂ ਲੈਂਦੇ ਬਾਰ ਬਾਰ ਜਨਮ ਲਵਾਂਗੇ।"

ਮਲੇਰ ਕੋਟਲੇ ਵਾਲੀ ਘਟਨਾ, ਜਿਸ ਵਿਚ ੬੫ ਨਾਮਧਾਰੀ ਸਿੰਘ ਤੋਪਾਂ ਨਾਲ ਉਡਾਏ ਗਏ, ਇਕ ਨੂੰ ਤਲਵਾਰ ਨਾਲ ਸ਼ਹੀਦ ਕੀਤਾ ਗਿਆ ਇਸਦੇ ਹੁੰਦਿਆਂ ਹੀ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੂੰ ਓਨਾਂ ਦੇ ਮੁਖੀ ਸੂਬਿਆਂ ਸਮੇਤ ਦੇਸ਼ ਨਿਰਵਾਸਤ ਕੀਤਾ ਗਿਆ।

ਏਹ ਐਸਾ ਸਮਾਂ ਸੀ ਜਦੋਂ ਕੋਈ ਅਖਬਾਰ ਅੰਗਰੇਜ਼ਾਂ ਵਿਰੁਧ ਲਿਖਣ ਦੀ ਜੁਰਅਤ ਨਹੀਂ ਸੀ ਕਰ ਸਕਦਾ ਨਾਂ ਹੀ ਕੋਈ ਜਮਾਤ ਐਸੀ ਹਿੰਮਤ ਵਾਲੀ ਸੀ ਜੋ ਨਾਮਧਾਰੀ ਸਿੰਘਾਂ ਦੇ ਸਹਿਯੋਗ ਦੇ ਰੂਪ ਵਿਚ ਕੋਈ ਆਵਾਜ ਉਠਾ ਸਕਦੀ †। ਸਿਖਾਂ ਦਾ ਓਹ ਫਿਰਕਾ ਜੋ ਆਪੇ ਹੀ ਸਿਖਾਂ ਦਾ ਪ੍ਰਤੀਨਿਧ ਹੋਣ ਦਾ ਦਾਅਵੇਦਾਰ ਬਣੀ ਬੈਠਾ ਸੀ, ਜਿਨਾਂ ਦਾ ਪੁਜਾਰੀ ਸ਼੍ਰੇਣੀ ਨਾਲ ਘਨਿਸਟ ਸਬੰਧ ਸੀ, ਜਿਨਾਂ ਵਿਚੋਂ ਬਹੁਤ ਸਾਰੇ ਸ਼ਿੰਘ ਸਭਾ ਦੇ ਆਗੂਆਂ ਵਿਚ ਆਏ, ਜਿਨਾਂ ਨੂੰ ਜਗੀਰਾਂ ਅਤੇ ਖਿਤਾਬ ਦੇਕੇ ਅੰਗਰੇਜ਼ਾਂ ਨੇ ਆਪਣੇ ਅਸਰ ਹੇਠ ਕਰ ਰਖਿਆ ਸੀ, ਓਨਾਂ ਨੇ ਨਾਮਧਾਰੀ ਸਿੰਘਾਂ ਦੇ ਤੋਪਾਂ ਨਾਲ ਉਡਾਏ ਜਾਣ ਦਾ ਸਮਰਥਨ ਸਟੇਜ

† 'ਅੰਮ੍ਰਿਤ ਬਜ਼ਾਰ ਪਤ੍ਰਕਾ' ਕਲਕਤਾ ਨੇ ਏਹ ਕੌੜਾ ਸਚ ਜਰੂਰ ਪ੍ਰਕਾਸ਼ਤ ਕੀਤਾ, ਜਿਸਦਾ ਅੰਗਰੇਜੀ ਪੜੇ ਲਿਖੇ ਬੰਗਾਲੀਆਂ ਨੂੰ ਹੀ ਪਤਾ ਲਗ ਸਕਿਆ।

ਤੇ ਆਕੇ ਕੀਤਾ ਅਤੇ ਅੰਗਰੇਜ਼ਾਂ ਪਾਸੋਂ ਸ਼ਾਬਾਸ ਲਈ।

ਬ੍ਰਿਟਿਸ ਪਾਰਲੀਮੈਂਟ ਵਿਚ ਬਿਨਾਂ ਮੁਕਦਮੇ ਮੌਤ ਦੀ ਸਜਾ ਦੇਣ ਤੇ ਮਲੇਰ ਕੋਟਲੇ ਦੀ ਘਟਨਾ ਬਾਰੇ ਬਹਿਸ ਹੋਈ ਜਿਸ ਵਿਚ ਸ੍ਰਕਾਰੀ ਪਖ ਨਿਰੁਤਰ ਰਿਹਾ। ਪਰ ਦੇਸ਼ ਵਿਚ ਇਸਤਰ੍ਹਾਂ ਦੀ ਗਲ ਕਰਨ ਦਾ ਸਾਹਸ ਕੋਈ ਨਹੀਂ ਕਰ ਸਕਿਆ।

ਸਾਰੇ ਦੇ ਸਾਰੇ ਨਾਮਧਾਰੀ ਸਿੰਘ ਅਪਣੇ ਪਿੰਡਾਂ ਵਿਚ ਨਜਰਬੰਦੀ ਦੀ ਹਾਲਤ ਵਿਚ ਰਹਿਣ ਲਗੇ। ਇਕ ਤੋਂ ਦੂਜੇ ਪਿੰਡ ਭੀ ਥਾਣੇਦਾਰ ਤੋਂ ਪੁਛੇ ਬਿਨਾਂ ਕੋਈ ਨਹੀਂ ਸੀ ਜਾ ਸਕਦਾ। ਸ੍ਰੀ ਭੈਣੀ ਸਾਹਿਬ ਜੋ ਨਾਮਧਾਰੀ ਸਿੰਘਾਂ ਦਾ ਕੇਂਦਰ ਸੀ, ਜਿਥੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਉਤਰਾਧਿਕਾਰੀ ਸਤਿਗੁਰੂ ਹਰੀ ਸਿੰਘ ਜੀ ਨਿਵਾਸ ਰਖਦੇ ਸਨ, ਜੇਲ੍ਹ ਦੇ ਰੂਪ ਵਿਚ ਬਣਿਆ ਹੋਇਆ ਸੀ। ਕਿਉਂਕਿ ਦਰਵਾਜੇ ਤੇ ਪੁਲੀਸ ਚੌਂਕੀ ਸੀ। ਦਰਸ਼ਨ ਕਰਨ ਵਾਲਿਆਂ ਦੇ ਨਾਮ ਲਿਖੇ ਜਾਂਦੇ ਸਨ ਜੋ ਛੇ ਮਹੀਨੇ ਤੋਂ ਪਹਿਲਾਂ ਦੋਬਾਰਾ ਆ ਨਹੀਂ ਸਨ ਸਕਦੇ। ਏਹ ਪੋਲੀਸ ਚੌਂਕੀ ਸੰਮਤ ੧੯੨੯ ਤੋਂ ਲੈਕੇ ਕ੍ਰੀਬ ਇਕਵੰਜਾ ਸਾਲ ਦਰਵਾਜੇ ਤੇ ਰਹੀ।

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਅਵਤਾਰ ਇਸ ਜੇਲ੍ਹ ਵਿਚ ਹੀ ਹੋਇਆ। ਨਾਮਧਾਰੀ ਸਿੰਘਾਂ, ਸ੍ਰੀ ਸਤਿਗੁਰੂ ਹਰੀ ਸਿੰਘ ਜੀ ਅਤੇ ਮਾਤਾ ਜੀਵਨ ਕੌਰ ਜੀ ਨੇ ਇਸ ਅਤਿ ਕਠਿਨਾਈ ਦੇ ਦਿਨਾਂ ਵਿਚ ਭੀ ਆਪਣੇ ਨਿਤ ਕਰਮ, ਸਾਧ ਸੰਗਤ ਦੀ ਸੇਵਾ ਅਤੇ ਜਰੂਰੀ ਕਾਰ ਵਿਹਾਰ, ਜਿਸ ਸਹਿਨ ਸ਼ੀਲਤਾ ਅਤੇ ਯੋਗਯਤਾ ਨਾਲ ਨਿਭਾਏ ਹਨ ਓਨਾਂ ਦਾ ਪ੍ਰਮਾਣ ਨਹੀ ਮਿਲਦਾ।

ਕਾਂਗ੍ਰਸ ਦੀ ਉਪਜ

੩

ਸੰਮਤ ੧੯੪੨(ਸਨ ੧੮੮੫ ਈ.) ਵਿਚ ਏ. ਓ. ਹਯੂਮ ਨਾਮ ਦੇ ਇਕ ਅੰਗਰੇਜ਼(ਜੋ ਉਸ ਵੇਲੇ ਭਾਰਤ ਵਿਚ ਬ੍ਰਿਟਿਸ਼ ਸ੍ਰਕਾਰ ਵਲੋਂ ਅਫਸਰ ਨਿਯੁਕਤ ਕੀਤਾ ਹੋਇਆ ਸੀ) ਨੇ ਕਾਂਗ੍ਰਸ ਨਾਮ ਦੀ ਇਕ ਸੰਸਥਾ ਇਸ ਮਨੋਰਥ ਨਾਲ ਕਾਇਮ ਕੀਤੀ ਕਿ ਸਭ ਲੋਕਾਂ ਨੂੰ ਜੋ ਜਿਸ ਯੋਗਯ ਹੈ, ਆਪਣੇ ਆਪਣੇ ਅਧਿਕਾਰ ਮਿਲਣੇ ਚਾਹੀਦੇ ਹਨ। ਏਹ ਸੰਸਥਾ ਇਸ ਨੇ ਕਾਇਮ ਭਾਂਵੇਂ ਕੀਤੀ ਪਰ, ਏਹ ਅੰਗਰੇਜ਼ੀ ਸ੍ਰਕਾਰ ਨੂੰ ਨਾਰਾਜ ਨਹੀਂ ਸੀ ਕਰਨਾ ਚਾਹੁੰਦਾ। ਇਸ ਸੰਸਥਾ ਵਿਚ ਜੋ ਭਾਰਤੀ ਆਏ ਓਨਾਂ ਵਿਚ ਕੁਛ ਤਾਂ ਇਸ ਦੇ ਪਿਛੇ ਪਿਛੇ ਤੁਰਨ ਵਾਲੇ ਸਨ। ਦੂਸਰੇ ਓਹ ਭੀ ਸਨ ਜਿਨਾਂ ਨੂੰ ਜੋ ਕੁਛ ਅੰਗਰੇਜ ਏਥੇ ਕਰ ਰਹੇ ਸਨ ਓਨਾਂ ਦੀਆਂ ਅਨੀਤੀਆਂ ਵਿਰੁਧ ਕੁਛ ਕਹਿਣ ਦਾ ਹੌਸਲਾ ਅਗੇ ਨਹੀਂ ਸੀ ਅਤੇ ਇਸ ਸੰਸਥਾ ਦੇ ਕਾਇਮ ਹੋਣ ਨਾਲ ਹੌਸਲਾ ਬਣ ਗਿਆ। ਪਰ ਹਯੂਮ ਦੇ ਮੰਤਵਾਂ ਵਿਚ ਏਹ ਗਲ ਸ਼ਾਮਲ ਨਹੀਂ ਸੀ ਕਿ ਅੰਗਰੇਜ, ਭਾਰਤ ਵਿਚੋਂ ਚਲੇ ਜਾਣ ਅਤੇ ਇਸ ਦੇਸ਼ ਵਿਚ ਰਾਜ ਭਾਰਤ ਵਾਸੀਆਂ ਦਾ ਹੀ ਸਥਾਪਿਤ ਹੋਵੇ।

By the time Hrmre left India in 1894, he was no longer to control the movement in which redical ideas were gaining force.
(Encyclopedia Britannica 1965 Ed. Vol. 11 page 833)

ਇਸ ਸੰਸਥਾ ਵਿਚ ਸਾਹਸ-ਯੁਕਤ ਜੋ ਆਏ ਓਨਾਂ ਆਪਣੀਆਂ ਗਲਾਂ ਖੁਲ ਕੇ ਕਰਨੀਆਂ ਸ਼ੁਰੂ ਕਰ ਦਿਤੀਆਂ। ਜੋ ਅੰਗਰੇਜ਼ੀ ਸ੍ਰਕਾਰ

ਦੇ ਵਿਰੁਧ ਸਨ। ਕੁਛ ਸਮਾਂ ਹਕੂਮ ਇਸ ਸੰਸਥਾ ਨੂੰ ਲੈਕੇ ਚਲ ਸਕਿਆ ਪਰ ਭਾਰਤ ਵਾਸੀਆਂ ਦੀਆਂ ਸਰਗਮੀਆਂ ਉਸ ਦੀ ਇਛਾ ਤੋਂ ਵਧ ਗਈਆਂ। ਏਹ ਦੇਖਕੇ ਉਸਨੇ ਇਥੋਂ ਚਲੇ ਜਾਣਾ ਹੀ ਉਚਿਤ ਸਮਝਿਆ।

ਹੁਣ ਏਸ ਸੰਸਥਾ ਦਾ ਚਲਣਾ ਭਾਰਤੀਆਂ ਦੇ ਆਪਣੇ ਤੇ ਨਿਰਭਰ ਸੀ। ਸਮਾਂ ਔਣ ਤੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਚਲਾਏ ਹੋਏ ਵਿਦੇਸ਼ੀ ਰਾਜ ਵਿਰੁਧ ਅੰਦੋਲਨ ਦੇ ਫਲ ਸਰੂਪ, ਲੋਕਾਂ ਵਿਚ ਜਾਗ੍ਰਤੀ ਆਈ। ਅੰਗਰੇਜ਼ਾਂ ਵਿਰੁਧ ਲੈਕਚਰ ਅਤੇ ਕਦੀ ਕਦੀ ਕੋਈ ਤਿਖੀ ਗਲ ਭੀ ਕਰ ਦਿੰਦਾ।

ਓਧਰ ਕੈਨੇਡਾਂ ਅਤੇ ਅਮੈਰੀਕਾ ਵਿਚ ਗਦਰ ਪਾਰਟੀ ਨਾਮ ਦੀ ਸੰਸਥਾ ਸਥਾਪਿਤ ਹੋਈ ਜਿਨਾਂ ਨੇ(ਭਾਵੇਂ ਓਹ ਭੀ ਅੰਗਰੇਜ਼ੀ ਹਕੂਮਤ ਵਾਲੇ ਦੇਸ਼ ਸਨ) ਓਥੇ ਰਹਿਕੇ ਅਤੇ ਓਥੋਂ ਭਾਰਤ ਆਕੇ ਅੰਗਰੇਜ਼ਾਂ ਨੂੰ ਏਥੋਂ ਕਢਣ ਵਾਸਤੇ ਓਹ ਕੁਛ ਕਰਕੇ ਵਿਖਾਇਆ ਜੋ ਆਪਣੀ ਮਿਸਾਲ ਆਪ ਹੀ ਹੈ। ਪੰਜਾਬ ਅਪਣੇ ਕਬਜੇ ਹੇਠ ਕਰਕੇ ਅੰਗਰੇਜ਼ਾਂ ਨੇ ਕਿਸੇ ਨੂੰ ਦਬਾ ਨਾਲ ਕਿਸੇ ਨੂੰ ਲਾਲਚ ਦੇਕੇ ਦੇਸ਼ ਪਿਆਰ ਦੀ ਅਤੇ ਧਰਮ ਦੀ ਭਾਵਨਾਂ ਨੂੰ ਨਿਰਉਤਸਾਹਿਤ ਕਰ ਦਿਤਾ ਸੀ। ਏਹ ਗਦਰ ਪਾਰਟੀ ਵਾਲੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਚਲਾਏ ਧਰਮ ਅਤੇ ਦੇਸ ਪਿਆਰ ਦੀ ਜਾਗ੍ਰਤੀ ਵਾਲੇ ਅੰਦੋਲਨ ਤੋਂ ਪ੍ਰੇਰਨਾ ਲੈਕੇ ਗਏ ਸਨ। ਜਿਸਦੇ ਸੰਕੇਤ ਏਨਾਂ ਲੋਕਾਂ ਦੀ ਕਿਸੇ ਕਿਸੇ ਕਵਿਤਾ ਵਿਚੋਂ ਮਿਲਦੇ ਹਨ। ਬਾਬਾ ਸੋਹਣ ਸਿੰਘ ਭਕਨਾਂ ਪੱਕਾ ਨਾਮਧਾਰੀ ਸੀ ਜੋ ਗਦਰ ਪਾਰਟੀ ਦੇ ਮੋਢੀਆਂ ਵਿਚੋਂ ਇਕ ਸੀ। ਉਸਨੇ ਸਾਫ ਕਿਹਾ ਹੈ ਕਿ ਏਹ ਪ੍ਰੇਰਨਾਂ ਮੈਨੂੰ ਸਤਿਗੁਰੂ ਰਾਮ ਸਿੰਘ ਜੀਦੇ ਸਿਖ ਬਾਬਾ ਕੇਸਰ ਸਿੰਘ ਜੀ ਮਹਾਵੇ ਵਾਲਿਆਂ ਤੋਂ ਹੀ ਪ੍ਰਾਪਤ ਹੋਈ।

ਸੰਨ ੧੯੧੪ ਦੇ ਵਿਸ਼ਵ ਯੁਧ ਵੇਲੇ ਅੰਗਰੇਜ਼ਾਂ ਨੇ ਕਈ ਭਾਰਤੀਆਂ ਨੂੰ ਲਾਲਚ ਦੇਕੇ ਕਈਆਂ ਨੂੰ ਡਰ ਦੇਕੇ ਉਨਾਂ ਪਾਸੋਂ ਸਹਾਇਤਾ ਪ੍ਰਾਪਤ ਕੀਤੀ।

ਭਾਵੇਂ ਓਨਾਂ ਨੂੰ ਪਤਾ ਸੀ ਕਿ ਨਾਮਧਾਰੀ(ਕੂਕੇ) ਇਸ ਤਰਾਂ ਦੇ ਧੋਖੇ ਵਿਚ ਨਹੀਂ ਫਸਦੇ ਤਾਂ ਭੀ ਓਹ ਰੁਕੇ ਨਹੀਂ । ਓਨਾਂਨੇ ਸ੍ਰੀ ਸਤਿਗੁਰੂ ਪ੍ਰਤਾਪਸਿੰਘ ਜੀ ਨੂੰ ਪੇਸ਼ਕਸ਼ ਕੀਤੀ ਜੋ ਠੁਕਰਾਈ ਗਈ ਅਤੇ ਵਲ ਸਰੂਪ ਸਖਤੀਆਂ ਦਾ ਸਾਮ੍ਹਣਾ ਕਰਨਾ ਪਿਆ। ਇਸ ਘਟਨਾ ਨੂੰ ਸ੍ਰੀ ਜੀ. ਐਸ. ਛਾਬੜਾ ਨੇ ਇਹਨਾਂ ਸ਼ਬਦਾਂ ਵਿਚ ਵਰਣਨ ਕੀਤਾ ਹੈ:-

During The World War in 1914 the Britsh Government tried to appease the Kukas by land grants and some other means but failed and had to use a Tyrants rod.,

In 1920 the Kukas started thair 'Satyug' and in 1922 their daily 'Kuka' was started. When the non-cooperetion movement was started by Gandhi ji. The Kukas joined hands freely. Gandhi ji himself is said to have learnt many points from Kukas, and modified his compaigns to evolutionisse the social and political structure of India.

(Advanced Study in the History of Modern India Revised and Enlarged Edition Page 340-41)

ਸ੍ਰੀ ਜੀ. ਐਸ. ਛਾਬੜਾ ਨੇ ਏਹ ਭੀ ਲਿਖਿਆ ਹੈ ਕਿ ਸਮਾਜਿਕ ਅਤੇ ਰਾਜਨੀਤਿਕ ਕਾਰਯ ਕੰਮ ਨੂੰ ਵਿਕਸਿਤ ਕਰਨ ਵਾਸਤੇ ਅਤੇ ਆਪਣੇ ਅੰਦੋਲਨ ਨੂੰ ਨਵਾਂ ਰੂਪ ਦੇਣ ਵਾਸਤੇ ਗਾਂਧੀ ਜੀਨੇ ਬਹੁਤ ਸਾਰੇ ਨੁਕਤੇ ਨਾਮਧਾਰੀਆਂ ਤੋਂ ਪ੍ਰਾਪਤ ਕੀਤੇ।

ਸੰਮਤ ੧੯੭੬(ਸੰਨ ੧੯੧੯) ਦੀ ਵੈਸਾਖੀ ਨੂੰ ਅੰਮ੍ਰਿਤਸ਼ਰ ਜਲਿਆਂ ਵਾਲੇ ਬਾਗ਼ ਵਿਚ ਅੰਗਰੇਜੀ ਸ੍ਰਕਾਰ ਵਿਰਧ ਭੜਕਾਊ ਤਕਰੀਰਾਂ ਕਰਨ ਤੇ ਸੁਣਨ ਆਏ ਨਿਹਥੇ ਭਾਰਤੀਆਂ ਨੂੰ ਅੰਗਰੇਜ਼ਾਂ ਨੇ ਮੈਸ਼ੀਨਗਨ ਨਾਲ ਗੋਲੀਆਂ ਮਾਰ ਮਾਰ ਕੇ ਮਾਰ ਦਿਤਾ ਕਿਤਨੇ ਹੀ ਜਖਮੀ ਹੋ ਗਏ।

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਛੋਟੇ ਭਾਈ ਸ੍ਰੀ ਮਹਾਰਾਜ ਨਿਹਾਲ ਸਿੰਘ ਜੀ ਅਤੇ ਸ੍ਰੀ ਮਹਾਰਾਜ ਗੁਰਦਿਆਲ ਸਿੰਘ ਜੀ ਨੇ ਬੜੇ ਜਤਨ ਨਾਲ ਸੰਮਤ ੧੯੮੦(ਸੰਨ ੧੯੨੩) ਵਿਚ ਸ੍ਰੀ ਭੈਣੀ ਸਾਹਿਬ ਗੁਰਦਵਾਰੇ ਦੇ ਬੂਹੇ ਤੋਂ ਪੋਲੀਸ ਚੌਂਕੀ ਉਠਵਾਈ। ਸ੍ਰਕਾਰ ਨੂੰ ਸਾਫ ਸ਼ਬਦਾਂ ਵਿਚ ਆਖਿਆ ਗਿਆ ਕਿ ਸਾਡੀ ਜਗਾ ਖਾਲੀ ਕਰੋ। ਪਿੰਡ ਵਿਚ ਓਨਾਂ ਨੇ ਏਧਰ ਓਧਰ ਕਈ ਜਗਾ ਪੁਛੀਆਂ। ਜਦੋਂ ਕੋਈ ਜਗਾ ਨਾ ਮਿਲੀ ਤਾਂ(ਮਈ ੧੯੨੩ ਈ: ਵਿਚ)ਚੌਂਕੀ ਉਠਾਈ ਗਈ।

ਇਸ ਸਬੰਧ ਵਿਚ ਡਿਪਟੀ ਕਮਿਸ਼ਨਰ ਵਲੋਂ ਨਿਮਨ ਲਿਖਿਤ ਚਿਠੀ ਸ੍ਰੀ ਸਤਿਗੁਰੂ ਜੀ ਨੂੰ ਭੇਜੀ ਗਈ:-

ਡਿਪਟੀ ਕਮਿਸ਼ਨਰਜ਼ ਆਫਿਸ
ਲੁਧਿਹਾਣਾ ਡਿਸਟ੍ਰਿਕ
੧੨ ਮਈ ੧੯੨੩

ਮੁਕਰਮੀ ਗੁਰੂ ਸਾਹਿਬ-ਸੋਕੇ ਖਿਦਮਾਤ

ਗੌਰਮੈਂਟ ਆਲੀਆ ਨੇ ਚੌਂਕੀ ਭੈਣੀ ਆਲਾ ਕੀ ਪੁਲਿਸ ਹਟਾਨੇ ਕਾ ਫੈਸਲਾ ਫਰਮਾਇਆ ਹੈ। ਲੇਕਿਨ ਫਿਲਹਾਲ ਤਜਰਬਾ ਕੇ ਤੌਰ ਪਰ ਐਸਾ ਕੀਆ ਜਾਏਗਾ। ਅਗਰ ਗੁਰਦਵਾਰੇ ਕੇ ਪਜਾਰੀ ਯਾ ਯਾਤਰੀ ਲੋਗ ਫਿਰ ਕਿਸੀ ਕਿਸਮ ਕੀ ਮੁਜ਼ਰਰਾ ਉਠਾਏਂਗੇ ਯਾ ਬਦ-ਮਾਸ਼ ਵ ਮਫਰੂਰ ਲੋਗੋਂ ਕੋ ਪਨਾਹ ਦੀ ਜਾਏਗੀ ਤੋ ਗੌਰਮਿੰਟ ਫਿਰ ਚੌਕੀ ਕਾਇਮ ਕਰਨੇ ਕੇ ਲੀਏ ਮਜ਼ਬੂਰ ਹੋਗੀ।

ਆਪ ਕਾ ਸਾਦਕ
ਪੀ. ਸੀ. ਹਿਲਟਨ
ਡਿਪਟੀ ਕਮਿਸ਼ਨਰ (ਲੁਧਿਆਣਾ)

ਹਿਜ਼ ਹੋਲੀਨੈਸ ਮਹਾਰਾਜ ਪ੍ਰਤਾਪ ਸਿੰਘ ਭੈਣੀ ਸਾਹਿਬ
ਪੋਸਟ ਆਫਿਸ-- ਹੀਰਾਂ
ਵਾਇਆ–ਲੁਦਿਆਣਾ

ਸ੍ਰੀ ਭੈਣੀ ਸਾਹਿਬ ਗੁਰਦੁਵਾਰੇ ਤੋਂ ਪੁਲਿਸ ਚੌਕੀ ਉਠਾਉਣਵੇਲੇ
ਡਿ: ਕਮਿਸ਼ਨਰ ਲੁਦਿਹਾਣਾ ਵਲੋਂ ਲਿਖੀ ਚਿਠੀ ।

[illegible]

DEPUTY COMMISSIONER'S OFFICE.
Ludhiana DISTRICT.

Dated 12th May 1923.

مکرمی گورو صاحب۔ بشوق ملاقات

گورنمنٹ پنجاب نے چوکی بھینی آل کی پولیس ہٹا لینے
کا فیصلہ فرمایا ہے۔ یقین ہے کہ حال کے تجربہ کے بعد یہ ارادہ کیا
گیا ۔ اگر گوردوارہ میں یا باہر کسی قسم
کی رکاوٹ کی گئی یا بدامنی و شور و غل لوگوں کی طرف سے پیدا کی
جاوے گی تو گورنمنٹ پھر چوکی قائم کرنے کو مجبور ہوگی

آپ کا صادق

J. C. Hilton
Deputy Commissioner
Ludhiana.

His Holiness Maharaj Partap Singh

Bhaini Sahib

P.O. Harian

Via Ludhiana



7 JA. 26
...DHIANA

ਬਾਦ ਵਿਚ ਸੰਮਤ ੧੯੮੨(ਸੰਨ ੧੯੨੫) ਵਿਚ ਕਾਂਗ੍ਰਸ ਵਲੋਂ ਅੰਗਰੇਜ਼ਾਂ ਵਿਰੁਧ ਮੋਰਚਾ ਲਾਇਆ ਗਿਆ। ਜਿਸਦਾ ਕੇਂਦਰ ਬ੍ਰੈਡਲਾ ਹਾਲ ਲਾਹੌਰ ਸੀ। ਸੰਤ ਮੰਗਲ ਸਿੰਘ ਜੀ ਫਤੂਹੀ ਚਕ ਪੰਡਿਤ ਮਨਸਾ ਸਿੰਘ ਜੀ ਸੰਤ ਨਿਧਾਨ ਸਿੰਘ ਜੀ ਆਲਿਮ ਅਤੇ ਮਿਲਖਾ ਸਿੰਘ ਆਦਿ ਕਿਤਨੇ ਹੀ ਨਾਮਧਾਰੀ ਮੁਖੀਆਂ ਨੇ ਇਸ ਮੋਰਚੇਦੀ ਅਗਵਾਈ ਸੰਭਾਲੀ ਅਤੇ ਇਸ ਵਿਚ ਗ੍ਰਿਫਤਾਰੀਆਂ ਦਿਤੀਆਂ।

ਕਲਕਤਾ ਕਾਂਗ੍ਰਸ ਵਿਚ ਸ੍ਰੀ ਮਹਾਰਾਜ ਗੁਰਦਿਆਲ ਸਿੰਘ ਜੀ ਆਪ ਖੁਦ ਗਏ। ਜਾਕੇ ਨਾਮਧਾਰੀ ਪੰਥ ਦੀਆਂ ਕੁਰਬਾਨੀਆਂ ਦੀ ਸਾਰੀ ਜਾਣਕਾਰੀ ਦਿਤੀ। ਮਹਾਰਾਜ ਜੀ ਬੜੇ ਜਜ਼ਬਾਤੀ ਅਤੇ ਵਿਦ-ਵਾਨ ਸਨ। ਆਪ ਜੀ ਦੇ ਲਿਖੇ ਹੋਏ ਅੰਗਰੇਜ਼ੀ ਵਿਚ ਪਤ੍ਰ ਉਸ ਸਮੇਂ ਬੜੇ ਪ੍ਰਭਾਵਸ਼ਾਲੀ ਮੰਨੇ ਗਏ।

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਮੁਠਡਿਆਂ ਜਿ: ਜਲੰਧਰ ਵਿਚ ੧੯੮੪(ਸੰਨ ੧੯੨੭) ਨੂੰ ਮਲੇਰ ਕੋਟਲੇ ਦੇ ਸ਼ਹੀਦਾਂ ਦੀ ਯਾਦ ਵਿਚ ਇਕ ਵਿਸ਼ਾਲ ਸਮਾਗਮ ਕੀਤਾ ਜਿਸ ਵਿਚ ਸੁਤੰਤ੍ਰਤਾ ਸੰਗ੍ਰਾਮ ਦੀ ਭਾਵਨਾਂ ਭਰੇ ਬਹੁਤ ਸਾਰੇ ਹਿੰਦੂ ਅਤੇ ਮੁਸਲਮਾਨਾਂ ਨੇ ਭੀ ਹਿਸਾ ਲਿਆ। ਇਸ ਸਮਾਗਮ ਵਿਚ ਹੋਏ ਭਾਸ਼ਣ ਬਹੁਤ ਪ੍ਰਭਾਵਸ਼ਾਲੀ ਸਨ ਇਹਨਾਂ ਦੇ ਕੁਝ ਅੰਸ਼ ਏਥੇ ਦਿਤੇ ਜਾਣੇ ਅਨੁਚਿਤ ਨਹੀਂ।

"ਸਭ ਥੀਂ ਪਹਿਲਾਂ ਮੈਂ ਆਪ ਦੀ ਸੇਵਾ ਵਿਚ ਇਹ ਦਸ ਦੇਣਾ ਯੋਗ ਸਮਝਦਾ ਹਾਂ ਕਿ ਸਾਡਾ ਇਕਤ੍ਰਤਾ ਕਰਨ ਦਾ ਕੀ ਕਾਰਨ ਅਤੇ ਕੀ ਮੰਤਵ ਹੈ । ਕੀ ਅਸੀਂ ਏਥੇ ਇਸ ਲਈ ਇਕੱਠੇ ਹੋਏ ਹਾਂ ਕਿ ਕਿਸੇ ਹਸਤੀ ਦੀ ਯਾ ਕਿਸੇ ਸ਼ਰੇਣੀ ਦੀ ਯਾ ਕਿਸੇ ਹਕੂਮਤ ਦੀ ਅਯੋਗ ਵਿਰੋਧਤਾ ਕਰੀਏ। ਕੀ ਸਾਡੇ ਏਥੇ ਇਕਠਿਆਂ ਹੋਣ ਦਾ ਕਾਰਣ ਇਹ ਹੈ ਕਿ ਅਸੀਂ ਦੇਸ਼ ਵਿਚ ਫੁਟ ਈਰਖਾ ਅਤੇ ਰਾਗ ਦਵੇਸ਼ ਦਾ ਪ੍ਰਚਾਰ ਕਰਕੇ ਹਿੰਦੁਸਤਾਨ

ਦੀ ਅਸਲੀ ਹਸਤੀ ਨੂੰ ਨਸ਼ਟ ਕਰੀਏ। ਪਿਆਰਿਓ ! ਨਹੀਂ। ਕਦੀ ਨਹੀਂ ਸਾਡੇ ਏਥੇ ਇਕਠਿਆਂ ਹੋਣ ਦਾ ਵਿਸ਼ੇਸ਼ ਕਾਰਨ ਉਨਾਂ ੮੦ ਨਾਮਧਾਰੀ ਸਿਖ ਸ਼ਹੀਦਾਂ ਦੀ ਸ਼ਹਾਦਤ ਅਥਵਾ ਕੁਰਬਾਨੀ ਤੋਂ ਸਿਖਿਆ ਪ੍ਰਾਪਤ ਕਰਨ ਦਾ ਹੈ ਜਿਹੜੇ ਜਨਵਰੀ ਸੰਨ ੧੮੭੨ ਈਸਵੀ ਵਿਚ ਆਪਣੀ ਆਜ਼ਾਦੀ ਭਾਵ ਸੁਤੰਤ੍ਰਤਾ ਦੇ ਦੇਵਤਾ ਨੂੰ ਪ੍ਰਸੰਨ ਕਰਨ ਹਿਤ ਮਲੇਰ ਕੋਟਲੇ ਵਿਖੇ ਕਾਵਨ ਡਿਪਟੀ ਕਮਿਸ਼ਨਰ ਅੰਬਾਲਾ ਦੀ ਫਾਂਸੀ ਦਾ ਅੰਤੀ ਪ੍ਰਸੰਨਤਾ ਨਾਲ ਸ਼ਿਕਾਰ ਹੋਏ ਅਤੇ ਏਸ ਲਈ ਕਿ ਸਤਿਗੁਰੂ ਰਾਮ ਸਿੰਘ ਜੀ ਸਚੇ ਪਾਤਸ਼ਾਹ ਦਾ ਭਾਰਤ ਦੇਸ਼ ਅਤੇ ਧਰਮ ਨੂੰ ਸੁਤੰਤਰ ਕਰਨ ਹਿਤ ਆਪਣੇ ਧਰਮ,ਪਵਿਤ੍ਰ ਜੀਵਨ ਨੂੰ,ਆਪਣੇ ਸਰਬੰਸ, ਆਪਣੇ ਦੇਸ਼, ਅਪਣੀ ਕੌਮ,ਅਤੇ ਆਪਣੀ ਸੰਗਤ,ਤੋਂ ਵਿਛੋੜਕੇ ਪ੍ਰਦੇਸ ਵਿਚ ਲੈ ਜਾਣ ਭਾਵ ਦੂਜੇ ਅਰਥਾਂ ਵਿਚ ਉਸ ਸਮੇਂ ਦੀ ਸ੍ਰਕਾਰ ਦੇ ਕਥਨ ਅਨੁਸਾਰ ਜਲਾਵਤਨ ਹੋ ਜਾਣ ਤੋਂ ਸਬਕ ਹੈ। ਜੋ ਕੋਈ ਪੁਰਸ਼ ਇਹ ਗਲਤੀ ਨਾਲ ਆਖਣ ਦੀ ਦਲੇਰੀ ਕਰੇ ਕਿ ਸਿਖਾਂ ਨੂੰ ਤੋਪਾਂ ਦੇ ਨਿਸ਼ਾਨੇ ਖਣਾਕੇ ਅਤੇ ਉਹਨਾਂ ਨੂੰ ਫਾਂਸੀ ਦੇ ਸ਼ਿਕਾਰ ਕਰਕੇ ਅਰ ਸਤਿਗੁਰੂ ਰਾਮ ਸਿੰਘ ਜੀਨੂੰ ਸਮੇਤ ਉਹਨਾਂਦੇ ਸੂਬਿਆ ਜਲਾਵਤਨ ਕਰਕੇ ਉਹਨਾਂ ਦੀ ਜਾਰੀ ਕੀਤੀ ਹੋਈ ਨਾ-ਮਿਲਵਰਤਣ ਦੀ ਲਹਿਰ ਨੂੰ ਨਸ਼ਟ ਕਰ ਦਿਤਾ ਗਿਆ ਸੀ ਜੋਕਿ ਸਤਿਗੁਰੂਦੀ ਦਰਗਾਹਵਿਚੋਂ ਹਿੰਦੁਸਤਾਨ ਨੂੰ ਗੁਲਾਮੀ ਦੀਆਂ ਬੇੜੀਆਂ ਤੋਂ ਮਕਤ ਕਰਨ ਲਈ ਧਰਮ ਦਾ ਪ੍ਰਚਾਰ ਅਤੇ ਜ਼ਾਲਮਾਂ ਅਭਿਮਾਨੀਆਂ ਦਾ ਅਭਿਮਾਨ ਨਵਿਰਤ ਕਰਨ ਹਿਤ ਅਤੇ ਹਿੰਦੂ ਮੁਸਲਿਮ ਅਤੇ ਸਿਖ ਇਤਿਹਾਸ ਦੀ ਇਸਥਿਤੀ ਆਪਣੇਨਾਲ ਲੈਕੇ ਆਏ। ਪ੍ਰੰਤੂਕੋਈ ਸਮਝਦਾਰ ਪੁਰਸ਼ ਇਹ ਮੰਨਣ ਲਈ ਕਦੇ ਤਿਆਰ ਨਹੀਂ। ਮੇਰਾ ਨਿਸ਼ਚਾ ਹੈ ਕਿ ਅਜ ਭਾਵ ਵਰਤਮਾਨ ਕਾਲ ਵਿਚ ਜੇਹੜੀ ਲਹਿਰ

ਮਹਾਤਮਾ ਗਾਂਧੀ ਜੀ ਰਾਹੀਂ ਜਾਰੀ ਹੋਈ ਹੈ ਅਜੇ ਉਹ ਉਸ ਮੰਜ਼ਿਲ ਤਕ ਨਹੀਂ ਪੁਜੀ ਜਿਥੇ ਸਤਿਗੁਰੂ ਰਾਮ ਸਿੰਘ ਜੀ ਦੇ ਸਿਖ ਸੰਮਤ ੧੯੨੯ ਵਿਚ ਹੀ ਪੁਜ ਗਏ ਸਨ। ਹੁਣ ਮੈਂ ਏਥੇ ਥੋੜੀ ਜਿਹੀ ਚਰਚਾ ਇਸ ਉਕਤ ਕਥਨ ਦੀ ਸਿਧੀ ਹਿੱਤ ਕਰ ਦੇਣੀ ਅਤੀ ਯੋਗ ਅਨੁਭਵ ਕਰਦਾ ਹਾਂ। ਜਰਨ,ਮਹਾਤਮਾ ਗਾਂਧੀ ਦਾ ਨਾ-ਮਿਲਵਰਤਣ ਨੂੰ ਕਾਮਜਾਬ ਬਣਾਣ ਲਈ ਮੁਖ ਅਸੂਲ ਹੈ ਜੇਹੜਾ ਕਿ ਸਤਿਗੁਰੂ ਰਾਮ ਸਿੰਘ ਜੀ ਦੇ ਸਿਖ ੧੮੭੨ ਤੋਂ ਹੀ ਸਰਕਾਰ ਤੇ ਪੁਲਿਸ ਦੇ ਅਸਹਿ ਤੇ ਅਕਹਿ ਕਸ਼ਟ ਸਹਾਰਦੇ ਹੋਏ ਹੀ ਧਾਰਨ ਕਰੀ ਆ ਰਹੇ ਹਨ। ਦੂਜਾ ਅਸੂਲ ਮਹਾਤਮਾ ਜੀ ਦਾ ਨਾ-ਮਿਲਵਰਤਣ ਦੀ ਲਹਿਰ ਨੂੰ ਸਿਰੇ ਚਾੜ੍ਹਨ ਹਿਤ ਹਿੰਦੂ ਮੁਸਲਿਮ ਅਤੇ ਸਿਖ ਕੌਮ ਦਾ ਮਿਲਾਪ ਹੈ। ਸੋ ਇਸ ਦੀ ਰੌਂ ਮਹਾਰਾਜ ਜੀ ਨੇ ਸਰਬਤ ਲਈ ਸਾਂਝਾ ਲੰਗਰ ਜਾਰੀ ਕਰਕੇ ਚਲਾਈ ਅਤੇ ਸਿਖਾਂ ਨੂੰ ਹੁਕਮ ਦਿਤਾ ਕਿ ਕੋਈ ਮਨੁਖ ਭਾਵੇਂ ਕਿਸੇ ਜਾਤੀ ਦਾ ਹੋਵੇ ਉਸਨੂੰ ਆਪਣਾ ਭਾਰਤ ਨਿਵਾਸੀ ਵੀਰ ਅਤੇ ਆਪਣਾ ਅੰਗ ਸਮਝਦੇ ਹੋਏ ਲੰਗਰ ਵਿਚੋਂ ਪ੍ਰਸ਼ਾਦਾ ਦਿਓ। ਅਤੇ ਜਦੋਂ ਤੁਹਾਨੂੰ ਕਿਸੇ ਦੇ ਦੁਖ ਤਕਲੀਫ ਔਕੜ ਅਤੇ ਬਿਪਤਾ ਦਾ ਪਤਾ ਲਗੇ ਤਾਂ ਜਥਾ ਸ਼ਕਤ ਉਸਦਾ ਦਰਦ ਵੰਡਾਓ। ਇਸ ਵੇਲੇ ਮਹਾਤਮਾ ਜੀ ਦੀ ਇਛਾ ਸਰਕਾਰੀ ਨੌਕਰੀ ਸਰਕਾਰੀ ਸਕੂਲਾਂ ਕਾਲਜਾਂ ਅਤੇ ਸਰਕਾਰੀ ਅਦਾਲਤਾਂ ਦਾ ਤਿਆਗ ਕਰਕੇ ਸਵਰਾਜ ਦੇ ਉਚ ਆਦਰਸ਼ ਉਤੇ ਪੁਜਣ ਦੀ ਹੈ, ਪ੍ਰੰਤੂ ਸਤਿਗੁਰੂ ਰਾਮ ਸਿੰਘ ਜੀ ਦੇ ਸਿਖ ਮਹਾਤਮਾ ਜੀ ਦੀ ਉਕਤ ਇਛਾ ਦਾ ਪ੍ਰਤੱਖ ਨਮੂਨਾ ਹਨ। ਕੋਈ ਨਾਮਧਾਰੀ ਸਤਿਗੁਰੂ ਰਾਮ ਸਿੰਘ ਜੀ ਦਾ ਸਿਖ ਅਖਵਾਉਂਦਾ ਹੋਇਆ ਸਰਕਾਰੀ ਅਦਾਲਤ ਵਿਚ ਜਾਣਾ ਨਹੀਂ ਚਾਹੁੰਦਾ, ਆਪਣੀਆਂ ਪੰਥਕ ਪੰਚਾਇਤਾਂ ਵਿਚ ਹੀ ਹਰ ਕਿਸਮ ਦੇ ਫੈਸਲੇ ਹੁੰਦੇ ਹਨ।

ਕੋਈ ਨਾਮਧਾਰੀ ਅਪਣੇ ਬੱਚਿਆਂ ਨੂੰ ਸਰਕਾਰੀ ਸਕੂਲਾਂ ਅਤੇ ਕਾਲਜਾਂ ਵਿਚ ਪੜ੍ਹਨੇ ਪਾਕੇ ਉਨਾਂ ਦੇ ਅਮੋਲਕ ਜੀਵਨ ਨੂੰ ਨਸ਼ਟ ਨਹੀਂ ਕਰਦਾ। ਇਹ ਤਿੰਨੇ ਹੀ ਗਲਾਂ ਜਿਨਾਂ ਦੀ ਪੂਰਤੀ ਵਿਚ ਅਜੇ ਮਹਾਤਮਾ ਜੀ ਨੂੰ ਸਫਲਤਾ ਪ੍ਰਾਪਤ ਨਹੀਂ ਹੋਈ ਉਹ ਨਾਮਧਾਰੀ ਸਿਖਾਂ ਨੂੰ ੧੮੭੨ ਈਸਵੀ ਤੋਂ ਮਲੇਰ ਕੋਟਲੇ ਵਾਲੀਆਂ ੮੦ ਅਤੇ ਹੋਰ ਕਈ ਇਕ ਸਿਖਾਂ ਦੀਆਂ ਕੁਰਬਾ-ਨੀਆਂ ਅਤੇ ਸਤਿਗੁਰੂ ਰਾਮ ਸਿੰਘ ਜੀ ਦੀ ਆਤਮ ਸ਼ਕਤੀ ਦੇ ਅਸਰ ਕਾਰਨ ਹੋ ਚੁਕੀ ਹੈ।

ਸਤਿਗੁਰੂ ਜੀ ਦੇ ਛੋਟੇ ਭਾਈ ਮਹਾਰਾਜ ਗੁਰਦਿਆਲ ਸਿੰਘ ਜੀ ਨੇ ਕਿਹਾ-

"ਮੇਰੇ ਪਿਆਰੇ ਹਿੰਦੂ, ਮੁਸਲਮਾਨ ਅਤੇ ਸਿਖ ਸਜਣੋਂ। ਇਹ ਸ਼ਹੀਦੀ ਦਿਨ ਇਕ ਲੁਕਿਆ ਹੋਇਆ ਦਿਨ ਸੀ...... ਸਤਿਗੁਰੂ ਰਾਮ ਸਿੰਘ ਜੀ ਨੇ ਇਸ ਸੰਸਾਰ ਵਿਚ ਆਕੇ ਸਿਖਾਂ ਵਿਚ ਉਹ ਸ਼ਕਤੀ ਪੈਦਾ ਕਰ ਦਿਤੀ ਜਿਹੜੀ ਗੁਲਾਮੀ ਦੀਆਂ ਜੰਜੀਰਾਂ ਨੂੰ ਤੋੜਨ ਵਾਲੀ ਕਹੀ ਜਾ ਸਕਦੀ ਹੈ। ਭਾਵੇਂ ਉਸ ਵੇਲੇ ਦੇ ਝੋਲੀ ਚੁਕਾਂ ਨੇ ਇਸ ਸਪਿਰਟ ਨੂੰ ਦਬਾਨ ਦਾ ਬਹੁਤ ਯਤਨ ਕੀਤਾ ਪ੍ਰੰਤੂ ਸਚਿਆਈ ਸਚਿਆਈ ਹੀ ਹੁੰਦੀ ਹੈ। ਇਸ ਲਈ ਓਹਨਾਂ ਦੀ ਇਹ ਕੂੜੀ ਆਸ ਪੂਰੀ ਨਾ ਹੋਈ।

"ਸਜਣੋ" ਭਾਵੇਂ ਅਜ ਸਾਨੂੰ ਆਖਿਆ ਜਾਂਦਾ ਹੈ ਕਿ ਤੁਹਾਡੇ ਉਤੋਂ ਪੁਲਿਸਦਾ ਪਹਿਰਾ ਉਠਾ ਲਿਆ ਗਿਆ ਹੈ ਪਰ ਅਸੀਂ ਓਨਾਂ ਚਿਰ ਸੁਖੀ ਨਹੀਂ ਹੋਵਾਂਗੇ ਜਿਨਾਂ ਚਿਰਖਿਲਾਫਤ ਦਾ ਮਾਮਲਾ ਅਤੇ ਪੰਜਾਬ ਦਾ ਸਵਾਲ ਹਲ ਨਹੀਂ ਹੋ ਜਾਂਦਾ। ਹਿੰਦੂਓ ਅਤੇ ਮੁਸਲਮਾਨੋਂ ਅਸੀਂ ਜਦ ਤਕ ਜਿਊਂਦੇ ਹਾਂ ਤਦ ਤਕ ਤੁਹਾਡੇ ਨਾਲ ਹਾਂ। ਸਾਨੂੰ ਚਾਹੀਦਾ ਹੈ ਕਿ ਸਰਕਾਰ ਨਾਲ

ਨਾ-ਮਿਲਵਰਤਣ ਕਰਨ ਲਈ ਸਾਡੀ ਆਪਸ ਵਿਚ ਗੂਹੜੀ ਮਿਲਵਰਤਨ ਹੋਵੇ। ੧੯੭੨ ਵਿਚ ਨਾਮਧਾਰੀਆਂ ਦਾ ਇਹ ਹਾਲ ਹੋਇਆ। ੧੯੧੯ ਵਿਚ ਜਲ੍ਹਿਆਂ ਵਾਲੇ ਬਾਗ ਵਿਚ ਸਾਡੀ ਸਾਰਿਆਂ ਦੀ ਦੁਰਦਸ਼ਾ ਹੋਈ। ਮਹਾਤਮਾ ਗਾਂਧੀ ਕਈ ਵਾਰੀ ਆਖ ਚੁਕੇ ਹਨ ਕਿ ਜਿਨਾਂ ਚਿਰ ਤੁਸੀਂ ਆਪਸ ਵਿਚ ਚੰਗਾ ਮਿਲਾਪ ਨਾ ਕਰੋਗੇ ਓਨਾਂ ਚਿਰ ਤੁਹਾਨੂੰ ਸਰਕਾਰ ਨਾਲ ਨਾ-ਮਿਲਵਰਤਨ ਵਿਚ ਸਫਲਤਾ ਕਦਾਚਿਤ ਪ੍ਰਾਪਤ ਨਹੀਂ ਹੋ ਸਕਦੀ। ਸ੍ਵਰਾਜ ਦੀ ਪ੍ਰਾਪਤੀ ਲਈ ਆਤਮਕ ਬਲ ਦੀ ਲੋੜ ਹੈ। ਪਹਿਲੋਂ ਜਰਨਾ ਸਿਖੋ। ਜਦ ਤਕ ਤੁਹਾਡੇ ਵਿਚ ਆਤਮਕ ਸ਼ਕਤੀ ਨਹੀਂ ਤਦ ਤਕ ਤੁਸੀਂ ਜਰ ਨਹੀਂ ਸਕਦੇ ਅਤੇ ਜਰਨ ਤੋਂ ਬਿਨਾਂ ਤੁਸੀਂ ਮੁਰਦੇ ਅਤੇ ਗੁਲਾਮ ਹੋ।

"ਆਤਮਕ ਸ਼ਕਤੀ ਤੋਂ ਬਿਨਾਂ ਨਾ-ਮਿਲਵਰਤਨ ਵਿਚ ਕਦ ਵੀ ਸਫਲਤਾ ਪ੍ਰਾਪਤ ਨਹੀਂ ਹੋ ਸਕਦੀ।"

੧੯੮੬(ਸੰਨ ੧੯੨੯) ਵਿਚ ਲਾਹੌਰ ਵਿਚ ਕਾਂਗ੍ਰਸ ਦਾ ਜਲਸਾ ਬਹੁਤ ਵਿਸ਼ਾਲ ਹੋਇਆ ਜਿਸ ਦੀ ਪ੍ਰਧਾਨਗੀ ਪੰ: ਜਵਾਹਰ ਲਾਲ ਨਹਿਰੂ ਨੇ ਕੀਤੀ। ਏਹ ਜਲਸਾ ਹੋ ਨਹੀਂ ਸੀ ਸਕਦਾ ਜੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਆਗਿਆ ਦਾ ਪਾਲਣ ਕਰਨ ਵਾਲੇ ਨਾਮਧਾਰੀ ਸਿੰਘ ਪੂਰਨ ਸਹਿਯੋਗ ਨਾਂ ਦਿੰਦੇ। ਪ੍ਰਧਾਨ ਦਾ ਜਲੂਸ ਕਢਣ ਵਾਲਿਆਂ ਨੂੰ ਸ਼ਹਿਰ ਵਿਚ ਵੜਨ ਨਹੀਂ ਸੀ ਦਿਤਾ ਜਾਂਦਾ। ਪਰ ਸੁਘੜ ਨਾਮਧਾਰੀਆਂ ਨੇ ਵਖ ਵਖ ਦਰਵਾਜਿਆਂ ਤੋਂ ਭੇਸ ਬਦਲਕੇ ਘੋੜੇ ਲਿਆਕੇ ਓਦੋਂ ਹੀ ਪਤਾ ਲਗਣ ਦਿਤਾ ਜਦੋਂ ਜਲੂਸ ਵਾਲੇ ਥਾਂ ਤੇ ਇਕਤ੍ਰਿਤ ਹੋ ਗਏ। ਜਲੂਸ ਵਿਚ ਮਹਾਰਾਜ ਨਿਹਾਲ ਸਿੰਘ ਜੀ ਅਤੇ ਸੰਤ ਮੰਗਲ ਸਿੰਘ ਜੀ ਨੇ ਅਗੇ ਹੋਕੇ ਭਾਗ ਲਿਆ। ਏਹ ਓਹ ਸਮਾਂ ਸੀ ਜਦੋਂ ਬਾਬਾ ਖੜਕ ਸਿੰਘ (ਜਿਸਨੂੰ ਓਸ ਵੇਲੇ ਸਿਖਾਂ ਦਾ ਬੇਤਾਜ ਬਾਦਸ਼ਾਹ ਕਿਹਾ ਜਾਂਦਾ ਸੀ) ਨੇ ਅੰਗਰੇਜਾਂ ਦੀ ਝੋਲੀ ਚੁਕਦਿਆਂ


ਸਿਖਾਂ ਵਲੋਂ ਕਾਂਗ੍ਰਸ ਦਾ ਬਾਈਕਾਟ ਕਰਨ ਦਾ ਐਲਾਨ ਕਰ ਦਿਤਾ ਸੀ।

ਇਸ ਸੰਮੇਲਨ ਦੇ ਲੰਗਰ ਦਾ ਪ੍ਰਬੰਧ ਪੂਜ ਮਾਤਾ ਜੀਵਨ ਕੌਰ ਜੀ ਨੇ ਕੀਤਾ। ਛਕਣ ਆਏ ਸਭ ਲੋੜਵੰਦਾਂ ਨੂੰ ਸੰਤੁਸ਼ਟ ਕਰਕੇ ਤੋਰਿਆ।

ਸੰਮਤ੧੯੯੬(ਫਰਵਰੀ ੧੭ ਸੰਨ ੧੯੩੯) ਵਿਚ ਲੁਧਿਆਣੇ ਸਟੇਟ ਪੀਪਲਜ਼ ਕਾਨਫ੍ਰੰਸ ਹੋਈ। ਏਥੇ ਪੰਡਿਤ ਜਵਾਹਰ ਲਾਲ ਨਹਿਰੂ ਨੂੰ ਨਿਮੰਤ੍ਰਿਤ ਕੀਤਾ ਗਿਆ, ਪੰਡਿਤ ਜੀ ਦਾ ਭੱਵਯ ਜਲੂਸ ਘੋੜਿਆਂ ਤੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਆਪ ਵਿਚ ਸ਼ਾਮਲ ਹੋਕੇ ਸੰਪੂਰਨ ਕੀਤਾ। ਅਤੇ ਅਗਲੇ ਦਿਨ ਪੰਡਿਤ ਜੀ ਨੂੰ ਸ੍ਰੀ ਭੈਣੀ ਸਾਹਿਬ ਬੁਲਾਇਆ।

ਪੰਡਿਤ ਜੀ, ਡਾ: ਪਟਾਭੀ ਸੀਤਾਰਮਯਾ ਡਾ: ਕਿਚਲੂ ਅਤੇ ਮਾ: ਤਾਰਾ ਸਿੰਘ ਜੀ ਨੂੰ ਨਾਲ ਲੈਕੇ ਸ੍ਰੀ ਭੈਣੀ ਸਾਹਿਬ ਆਏ। ਏਥੇ ਅਪਣੀ ਕਾਰ ਵਿਚ ਬੈਠਾਲਕੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਪੰ: ਜਵਾਹਰ ਲਾਲ ਨਹਿਰੂ ਦਾ ਸ਼ਾਨਦਾਰ ਜਲੂਸ ਕਢਿਆ। ਕਾਰ ਦੇ ਮਗਰ ਵਰਤਮਾਨ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਅਤੇ ਲੇਖਕ ਭੀ ਘੋੜਿਆਂ ਤੇ ਸਵਾਰ ਸਨ। ਜਲੂਸ ਤੋਂ ਬਾਦ ਇਕ ਵਡਾ ਸਮਾਰੋਹ ਹੋਇਆ ਜਿਸ ਵਿਚ ਡਾ: ਸੈਫਦੀਨ ਕਿਚਲੂ ਮੌਲਾਨਾ ਹਬੀਬੁਲਰਹਮਾਨ ਮਾ: ਤਾਰਾ ਸਿੰਘ ਜੀ ਅਤੇ ਲੁਧਿਆਣਾ ਦੇ ਹੋਰ ਨੇਤਾ ਭੀ ਸ਼ਾਮਲ ਹੋਏ। ਉਪ੍ਰੰਤ ਗਾਮਸਰ ਬਾਗ ਵਿਚ ਕੋਠੀ ਪਾਸ ਸਭ ਆਏ ਹੋਏ ਪੰਡਿਤ ਜੀ ਅਤੇ ਹੋਰ ਪ੍ਰਾਹੁਣਿਆਂ ਨੂੰ ਸ੍ਰੀ ਸਤਿਗੁਰੂ ਜੀ ਅਪਣੀ ਹਥੀਂ ਪ੍ਰਸ਼ਾਦ ਛਕਾਇਆ। ਏਥੇ ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਦੇਸ ਗਮਨ ਅਤੇ ਮਲੇਰ ਕੋਟਲੇ ਸ਼ਹੀਦ ਹੋ ਰਹੇ ਸਿੰਘਾਂ ਦੀਆਂ ਤਸਵੀਰਾਂ ਵੇਖਕੇ ਪੰਡਿਤ ਜਵਾਹਰ ਲਾਲ ਜੀ ਦੀਆਂ ਅਖਾਂ ਭਰ ਆਈਆਂ।

ਉਨ੍ਹਾਂ ਦਿਨਾਂ ਵਿਚ ਪੰਜਾਬ ਦਾ ਗਵਰਨਰ ਸਰ ਹੈਨਰੀ ਕਰੇਕ ਸੀ। ਘੋੜ ਦੌੜ ਵਿਚ ਘੋੜੇ ਹੋਣ ਕਰਕੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨਾਲ ਓਹ ਚੰਗੇ ਸਬੰਧ ਰਖਦਾ ਸੀ। ਪੰਡਿਤ ਜੀ ਦੇ ਔਣ ਤੇ ਉਸਨੂੰ



ਸਟੇਟ ਪੀਪਲਜ਼ ਕਾਨਫਰੰਸ- ਫਰਵਰੀ ਸੰਨ ੧੯੩੯, ਪੰ: ਜਵਾਹਰ ਲਾਲ ਦਾ ਭਵਯ ਜਲੂਸ, ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਆਪ ਅਗਵਾਈ ਕਰ ਰਹੇ ਹਨ ਅਤੇ ਹੋਰ ਨਾਮਧਾਰੀ ਸਿੰਘ ਭਾਰੀ ਗਿਣਤੀ ਵਿਚ ਨਾਲ ਹਨ।

ਕੁਛ ਹੈਰਾਨੀ ਹੋਈ ਅਤੇ ਸ੍ਰੀ ਸਤਿਗੁਰੂ ਜੀ ਨੂੰ ਉਸਨੇ ਪੁਛਿਆ ਕਿ ਪੰਡਿਤ ਜੀ ਆਪ ਕੇ ਕੈਸੇ ਪਾਸ ਆਏ ? ਸ੍ਰੀ ਸਤਿਗੁਰੂ ਜੀ ਅਗੋਂ ਉਤਰ ਦਿਤਾ, ਕਿ ਉਨਕਾ ਆਪਣਾ ਘਰ ਹੈ. ਵੋਹ ਕਭੀ ਭੀ ਵਹਾਂ ਆ ਸਕਤੇ ਹੈਂ। ਗਵਰਨਰ ਨੇ ਫੇਰ ਏਹ ਪੁਛਿਆ ਕਿ "ਉਨਸੇ ਆਪ ਕੀ ਕਿਆ ਬਾਤ ਹੂਈ ? ਸ੍ਰੀ ਸਤਿਗੁਰੂ ਜੀ ਉਤਰ ਦਿਤਾ, ਜੋ ਉਨਕੋ ਤਕਲੀਫ਼ ਥੀ ਵੋਹ ਉਨੋ ਨੇ ਹਮ ਸੇ ਕਹੀ, ਜੋ ਹਮ ਕੋ ਥੀ, ਹਮ ਨੇ ਉਨਸੇ ਕਹੀ। ਇਸ਼ਤੋਂ ਬਾਦ ਫੇਰ ਉਸਨੇ ਕੋਈ ਗਲ ਨਹੀਂ ਕੀਤੀ।

ਸਰਬ ਭਾਰਤੀ ਕਾਂਗ੍ਰਸ ਦੇ ਪ੍ਰਧਾਨ ਹੁੰਦੇ ਹੋਏ, ਉਪ੍ਰੋਕਤ ਘਟਨਾਂ ਤੋਂ ਪਹਿਲਾਂ ਡਾ: ਰਾਜੇਂਦਰ ਪ੍ਰਸ਼ਾਦ ਸ੍ਰੀ ਭੈਣੀ ਸਾਹਿਬ ਆਏ ਸਨ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਉਨਾਂ ਨੂੰ ਬਹੁਤ ਸਨਮਾਨ ਦਿਤਾ ਅਤੇ ਨਾਮਧਾਰੀ ਵਿਦਿਆਲੇ ਦੇ ਸੰਗੀਤ ਸਿਖਸ਼ਕ ਬਚਿਆਂ ਪਾਸੋਂ ਸ਼ਾਸਤ੍ਰੀ ਸੰਗੀਤ ਸੁਣਾਇਆ। ਓਹੋਂ ਲੇਖਕ ਭੀ ਓਨਾਂ ਬਚਿਆਂ ਵਿਚ ਸ਼ਾਮਲ ਸੀ।

ਅੰਗ੍ਰੇਜ਼ਾਂ ਨੂੰ ਦੇਸ ਵਿਚੋਂ ਕਢਣ ਵਾਸਤੇ ਕਈ ਸ਼੍ਰੇਣੀਆਂ ਨੇ ਆਪਣੇ ਆਪਣੇ ਢੰਗ ਨਾਲ ਜਤਨ ਕੀਤੇ। ਇਸ ਲੇਖ ਵਿਚ ਉਨਾਂ ਸ਼੍ਰੇਣੀਆਂ ਦਾ ਵਰਣਨ ਕਰਨਾ ਭੀ ਜ਼ਰੂਰੀ ਹੈ। ਕਿਉਂ ਕਿ ਓਨਾਂ ਦੇ ਕਈ ਮੁਖੀਆਂ ਦੇ ਸੰਬੰਧ ਨਾਮਧਾਰੀ ਪੰਥ ਨਾਲ ਭੀ ਰਹੇ ਹਨ।

ਗਦਰ ਪਾਰਟੀ, ਜਿਨਾਂ ਨੇ ਕੈਨੇਡਾ ਅਤੇ ਅਮਰੀਕਾ ਤੋਂ ਭਾਰਤ ਸੁਤੰਤਰ ਕਰਨ ਵਾਸਤੇ ਅੰਦੋਲਨ ਸ਼ੁਰੂ ਕੀਤਾ। ਉਨਾਂ ਸਾਰੇ ਮੁਖੀਆਂ ਦਾ ਵਰਣਨ ਕਰਨ ਨਾਲ ਏਹ ਲੇਖ ਬਹੁਤ ਵਿਸਥਾਰਿਤ ਹੋ ਜਾਇਗਾ। ਪਰ ਇਕ ਦੋ ਵਿਸ਼ੇਸ਼ ਵਿਅਕਤੀਆਂ ਦੇ ਨਾਮ ਵਰਣਨ ਕਰਨੇ ਜ਼ਰੂਰੀ ਹਨ।

ਬਾਬਾ ਸੋਹਣ ਸਿੰਘ ਜੀ ਚੀਚਾ ਭਕਨਾ ਜ਼ਿਲਾ ਅੰਮ੍ਰਿਤਸਰ ਗਦਰ ਪਾਰਟੀ ਨਾਲ ਸੰਬੰਧਤ ਬੜੇ ਪ੍ਰਸਿਧ ਦੇਸ਼ ਭਗਤ ਹੋਏ ਹਨ। ਏਹ ਮਹਾਨ ਤਿਆਗੀ ਪੁਰਸ਼ ਸਨ। ਸੰਤ ਕੇਸਰ ਸਿੰਘ ਜੀ ਮੁਹਾਵੇ ਵਾਲੇ ਮਹਾਨ ਪੁਰਖ ਨਾਮਧਾਰੀ ਸੰਤਾਂ ਤੋਂ ਏਨ੍ਹਾਂ ਨੂੰ ਸਿੱਖੀ ਦੀ ਦੀਖਿਆ ਮਿਲੀ।

ਏਨਾਂ ਅੰਦਰ ਸੇਵਾ ਦੀ ਭਾਵਨਾ ਪ੍ਰਬਲ ਸੀ। ਸੋਧ ਰਖਕੇ ਲੰਗਰ ਦਾ ਜਲ ਢੋਣ ਦੀ ਸੇਵਾ ਕਰਦੇ ਰਹੇ। ਅੰਗ੍ਰੇਜ਼ੀ ਰਾਜ ਵਿਰੁਧ ਜੂਝਦਿਆਂ ਸਾਰਾ ਜੀਵਨ ਬਤੀਤ ਕੀਤਾ। ਏਨਾਂ ਨੂੰ ਕਈ ਸੁਆਰਥੀਆਂ ਵਲੋਂ ਕਈ ਪ੍ਰਕਾਰ ਦੇ ਲਾਲਚ ਦਿਤੇ ਗਏ ਪਰ ਇਨਾਂ ਨੂੰ ਦੇਸ਼ ਪਿਆਰ ਦੀ ਐਸੀ ਲਗਨ ਸੀ, ਏਨਾਂ ਨੇ ਕਿਸੇ ਦੀ ਕੋਈ ਪ੍ਰਵਾਹ ਨਹੀਂ ਕੀਤੀ। ਏਨਾਂ ਦਾ ਦੇਹਾਂਤ ਹੋਏ ੧੦-੧੨ ਸਾਲ ਹੋਏ ਹਨ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਘਰ ਸਦਕੇ ਆਪਣੇ ਮੁਢਲੇ ਅਤੇ ਬਾਦ ਦੇ ਜੀਵਨ ਦੇ ਸਭ ਹਾਲ ਟੇਪ ਰੀਕਾਰਡ ਕਰਵਾਏ।

ਬਾਬਾ ਗੁਰਦਿਤ ਸਿੰਘ ਜੀ, ਜਿਨਾਂ ਨੇ ਜਾਪਾਨ ਤੋਂ "ਕਾਮਾਗਾਟਾ ਮਾਰੂ" ਜਹਾਜ ਦੇਸ਼ ਭਗਤਾਂ ਨਾਲ ਭਰਕੇ ਕੈਨੇਡਾ ਤੋਂ ਭਾਰਤ ਲਿਆਂਦਾ। ਬਜ ਬਜ ਘਾਟ ਕਲਕਤਾ ਤੇ ਜਹਾਜ ਕਿਨਾਰੇ ਲਗਣ ਵੇਲੇ ਅੰਗ੍ਰੇਜ਼ਾਂ ਵਲੋਂ ਗੋਲੀ ਚਲਾਈ ਗਈ ਤੇ ਕਈਆਂ ਨੂੰ ਉਥੇ ਪ੍ਰਾਣ ਦੇਣੇ ਪਏ। ਏਹ ਓਥੋਂ ਬਚਕੇ ਨਿਕਲੇ ਅਤੇ ਕਿਤਨਾਚਿਰ ਅੰਗ੍ਰੇਜ਼ਾਂ ਦੀ ਅਖ ਤੋਂ ਬਚੇ ਰਹੇ। ਏਨਾਂਦਾ ਭੀ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨਾਲ ਘਨਿਸ਼ਟ ਸੰਬੰਧ ਸੀ।

ਕਮਿਊਨਿਸਟ ਪਾਰਟੀ ਦੇ ਨੇਤਾ ਸ੍ਰ. ਤੇਜਾ ਸਿੰਘ ਜੀ ਸੁਤੰਤਰ ਸ੍ਰ. ਸੋਹਣ ਸਿੰਘ ਜੀ ਜੋਸ਼ ਅਤੇ ਹੋਰ ਕਈ ਐਸੇ ਸਨ ਜਿਨਾਂ ਦੇ ਨਾਮ ਯਾਦ ਨਹੀਂ ਆ ਰਹੇ। ਉਪ੍ਰੋਕਤ ਦੋਵੇਂ ਵਯਕਤੀ ਬਹੁਤ ਵਾਰੀ ਸੁਤੰਤ੍ਰਤਾ ਸੰਗ੍ਰਾਮ ਕਰਦੇ ਹੋਏ ਰੂਪੋਸ਼ ਹੋਏ ਅਤੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਪਾਸ ਪਨਾਹ ਅਤੇ ਸਹਾਇਤਾ ਲੈਂਦੇ ਰਹੇ।

ਭਾਰਤ ਆਜ਼ਾਦ ਹੋਣ ਤੋਂ ਬਾਦ, ਹਰਿਆਣਾ ਬਣਨ ਤੋਂ ਪਹਿਲਾਂ ਪੰਜਾਬ ਸ੍ਰਕਾਰ ਦੇ ਲੋਕ ਸੰਪਰਕ ਵਿਭਾਗ ਦੇ ਡਾਇਰੈਕਟਰ. ਸ੍ਰੀ ਰਾਜਿੰਦਰ ਲਾਲ ਸ੍ਰੀ ਜੀਵਨ ਨਗਰ ਆਏ ਸਨ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਓਦੋਂ ਸਚਖੰਡ ਪਿਆਨਾ ਕਰ ਚੁਕੇ ਸਨ। ਓਨਾਂ ਨੂੰ ਜਦੋਂ ਸ੍ਰੀ ਜੀਵਨ ਨਗਰ ਦੀ ਸਾਰੀ ਜਾਣਕਾਰੀ ਕਰਾਈ ਤਾਂ ਓਨਾਂ ਆਖਿਆ

ਕਿ ਅੰਗਰੇਜ਼ੀ ਰਾਜ ਵੇਲੇ ਇਕ ਸਮੇਂ ਮੇਰੀ ਗ੍ਰਿਫਤਾਰੀ ਦਾ ਹੁਕਮ ਹੋਇਆ ਸੀ। ਮੈਂ ਉਹ ਦਿਨ ਲੁਕ ਛਿਪਕੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਪਾਸ ਬਿਤਾਏ। ਤੁਰਨ ਵੇਲੇ ਮੈਨੂੰ ਓਨਾਂ ਨੇ ਬਸਤਰ ਅਤੇ ਖਰਚ ਭੀ ਦਿਤਾ।

ਬਬਰ ਅਕਾਲੀ ਪਾਰਟੀ ਪੰਜਾਬ ਵਿਚ ਆਪਣੇ ਸਮੇਂ ਦੀ ਨਾਮਵਰ ਹੋ ਚੁਕੀ ਹੈ। ਇਨਾਂ ਦਾ ਗੁਰਦਵਾਰਿਆਂ ਤੇ ਕਬਜ਼ੇ ਕਰਨ ਨਾਲ ਸਬੰਧ ਨਹੀਂ ਸੀ। ਇਨਾਂ ਦਾ ਏਹ ਨਿਸ਼ਾਨਾ ਸੀ ਕਿ ਕਿਵੇਂ ਅੰਗਰੇਜ਼ਾਂ ਨੂੰ ਭਾਰਤ ਵਿਚੋਂ ਕਢਿਆ ਜਾਵੇ। ਏਨਾਂ ਵਿਚ ਰਤਨ ਸਿੰਘ ਨਾਮੀ ਇਕ ਪ੍ਰਸਿਧ ਦੇਸ਼ਭਗਤ ਹੋਇਆ ਹੈ। ਏਹਬਹੁਤ ਹੁਸ਼ਿਆਰ ਸੀ। ਅੰਗਰੇਜ਼ੀ ਸ੍ਰਕਾਰ ਦੇ ਕਰਮਚਾਰੀ ਇਸ ਤੋਂ ਡਰਦੇ ਸਨ। ਅੰਗਰੇਜ਼ਾਂ ਨੇ ਇਸਨੂੰ ਡਾਕੂ ਆਖਕੇ ਭੰਡਿਆ ਅਤੇ ਏਧਰ ਓਧਰ ਦੀਆਂ ਊਜਾਂ ਲਾਕੇ ਡਾਕੇ ਦਾ ਮੁਕਦਮਾ ਇਸ ਦੇ ਵਿਰੁਧ ਚਲਾ ਦਿਤਾ। ਏਹ ਓਨਾਂ ਪਾਸੋਂ ਪਕ-ੜਿਆ ਨਾ ਗਿਆ । ਇਸ ਦੇ ਪਾਸ ਬੰਦੂਕ ਸੀ। ਪੋਲੀਸ ਅਤੇ ਲੋਕਾਂ ਦੀ ਭੀੜ ਇਸ ਦੇ ਮਗਰ ਲਗੀ ਘੇਰਾ ਪਾਇਆ ਹੋਇਆ ਸੀ। ਏਹ ਸ੍ਰੀ ਭੈਣੀ ਸਾਹਿਬ ਆਇਆ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਓਸ ਵੇਲੇ ਬਾਹਰ ਸਾਧ ਸੰਗਤ ਨੂੰ ਦਰਸ਼ਨ ਦੇਣ ਗਏ ਹੋਏ ਸਨ। ਵਰਤਮਾਨ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਬਾਲ ਅਵਸਥਾ ਵਿਚ ਓਥੇ ਸਨ। ਓਸਨੇ ਏਨਾਂ ਨੂੰ ਨਮਸਕਾਰ ਕੀਤੀ। ਅਤੇ ਉਸਤਾਦ ਹਰਨਾਮ ਸਿੰਘ ਜੀ ਰਾਗੀ ਨੂੰ ਮਿਲਿਆ। ਪਾਣੀ ਪੀਤਾ ਓਹ ਉਲਟ ਗਿਆ। ਫੇਰ ਕੁਛ ਨਹੀਂ ਖਾਧਾ। ਰਾਮਸਰ ਬਾਗ ਵਿਚ ਦੀ ਹੋਕੇ ਦੂਜੇ ਬੂਹੇ ਉਤਰ (ਪਹਾੜ) ਵਾਲੇ ਪਾਸੇ ਬਾਹਰ ਨਿਕਲ ਗਿਆ। ਪੋਲੀਸ ਵਾਲੇ ਜਾਂ ਹੋਰ ਕੋਈ ਡਰਦੇ ਨੇੜੇ ਨਹੀਂ ਸਨ ਜਾ ਸਕਦੇ। ਇਕ ਦੋ ਜਣੇ ਆਪਣੀ ਬਹਾਦਰੀ ਵਿਖਾਓਣ ਵਾਸਤੇ ਉਸ ਦੇ ਨੇੜੇ ਗਏ ਉਹ ਉਸਦੀ ਬੰਦੂਕ ਦਾ ਨਿਸ਼ਾਨਾ ਬਣੇ। ਇਸ ਤੋਂ ੩-੪ ਦਿਨ ਬਾਦ ਇਕ ਮਕਾਨ ਵਿਚ ਉਸਨੂੰ ਘੇਰਕੇ ਅਗ ਲਾ ਦਿਤੀ। ਰਤਨ ਸਿੰਘ ਅੰਗਰੇਜ਼ਾਂ ਦੇ ਹਥ ਨਹੀਂ

ਆਇਆ ਓਥੇ ਹੀ ਪ੍ਰਾਣ ਦੇ ਦਿਤੇ।

ਗਿਣਤੀ ਨਹੀਂ ਕੀਤੀ ਜਾ ਸਕਦੀ ਕਿ ਅੰਗ੍ਰੇਜ਼ਾਂ ਤੋਂ ਕਿਤਨੇ ਬਾਗੀ ਦੇਸ਼ ਭਗਤ ਸਨ ਜੋ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਪਾਸ ਪਨਾਹਗੀਰ ਹੁੰਦੇ ਰਹੇ।

ਦੂਜੀ ਵਿਸ਼ਵ ਵਯਾਪੀ ਜੰਗ ਤੋਂ ਪਹਿਲਾਂ ਮਾਸਟਰ ਤਾਰਾ ਸਿੰਘ ਜੀ ਕੁਛ ਚਿਰ ਕਾਂਗ੍ਰਸ ਵਿਚ ਰਹੇ। ਪਰ ਜੰਗ ਸ਼ੁਰੂ ਹੋਣ ਤੋਂ ਪਿਛੋਂ ਅੰਗ੍ਰੇਜ਼ਾਂ ਦੀ ਚਾਲ ਵਿਚ ਫਸ ਗਏ ਅਤੇ ਉਨ੍ਹਾਂ ਦੇ ਸਮਰਥਕ ਬਣ ਗਏ। ਮਾਸਟਰ ਜੀ ਨੇ ਗੁਟਕੇ ਛਪਵਾਕੇ ਸਿਖ ਫੌਜਾਂ ਵਿਚ ਵੰਡੇ ਅਤੇ ਓਨਾਂ ਨੂੰ ਅੰਗ੍ਰੇਜ਼ਾਂ ਦੀ ਸਹਾਇਤਾ ਕਰਨ ਦੀ ਪ੍ਰੇਰਨਾ ਦਿਤੀ। ਚੋਣਾਂ ਵਿਚ ਵੀ ਕਾਂਗ੍ਰਸ ਇਕ ਪਾਸੇ ਅਤੇ ਅੰਗ੍ਰੇਜ਼ ਸ੍ਰਕਾਰ ਦਾ ਸਹਯੋਗ ਪ੍ਰਾਪਤ ਕਰ ਰਹੀ, ਜਿਸਦੇ ਆਗੂਆਂ ਵਿਚ ਮਾਸਟਰ ਜੀ ਸਨ ਅਕਾਲੀ ਪਾਰਟੀ ਦੂਜੇ ਪਾਸੇ ਸੀ। ਕਈ ਜਗਾ ਆਪਸ ਵਿਚ ਹਥੋ ਪਾਈ ਹੋਣ ਦੀ ਹਾਲਤ ਵੀ ਹੋਈ।

ਸੰਮਤ ੧੯੯੮ (ਸੰਨ ੧੯੪੧) ਵਿਚ ਅਬੋਹਰ ਵਿਚ 'ਹਿੰਦੀ ਸਹਿਤ ਸੰਮੇਲਨ' ਹੋਇਆ। ਸਮੇਲਨ ਦੇ ਮੁਖੀਆਂ ਨੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੂੰ ਓਥੇ ਆਮੰਤ੍ਰਿਤ ਕੀਤਾ। ਸ੍ਰੀ ਸਤਿਗੁਰੂ ਜੀ ਦੇ ਨਾਲ ਬਾਹਰੋਂ ਆਈ ਅਤੇ ਇਲਾਕੇ ਦੀ ਸੰਗਤ ਭੀ ਓਥੇ ਗਈ। ਹਵਨ ਹੋਇਆ। ਓਨਾਂ ਮੁਖੀਆਂ ਵਿਚ ਬਹੁਤ ਸਾਰੇ ਓਹ ਲੋਕ ਸਨ ਜਿਨ੍ਹਾਂ ਨੂੰ ਨਾਮਧਾਰੀ ਪੰਥ ਦੀ ਜਾਣਕਾਰੀ ਅਗੇ ਬਿਲਕੁਲ ਹੀ ਨਹੀਂ ਸੀ। ਜਦੋਂ ਓਨਾਂ ਨੇ ਸਿਖਾਂ ਨੂੰ ਹਵਨ ਕਰਦੇ ਵੇਖਿਆ ਤਾਂ ਬਹੁਤ ਪ੍ਰਭਾਵਿਤ ਹੋਏ ਅਤੇ ਪਾਸ ਬੈਠ ਬੈਠਕੇ ਹਵਨ ਦੀ ਬਾਣੀ ਸ੍ਰਵਣ ਕੀਤੀ। ਲੇਖਕ ਭੀ ਉਸ ਵੇਲੇ ਓਥੇ ਹੀ ਸੀ।

ਇਸ ਸਮੇਲਨ ਤੇ ਬਾਬੂ ਪ੍ਰਸ਼ੋਤਮ ਦਾਸ ਜੀ ਟੰਡਨ ਭੀ ਗਏ ਹੋਏ ਸਨ। ਏਹ ਕਾਂਗ੍ਰਸ ਦੇ ਸਰਵੋਚ ਲੀਡਰਾਂ ਅਧਿਕਾਰੀਆਂ ਵਿਚੋਂ ਸਨ, ਪਰ ਧਾਰਮਿਕ ਵੀਚਾਰ ਅਤੇ ਦੇਸ਼ ਦੀ ਸੰਸਕ੍ਰਿਤੀ ਏਨ੍ਹਾਂ ਦੇ ਰੋਮ ਰੋਮ

ਵਿਚ ਧਸੇ ਹੋਏ ਸਨ। ਏਹ ਬਹੁਤ ਲਾਇਕ ਵਕੀਲ ਸਨ ਅਤੇ ਉਤਰ ਪ੍ਰਦੇਸ ਅਸੈਂਬਲੀ ਦੇ ਸਪੀਕਰ ਭੀ ਰਹਿ ਚੁਕੇ ਹਨ। ਏਨਾਂ ਨੇ ਕੇਸ ਦਾੜ੍ਹੀ ਰਖੇ ਹੋਏ ਸਨ।

ਸਮੇਲਨ ਦੀ ਸਮਾਪਤੀ ਵੇਲੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਵਲੋਂ ਨਿਮੰਤ੍ਰਨ ਦਿਤਾ ਗਿਆ ਕਿ ਅਗਲਾ ਹਿੰਦੀ ਸਾਹਿਤਜ ਸਮੇਲਨ ਸ੍ਰੀ ਭੈਣੀ ਸਾਹਿਬ ਕੀਤਾ ਜਾਵੇ।

ਵਿਦੇਸ਼ੀ ਰਾਜ ਵਿਰੁਧ ਤੀਬ੍ਰ ਜਾਗ੍ਰਤੀ

੪

ਇਸ ਉਪ੍ਰੰਤ ੧੯੪੨ ਈ: ਨੂੰ ਮਹਾਤਮਾਂ ਗਾਂਧੀ ਜੀ ਵਲੋਂ ਕੁਇਟ ਇੰਡੀਆ (ਦੇਸ਼ ਛਡ ਜਾਓ) ਅੰਦੋਲਨ ਅੰਗ੍ਰੇਜ਼ਾਂ ਵਿਰੁਧ ਜਾਰੀ ਕੀਤਾ ਗਿਆ। ਕਈ ਸਰਕਾਰੀ ਇਮਾਰਤਾਂ ਅਤੇ ਹੋਰ ਸੰਪਤੀ ਨੂੰ ਭੜਕੇ ਹੋਏ ਲੋਕਾਂ ਨੇ ਬਹੁਤ ਹਾਨੀ ਪਹੁੰਚਾਈ। ਇਸ ਅੰਦੋਲਨ ਤੋਂ ਚਿੜਕੇ ਅੰਗ੍ਰੇਜ਼ਾਂ ਨੇ ਕਾਂਗ੍ਰਸ ਦੇ ਸਭ ਮੁਖੀਆਂ ਨੂੰ ਜੇਲਾਂ ਵਿਚ ਡਕ ਦਿਤਾ। ਅੰਦਰ ਦਿਤੇ ਗਏ ਮੁਖੀਆਂ ਵਿਚ ਪ੍ਰਸ਼ੋਤਮ ਦਾਸ ਜੀ ਟੰਡਨ ਭੀ ਸਨ।

ਏਧਰ ਹਿੰਦੀ ਸਾਹਿਤਜ ਸਮੇਲਨ ਦੇ ਮੁਖੀਆਂ ਨੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨਾਲ ਗਲਬਾਤ ਸ਼ੁਰੂ ਕੀਤੀ ਕਿ ਸਮੇਲਨ ਦਾ ਪ੍ਰਬੰਧ ਸ਼ੁਰੂ ਕੀਤਾ ਜਾਵੇ। ਸ੍ਰੀ ਸਤਿਗੁਰੂ ਜੀ ਨੇ ਓਨਾਂ ਨੂੰ ਆਖਿਆ ਕਿ ਜਿਨਾਂ ਨੂੰ ਅਸੀਂ ਇਸ ਸਮੇਲਨ ਵਿਚ ਏਥੇ ਵੇਖਣਾ ਚਾਹਦੇ ਹਾਂ ਉਹ ਸਭ ਅੰਦਰ ਹਨ। ਸਾਡਾ ਦਿਲ ਖੁਸ਼ ਨਹੀਂ। ਓਨਾਂ ਦੇ ਬਾਹਰ ਔਣ ਤੇ ਹੀ ਸਮੇਲਨ ਕੀਤਾ ਜਾਇਗਾ।

ਦੇਸ਼ ਵੰਡਾਰੇ ਤੋਂ ਪਹਿਲਾਂ ਹੋਈਆਂ ਚੋਣਾਂ ਵੇਲੇ ਸ. ਪ੍ਰਤਾਪ ਸਿੰਘ ਕੈਰੋਂ ਪੰਜਾਬ ਕਾਂਗ੍ਰਸ ਦੇ ਜਨਰਲ ਸੈਕਟਰੀ ਸਨ। ਓਨਾਂ ਦੇ ਆਗ੍ਰਹ ਕਰਨ ਤੇ ਪੰਡਿਤ ਜਵਾਹਰ ਲਾਲ ਜੀ ਨਹਿਰੂ ਪੰਜਾਬ ਵਿਚ ਚੋਣ ਸੰਗ੍ਰਾਮੀਆਂ ਨੂੰ ਉਤਸ਼ਾਹਤ ਕਰਨ ਆਏ। ਮੁਸਲਮਾਨਾਂ ਦੀ ਖਾਕਸਾਰ ਨਾਮ

ਵੀ ਪਾਰਟੀ ਨੇ ਅੰਗ੍ਰੇਜ਼ਾਂ ਦੇ ਇਸ਼ਾਰੇ ਤੇ ਪੰਡਿਤ ਜੀ ਦੇ ਜਲਸਿਆਂ ਵਿਚ ਵਿਘਨ ਪਾਉਣ ਦੇ ਜ਼ਤਨ ਕੀਤੇ। ਲੁਦਿਹਾਣੇ ਜਦੋਂ ਪੰਡਿਤ ਜ਼ੀ ਆਏ ਤਾਂ ਓਨਾਂ ਨੇ ਖੂਬ ਸ਼ੋਰ ਮਚਾਇਆ। ਪੰਡਿਤ ਜੀ ਇਕਲੇ ਹੀ ਨਿਡਰ ਹੋਕੇ ਉਨਾਂ ਦੇ ਵਿਚ ਜਾ ਵੜੇ। ਓਹ ਸਭ ਚੁਪ ਹੋ ਗਏ। ਇਸ ਸਮੇ ਵਰਤਮਾਨ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ, ਸੰਤ ਮੰਗਲ ਸਿੰਘ ਜੀ ਅਰਸ਼ੀ ਫਰਿਸ਼ਤਾ ਅਤੇ ਲੇਖਕ ਭੀ ਲਦਿਹਾਣੇ ਹੀ ਸਨ।

ਲੁਧਿਆਣੇ ਤੋਂ ਪੰਡਿਤ ਜੀ ਦੀ ਅਤੇ ਸਾਡੀ ਕਾਰ, ਮੋਗਾ ਫਿਰੋਜਪੁਰ ਦੇ ਰਸਤੇ ਲਾਹੌਰ ਤਕ ਨਾਲ ਨਾਲ ਹੀ ਗਏ। ਅਗਲੇ ਦਿਨ ਨਨਕਾਣਾ ਸਾਹਿਬ ਦਾ ਮੇਲਾ ਸ੍ਰੀ ਗਰੂ ਨਾਨਕ ਦੇਵ ਜੀ ਦੇ ਅਵਤਾਰ ਧਾਰਨ ਦਾ ਪੁਰਬ ਸੀ। ਅਸੀਂ ਓਥੇ ਪਹੁੰਚੇ ਅਤੇ ਪੰਡਿਤ ਜੀ ਭੀ ਓਥੇ ਪਹੁੰਚੇ।

ਅਕਾਲੀ ਪਾਰਟੀ ਉਸ ਵੇਲੇ ਅੰਗਰੇਜ਼ਾਂ ਦੀ ਇਛਾ ਅਨੁਸਾਰ ਚਲ ਰਹੀ ਸੀ। ਪੰਡਿਤ ਜੀ ਦੇ ਨਨਕਾਣੇ ਸਾਹਿਬ ਪਹੰਚਣ ਤੋਂ ਜਰਾ ਕੁ ਪਹਿਲੋਂ ਅਕਾਲੀਆਂ ਨੇ ਕਾਂਗ੍ਰਸ ਦੇ ਜਲਸਾ ਵਾਲੀ ਸਟੇਜ ਨੂੰ ਅਗ ਲਾ ਦਿਤੀ। ਪੰਡਿਤ ਜੀ ਓਥੇ ਨਾਮਧਾਰੀ ਦੀਵਾਨ ਵਿਚ ਸ੍ਰੀ ਸਤਿਗਰੂ ਪ੍ਰਤਾਪ ਸਿੰਘ ਜੀ ਦੇ ਪਾਸ ਆਏ ਤੇ ਭਾਸ਼ਣ ਦਿਤਾ। ਭਾਵੇਂ ਪੰਡਿਤ ਜਵਾਹਰ ਲਾਲ ਜੀ ਧਾਰਮਿਕ ਵਿਸ਼ਵਾਸੀ ਨਹੀਂ ਸਨ। ਪਰ ਸ੍ਰ. ਪ੍ਰਤਾਪ ਸਿੰਘ ਕੈਰੋਂ ਦੇ ਆਖਣ ਤੇ ਗੁਰਦਵਾਰਾ ਜਨਮ ਸਥਾਨ ਜਾਣ ਦਾ ਪ੍ਰੋਗ੍ਰਾਮ ਓਨਾਂ ਦਾ ਨਿਸ਼ਚਿਤ ਹੋ ਗਿਆ। ਪੰਡਿਤ ਜੀ ਦੇ ਸਰਖਯਤ ਗੁਰਦਵਾਰੇ ਜਾਣ ਔਣ ਲਈ ਸੇਵਾਦਾਰਾਂ ਦੀ ਲੋੜ ਸੀ। ਦੂਜੇ ਸਿਖਾਂ ਵਿਚ ਤਾਂ ਓਨਾਂ ਦਾ ਵਿਸ਼ਵਾਸ ਨਹੀਂ ਸੀ ਰਿਹਾ। ਸੋ ਨਾਮਧਾਰੀ ਸਿੰਘਾਂ ਦਾ ਜਥਾ ਜਿਨਾਂ ਵਿਚ ਲੇਖਕ ਭੀ ਸ਼ਾਮਲ ਸੀ, ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਆਗਿਆ ਅਨੁਸਾਰ ਪੰਡਿਤ ਜੀ ਨੂੰ ਲੈਕੇ ਗਰਦਵਾਰੇ ਗਿਆ। ਡਿਓਢੀ ਅਤੇ ਗੁਰਦਵਾਰੇ ਦੇ ਅਧ ਵਿਚ ਹੀ ਗਏ ਸੀ ਕਿ ਇਕੁ ਕਾਗ੍ਰਸੀ ਵਾਲੰਟੀਅਰ ਨੇ ਕਿਸੇ ਨੂੰ ਧੱਕਾ ਮਾਰ ਦਿਤਾ। ਇਸਤੋਂ ਚਿੜਕੇ ਪੰ: ਜਵਾਹਰ ਲਾਲ ਇਥੋਂ ਹੀ ਵਾਪਸ ਆ ਗਏ।

ਸ੍ਰੀ ਸਤਿਗਰੂ ਜੀ ਵਲੋਂ ਦੂਰ ਨੇੜੇ ਬੈਠੇ ਸਭ ਨਾਮਧਾਰੀ ਸਿੰਘਾਂ ਨੂੰ ਆਦੇਸ਼ ਸੀ ਕਿ ਵੋਟ ਕਾਂਗ੍ਰਸ ਨੂੰ ਪੌਣੇ ਹਨ । ਮਾਨਾਂਵਾਲਾ(ਜ਼ਿਲਾ ਸ਼ੇਖੂਪੁਰਾ) ਦੇ ਸਰਦਾਰਾਂ ਦੀ ਜਮੀਨ ਵਿਚ ਜੋ ਨਾਮਧਾਰੀ(ਜ਼ਿਮੀਦਾਰ ਮਜ਼ਾਰੇ) ਬੈਠੇ ਸਨ, ਉਨਾਂ ਉਤੇ ਸਰਦਾਰਾਂ ਨੇ ਖ਼ੂਬ ਰੋਭ ਪਾਇਆ ਕਿ ਵੋਟ ਕਾਂਗ੍ਰਸ ਨੂੰ ਨਹੀਂ ਦੇਣੇ । ਕਈਆਂ ਦੇ ਘਰ ਬਾਲ ਹੋਣ ਵਾਲੇ ਸਨ। ਓਨਾਂ ਨੂੰ ਕਵੇਲੇ ਘਰਾਂ ਤੋਂ ਕਢਿਆ ਗਿਆ ਤਾਂ ਭੀ ਓਨਾਂ ਕੋਈ ਪ੍ਰਵਾਹ ਨਾ ਕੀਤੀ ਅਤੇ ਵੋਟਾਂ ਕਾਂਗ੍ਰਸ ਨੂੰ ਦਿਤੀਆਂ ।

ਇਨਾਂ ਚੋਣਾਂ ਵਿਚ ਪੰਜਾਬ ਅਸੈਂਬਲੀ ਵਿਚ ਪ੍ਰਧਾਨ ਰੂਪ ਵਿਚ ਤਿੰਨ ਪਾਰਟੀਆਂ ਸਫਲ ਹੋਈਆਂ ਯੂਨਿਸਟ ਪਾਰਟੀ ਜਿਸ ਵਿਚ ਬਹੁਤੇ ਸ੍ਰਕਾਰ ਪਖੀ ਮੁਸਲਮਾਨ ਸਨ । ਦੂਜੀ ਕਾਂਗ੍ਰਸ ਪਾਰਟੀ । ਜਿਸ ਵਿਚ ਬਹੁਤੇ ਹਿੰਦੂ ਸਨ ਪਰ ਮੁਸਲਮਾਨ ਅਤੇ ਕੁਛ ਸਿਖ ਭੀ ਸਨ । ਤੀਜੀ ਅਕਾਲੀ ਪਾਰਟੀ ਜਿਸ ਵਿਚ ਸ੍ਰ. ਸਵਰਨ ਸਿੰਘ ਵਿਸ਼ੇਸ਼ ਸਨ ।

ਚੋਣਾਂ ਹੁੰਦਿਆਂ ਹੀ ਸ੍ਰਕਾਰ ਬਣਨੀ ਸੀ । ਯੂਨਿਅਨਿਸਟ ਪਾਰਟੀ ਗਿਣਤੀ ਵਿਚ ਤਾਂ ਸਭ ਤੋਂ ਵਧ ਸੀ ਪਰ ਸ੍ਰਕਾਰ ਬਣਾਉਣ ਜੋਗੇ ਮੈਂਬਰ ਓਨਾਂ ਦੇ ਨਹੀਂ ਸਨ । ਇਸ ਕਰਕੇ ਇਹ ਫੈਸਲਾ ਹੋਇਆ ਕਿ ਕੁਲੀਸ਼ਨ (ਮਿਲੀਆਂ ਜੁਲੀਆਂ ਪਾਰਟੀਆਂ ਦੀ) ਸ੍ਰਕਾਰ ਬਣੇ । ਉਸ ਵੇਲੇ ਕਾਂਗ੍ਰਸ ਦੇ ਪ੍ਰਧਾਨ ਮੌਲਾਨਾਂ ਅਬਲ ਕਲਾਮ ਆਜਾਦ ਸਨ । ਓਹ ਪੰਜਾਬ ਰਾਜਨੀਤੀ ਦੇ ਬਹੁਤੇ ਵਾਕਿਫ ਨਹੀਂ ਸਨ । ਓਨਾਂ ਨੇ ਲਾਹੌਰ ਪਹੁੰਚਕੇ ਫੈਸਲਾ ਕਰਨਾ ਸੀ ਕਿ ਕਾਂਗ੍ਰਸ ਵਲੋਂ ਵਜ਼ਾਰਤ ਵਿਚ ਕੌਣ ਕੌਣ ਸ਼ਾਮਲ ਹੋਵੇ । ਦਿਲੀ ਤੋਂ ਤੁਰਨ ਵਲੇ ਓਨਾਂ ਪੰ: ਜਵਾਹਰ ਲਾਲ ਜੀ ਨੂੰ ਪੁਛਿਆ ਤਦ ਓਨਾਂ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਨਾਮ ਮੌਲਾਨਾਂ ਜੀ ਨੂੰ ਦਸਿਆ ਕਿ ਇਸ ਕੰਮ ਵਾਸਤੇ ਓਨਾਂ ਦੀ ਸਲਾਹ ਜਰੂਰ ਲੈਣੀ ਮੌਲਾਨਾ ਜੀ ਹਵਾਈ ਜਹਾਜ ਤੇ ਲਾਹੌਰ ਪਹੁੰਚੇ । ਰਸਤੇ ਵਿਚ ਕੋਠੀ ਸੀ ਜਿਥੇ ਸ੍ਰੀ ਸਤਿਗੁਰੂ ਜੀ ਠਹਿਰੇ ਹੋਏ ਸਨ ।"ਵਾਲਟਨ ਟ੍ਰੇਨਿੰਗ ਸਕੂਲ" ਹਵਾਈ ਅਡੇ ਤੋਂ ਉਤਰਦੇ ਮੌਲਾਂਨਾ ਜੀ ਸਿਧੇ ਸ੍ਰੀ

ਸਤਿਗੁਰੂ ਜੀ ਪਾਸ ਪਹੁੰਚੇ ਅਤੇ ਪੁੱਛਿਆ ਕਿ ਕਿਸ ਕਿਸ ਨੂੰ ਲਿਆ ਜਾਵੇ।

ਸ੍ਰੀ ਸਤਿਗੁਰੂ ਜੀ ਨੇ ਲਾਲਾ ਭੀਮ ਸੈਨ ਸਚਰ ਦਾ ਨਾਮ ਅਤੇ ਦੂਜਾ ਚੌਧਰੀ ਲਹਿਰੀ ਸਿੰਘ ਰੋਹਤਕ ਦਾ ਨਾਮ ਦਸਿਆ, ਮੌਲਾਨਾ ਜੀ ਨੇ ਇਸੇਤਰ੍ਹਾਂ ਕੀਤਾ। ਅਕਾਲੀਆਂ ਵਲੋਂ ਸ੍ਰ. ਸਵਰਨ ਸਿੰਘ ਜੀ ਸ਼ਾਮਲ ਹੋਏ। ਯੂਨੀਅਨਿਸਟ ਪਾਰਟੀ ਦੇ ਨੇਤਾ ਮਲਿਕ ਖਿਜ਼ਰ ਹਯਾਤ ਟਿਵਾਣਾ ਮੁਖ ਮੰਤ੍ਰੀ ਬਣੇ।

ਪ੍ਰਸਿਧ ਦੇਸ਼ ਭਗਤ ਅਤੇ ਨਾਮਵਰ ਸ਼ਹੀਦ ਸ੍ਰ. ਭਗਤ ਸਿੰਘ,ਜਿਨਾਂ ਨੇ ਅੰਗਰੇਜ਼ੀ ਰਾਜ ਵੇਲੇ ਅਸੈਂਬਲੀ ਅੰਦਰ ਦਿਲੀ ਬੰਬ ਸੁਟਿਆ ਸੀ, ਏਨਾਂ ਨੂੰ ਭੀ ਨਾਮਧਾਰੀ ਪੰਥ ਤੋਂ ਹੀ ਦੇਸ਼ ਆਜ਼ਾਦੀ ਦੀ ਪ੍ਰੇਰਨਾ ਮਿਲੀ ਸੀ। ਇਸਦੀ ਝਲਕ ਓਨਾਂ ਦੇ ਆਪਣੇ ਲੇਖਾਂ ਵਿਚੋਂ ਮਿਲਦੀ ਹੈ। ਨਿਸ਼ਾਨਾ ਤਾਂ ਇਕੋ ਸੀ ਪਰ ਚਲਣ ਦਾ ਢੰਗ ਸਭ ਦਾ ਆਪੋ ਆਪਣਾ ਸੀ। ਏਨਾਂ ਦੀ ਬੰਬ ਸੁਟਣ ਦੀ ਕਾਰਵਾਈ ਨੂੰ ਗਾਂਧੀ ਜੀ ਨੇ ਪਸੰਦ ਨਹੀਂ ਸੀ ਕੀਤਾ। ਇਸੇਤਰ੍ਹਾਂ ਨੇਤਾ ਜੀ ਸੁਭਾਸ਼ ਚੰਦਰ ਬੋਸ ਭੀ ਗਰਮ ਖਿਆਲੀਏ ਸਨ। ਏਨਾਂ ਦੇ ਵੀਚਾਰਾਂ ਨਾਲ ਭੀ ਮਹਾਤਮਾ ਗਾਂਧੀ ਜੀ ਸਹਿਮਤ ਨਹੀਂ ਹੁੰਦੇ ਸਨ।

ਨੇਤਾ ਜੀ ਨੂੰ ਅੰਗਰੇਜ਼ਾਂ ਨੇ ਕੈਦ ਕਰ ਰਖਿਆ ਸੀ। ਓਹ ਕਿਸੇ ਤਰ੍ਹਾਂ ਕੈਦ ਵਿਚੋਂ ਨਿਕਲਕੇ ਜਰਮਨੀ ਆਦਿ ਹੁੰਦੇ ਹੋਏ ਜਪਾਨ ਪਹੁੰਚ ਗਏ। ਦੂਜਾ ਵਿਸ਼ਵ ਯੁਧ ਏਨਾਂ ਦਿਨਾਂ ਵਿਚ ਜੋਰਾਂ ਤੇ ਸੀ। ਜਪਾਨ ਵਲੋਂ ਜੋ ਲੜਾਈ ਅੰਗਰੇਜ਼ਾਂ ਨਾਲ ਲੜੀ ਗਈ ਇਸ ਦਾ ਵਡਾ ਮੋਰਚਾ ਪੂਰਬੀ ਬੰਗਾਲ ਅਤੇ ਆਸਾਮ ਵਾਲੇ ਪਾਸੇ ਸੀ। ਅੰਗਰੇਜ਼ਾਂ ਤੋਂ ਬਾਗੀ ਹੋ ਚੁਕੇ ਫੌਜੀ ਜੋ ਆਜਾਦ ਹਿੰਦ ਫੌਜ ਵਿਚ ਸ਼ਾਮਲ ਸਨ, ਅੰਗਰੇਜ਼ੀ ਫੌਜਾਂ ਵਿਰੁਧ ਉਪ੍ਰੋਕਤ ਮੋਰਚੇ ਤੇ ਲੜ ਰਹੇ ਸਨ, ਇਹਨਾਂ ਫੌਜਾਂ ਦਾ ਸੰਚਾਲਨ ਸਿਆਮ(ਥਾਈਲੈਂਡ) ਤੋਂ ਨੇਤਾ ਜੀ ਅਤੇ ਕੁਛ ਹੋਰ, ਸਣੇ ਜਾਪਾਨੀਆਂ ਦੇ ਕਰ ਰਹੇ ਸਨ।



ਦੂਜੇ ਵਿਸਵਯੁਧ ਦੇ ਖਤਮ ਹੋਣ ਪਿਛੋਂ, ਫੌਜੀ ਅਦਾਲਤ ਵਿਚੋਂ ਬਰੀ ਹਣ ਉਪ੍ਰੰਤ ਆਜਾਦ ਹਿੰਦ ਫੌਜ ਦੇ ਸੈਨਾਨੀਆਂ ਦਾ ਲਾਹੌਰ ਵਿਚ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਵਲੋਂ ਸਵਾਗਤ ਕੀਤਾ ਗਿਆ। ਸਭ ਤੋਂ ਅਗਲੀ ਲਾਈਨ ਖਬੇ ਤੋਂ ਸਜੇ ੧.ਕੈਪਟਨ ਢਿਲੋਂ ੨. ਲੈ: ਜਨ: ਸ਼ਾਹਨਿਵਾਜ ੩.ਸ੍ਰੀ ਸਤਿਗੁਰੂ ਪ੍ਰਤਾਪ ਸਿਘ ਜੀ ੪. ਕੈਪਟਨ ਸਹਿਗਲ

ਸਿਆਮ(ਥਾਈਲੈਂਡ) ਦੀ ਰਾਜਧਾਨੀ ਬੈਂਕੋਕ ਵਿਚ ਆਜ਼ਾਦ ਹਿੰਦ ਫ਼ੌਜ ਦਾ ਜੋ ਕੇਂਦਰ ਸੀ ਏਥੇ ਸੰਤ ਫੂਲਾ ਸਿੰਘ ਜੀ ਨਾਮਧਾਰੀ ਦੇ ਸਯੋਗ ਸਪੁਤ੍ਰ ਸੇਠ ਗੁਰਬਖਸ਼ ਸਿੰਘ ਜੀ'ਪ੍ਰੀਤਮ' ਨੇ ਆਜ਼ਾਦ ਹਿੰਦ ਫੌਜ ਦੇ ਸੁਪਲਾਈ ਸੈਕਟਰੀ ਦੀ ਸੇਵਾ ਸੰਭਾਲੀ। ਆਪ ਦਾ ਪਰਿਵਾਰ ਨੇਤਾ ਜੀ ਸੁਭਾਸ਼ ਚੰਦਰ ਬੋਸ ਦੇ ਨਿਕਟ ਵਰਤੀਆਂ ਵਿਚੋਂ ਸੀ। ਏਨਾਂ ਤੋਂ ਚੌਥੇ ਥਾਂ ਇਨਾਂ ਦੇ ਛੋਟੇ ਭਾਈ ਸੇਠ ਤ੍ਰਲੋਕ ਸਿੰਘ ਜੀ ਨੇਤਾ ਜੀ ਦੀ ਕਾਰ ਚਲਾਉਣ(ਡਰਾਇਵਰੀ) ਦੀ ਸੇਵਾ ਕਰਦੇ ਰਹੇ।

ਇਸ ਜੰਗ ਦੀ ਸਮਾਪਤੀ ਵੇਲੇ ਆਜ਼ਾਦ ਹਿੰਦ ਫੌਜ ਦੇ ਪਕੜੇ ਹੋਏ ਕਈ ਫੌਜੀਆਂ ਤੇ ਫੌਜੀ ਅਦਾਲਤ ਵਿਚ(ਕੋਰਟ ਮਾਰਸ਼ਲ) ਮੁਕਦਮੇ ਚਲਾਏ ਗਏ। ਲਾਲ ਕਿਲੇ ਦਿਲੀ ਵਿਚ ਸੁਣਵਾਈ ਸ਼ੁਰੂ ਹੋਈ। ਕਾਂਗ੍ਰਸੀ ਲੀਡਰਾਂ ਵਿਚ ਜੋ ਵਕਾਲਤ ਵਿਚ ਮਾਹਰ ਸਨ, ਸਣੇ ਪੰ: ਜਵਾਹਰ ਲਾਲ ਓਹ ਫੌਜੀ ਦੋਸ਼ੀਆਂ ਵਲੋਂ ਪੇਸ਼ ਹੋਏ।

ਬਰੀ ਹੋਣ ਵਾਲਿਆਂ ਵਿਚੋਂ ਸਭ ਤੋਂ ਪਹਿਲਾ ਜਥਾ ਕਰਨਲ ਸਹਿਗਲ ਕੈਪਟਨ ਢਿੱਲੋਂ ਅਤੇ ਲੈ; ਜਨਰਲ ਸ਼ਾਹਨਿਵਾਜ ਤਿਨੇ ਪੰਜਾਬੀ ਸਨ। ਪੰਜਾਬ ਔਣ ਤੇ ਏਨਾਂ ਦਾ ਭਾਰੀ ਸਨਮਾਨ ਕੀਤਾ ਗਿਆ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਲਾਹੌਰ ਆਪਣੀ ਕੋਠੀ ਬੁਲਾਕੇ ਏਨਾਂ ਨੂੰ ਬਹੁਤ ਸਨਮਾਨਿਤ ਕੀਤਾ। ਭਾਰਤ ਅਜੇ ਸੁਤੰਤਰ ਨਹੀਂ ਸੀ ਹੋਇਆ। ਏਨਾਂ ਦੀ ਨੌਕਰੀ ਫੌਜ ਵਿਚੋਂ ਸਮਾਪਤ ਕਰ ਦਿਤੀ ਸੀ। ਓਨਾਂ ਦਿਨਾਂ ਵਿਚ ਆਪਣੀਆਂ ਆਰਥਿਕ ਲੋੜਾਂ ਵਾਸਤੇ ਏਹ ਜਦੋਂ ਸ੍ਰੀ ਭੈਣੀ ਸਾਹਿਬ ਔਂਦੇ ਤਾਂ ਸ੍ਰੀ ਸਤਿਗੁਰੂ ਜੀ ਏਨਾਂ ਦੀ ਸਹਾਇਤਾ ਕਰਦੇ।

ਦੇਸ਼ ਸ੍ਵਤੰਤਰ ਹੋਣ ਤੋਂ ਕੁਛ ਪਹਿਲਾਂ

੫

ਭਾਰਤ ਵਿਚ ਅੰਗ੍ਰੇਜ਼ੀ ਰਾਜ ਨੇ ਆਪਣੀਆਂ ਕਈ ਖ਼ੂਬੀਆਂ ਵਿਖਾਈਆਂ। ਸਭ ਤੋਂ ਵਧ ਏਹ ਸੀ ਕਿ ਵਖ ਵਖ ਧਰਮਾਂ ਦੇ ਲੋਕਾਂ ਨੂੰ ਧਰਮ ਦੀ ਆੜ ਤੇ ਇਕ ਦੂਜੇ ਦੇ ਵਿਰੋਧੀ ਬਣਾਉਣਾ। ਏਹ ਖ਼ੂਬੀ ਓਨਾਂ ਦੀ ਵਿਸ਼ੇਸ਼ ਸੀ ਅਤੇ ਬਹੁਤ ਸਫਲ ਰਹੀ। ਮੁਸਲਮਾਨਾਂ ਵਿਚੋਂ ਓਹ ਕਟੜ ਅਤੇ ਫਿਰਕੂ ਭਾਵਨਾ ਗ੍ਰਸਤ ਬੰਦੇ ਲਭਕੇ ਦੂਜੀ ਵਿਸ਼ਵ ਜੰਗ ਦੇ ਖਤਮ ਹੁੰਦਿਆਂ ਹੀ ਉਨਾਂ ਨੂੰ ਐਸਾ ਉਤਸਾਹਿਤ ਕੀਤਾ ਕਿ ਓਹ ਆਪਣੀ ਇਸ ਗਲ ਉਤੇ ਅੜ ਗਏ ਕਿ ਅਸੀਂ ਮੁਸਲਿਮ ਆਬਾਦੀ ਵਾਲਾ ਆਪਣਾ ਪਾਕਿਸਤਾਨ ਨਾਮ ਦਾ ਵਖਰਾ ਦੇਸ਼ ਲੈਣਾ ਹੈ। ਘਟ ਗਿਣਤੀ ਵਾਲੇ ਲੋਕਾਂ ਨੂੰ ਆਪਣੇ ਇਲਾਕੇ ਵਿਚੋਂ ਡਰਾ ਧਮਕਾਕੇ ਕਢਣ ਲਈ ਓਨਾਂ ਕਈ ਮਾਰੂ ਹਥਿਆਰ ਬਣਾਏ। ਓਨਾਂ ਦੀਆਂ ਇਸਤਰਾਂ ਦੀਆਂ ਤਜਵੀਜ਼ਾਂ ਭਾਵੇ ਕਿਤਨੀਆਂ ਗੁਪਤ ਸਨ ਫਿਰ ਭੀ ਕਿਸੇ ਨਾਂ ਕਿਸੇ ਤਰਾਂ ਓਹ ਸਾਹਮਣੇ ਔਣ ਲਗ ਪਈਆਂ।

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਆਪਣੇ ਸਾਧਨਾਂ ਰਾਹੀਂ ਪੂਰਾ ਪਤਾ ਕਰਕੇ ਮਹਾਤਮਾਂ ਗਾਂਧੀ ਜੀ ਨੂੰ ਉਚੇਚਾ ਜਾਂਕੇ ਦਸਿਆ ਕਿ ਇਸ ਤਰਾਂ ਦੀਆਂ ਤਿਆਰੀਆਂ ਹੋ ਰਹੀਆਂ ਹਨ ਜਿਨਾਂ ਤੋਂ ਪਤਾ ਨਹੀਂ ਕਿਤਨੇ ਲੋਕ ਮਰ ਜਾਣ। ਗਾਂਧੀ ਜੀ ਨੇ ਹੌਲੀ ਜੇਹੀ ਉਤਰ ਦਿਤਾ, "ਅਗਰ ਕੁਛ ਲੋਕ ਮਰ ਜਾਏਂਗੇ ਤੋ ਕਿਆ ਹੋਗਾ ?" ਉਥੇ ਜਵਾਨ ਲੜਕੀਆਂ ਬੈਠੀਆਂ ਸਨ। ਸ੍ਰੀ ਸਤਿਗੁਰੂ ਜੀ ਨੇ ਓਨਾਂ ਵਲ ਇਸ਼ਾਰਾ ਕਰਕੇ ਆਖਿਆ ਕਿ "ਜਬ ਇਨਕੋ ਹਾਥ ਡਾਲੇਂਗੇ ?" ਤਾਂ ਇਸਦਾ ਉਤ੍ਰ ਕੋਈ ਗਾਂਧੀ ਜੀ ਨਹੀਂ ਦੇ ਸਕੇ।

ਸ੍ਰੀ ਸਤਿਗੁਰੂ ਜੀ ਸਮਰਥ ਸਨ ਅਤੇ ਓਨਾਂ ਨੂੰ ਭਵਿਖ ਵਿਚ ਹੋਣ ਵਾਲੇ ਉਸ ਭਯੰਕਰ ਵਿਨਾਸ਼ ਦਾ ਪਤਾ ਸੀ। ਸੰਮਤ ੨੦੦੩ ਦੇ ਹੋਲੇ ਤੇ ਸ਼ੇਖੂਪੁਰ ਬੇਦਾਦ (ਕਾਮੋਕੇ ਜਿ: ਗੁਜਰਾਂ ਵਾਲਾ, ਦੇ ਪਾਸ) ਸ੍ਰੀ ਸਤਿਗੁਰੂ ਜੀ ਨੇ ਦੀਵਾਨ ਵਿਚ ਸਾਰੀ ਸੰਗਤ ਨੂੰ ਸੁਣਾਕੇ ਹੁਕਮ ਦਿਤਾ ਕਿ ਤੁਸੀਂ ਆਪਣੇ ਬਾਲ ਬਚੇ ਅਤੇ ਜਰੂਰੀ ਸਾਮਾਨ ਘਟ ਤੋਂ ਘਟ ਰਾਵੀ ਤੋਂ ਪਾਰ ਜਰੂਰ ਲੈ ਜਾਓ। ਏਧਰ ਤੁਸੀਂ ਸੁਰਖਯਤ ਨਹੀਂ ਰਹਿ ਸਕੋਗੇ।

ਏਨਾਂ ਦਿਨਾਂ ਵਿਚ, ਉਕਸਾਏ ਹੋਏ ਮੁਸਲਮਾਨਾਂ ਨੇ ਹਿੰਦੂ ਅਤੇ ਸਿਖਾਂ ਨੂੰ ਕਈ ਜਗਾ ਰੇਲ ਗਡੀਆਂ ਰੋਕ ਰੋਕ ਕੇ ਮਾਰ ਦਿਤਾ। ਇਸਤੋਂ ਪਛਮੀ ਪੰਜਾਬ ਵਿਚ ਬਹੁਤ ਬੇਚੈਨੀ ਹੋਈ, ਪਰ ਲੋਕੀਂ ਘਰ ਛਡਣ ਨੂੰ ਤਿਆਰ ਨਹੀਂ ਸਨ ਹੁੰਦੇ।

ਸ੍ਰੀ ਸਤਿਗੁਰੂ ਸਚੇ ਪਾਤਸ਼ਾਹ ਜੀ ਪਛਮੀ ਪੰਜਾਬ ਦੇ ਜਿਲਾ ਸ਼ੇਖੂ-ਪੁਰਾ, ਗੁਜਰਾਂਵਾਲਾ, ਸਰਗੋਧਾ, ਸਿਆਲਕੋਟ, ਲਾਇਲਪੁਰ ਅਤੇ ਮਿੰਟ-ਗੁਮਰੀ ਦੇ ਕਈ ਪਿੰਡਾਂ ਵਿਚ ਆਪ ਜਾ ਜਾਕੇ ਸਿੰਘਾਂ ਨੂੰ ਆਖਿਆ ਕਿ ਹੁਣ ਵਕਤ ਹੈ, ਆਪਣੇ ਬਾਲ ਬਚੇ ਅਤੇ ਜਰੂਰੀ ਸਮਾਨ ਇਧਰੋਂ ਲੈ ਚਲੋ ਘਟ ਤੋਂ ਘਟ ਰਾਵੀ ਤੋਂ ਪਾਰ ਜਰੂਰ ਲੰਘ ਚਲੋ। ਕਿਸੇ ਕਿਸੇ ਜਗਾ ਵਰਤਮਾਨ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਭੀ ਭੇਜਿਆ।

ਸ੍ਰੀ ਸਤਿਗੁਰੂ ਜੀ ਨੇ ਔਣ ਵਾਲੇ ਸਮੇਂ ਦੇ ਹਾਲਾਤ ਦੇਖਦਿਆਂ ਹੋਇਆਂ ਰੌਲਾ ਪੈਣ ਤੋਂ ਪਹਿਲਾਂ ਹੀ ਜਿਲਾ ਹਿਸਾਰ(ਹੁਣ ਸਰਸਾ) ਵਿਚ ਕਸਬਾ ਰਾਣੀਆਂ ਪਾਸ ਸਾਵੇ ਤਿੰਨ ਪਿੰਡਾਂ ਦੀ ਜਮੀਨ ਪਸੰਦ ਕਰਕੇ ਉਸ ਦੇ ਖਰੀਦ ਕਰਨ ਦੀ ਗਲਬਾਤ ਸ਼ੁਰੂ ਕਰ ਰਖੀ ਸੀ। ਜਿਲਾ ਲਾਇਲਪੁਰ, ਸਰਗੋਧਾ, ਗੁਜਰਾਂ ਵਾਲਾ ਸਿਆਲਕੋਟ, ਸ਼ੇਖੂਪੁਰਾ ਲਾਹੌਰ ਅਤੇ ਮਿੰਟਗੁਮਰੀ ਦੇ ਨਾਮਧਾਰੀਆਂ ਨੂੰ ਪ੍ਰੇਰਣਾ ਦੇਕੇ ਜਮੀਨ ਦੀ ਖਰੀਦ ਵਾਸਤੇ ਜਿਤਨੀ ਰਕਮ ਓਹ ਆਪਣੀ ਆਪਣੀ ਬਣਾ ਸਕਦੇ ਸਨ ਓਨਾਂ ਪਾਸੋਂ ਤਿਆਰ ਕਰਵਾਈ ਅਤੇ ਜਮੀਨ ਖਰੀਦਣ ਲਈ ਸਾਈ ਦੇ

ਦਿਤੀ। ਇਹ ਜਮੀਨ ਇਕ ਅੰਗਰੇਜ਼, ਮਿ: ਸਕਿਨਰ ਦੀ ਸੀ, ਜਿਸ ਪਾਸੋਂ ਰਾਜਪੂਤਾਨੇ ਦੇ ਪ੍ਰਸਿਧ ਸ਼ਹਿਰ ਚੁਰੂ ਦੇ ਸੇਠ ਚੰਪਾਲਾਲ ਧਨਪਤ ਸਿੰਘ ਆਦਿ ਨੇ ਖਰੀਦੀ ਅਤੇ ਉਨਾਂ ਪਾਸੋਂ ਨਾਮਧਾਰੀ ਸਿੰਘਾਂ ਵਾਸਤੇ ਸ੍ਰੀ ਸਤਿਗੁਰੂ ਜੀ ਨੇ ਖਰੀਦੀ, ਏਹ ਸਾਢੇ ਤਿੰਨ ਪਿੰਡ ਚਚਾਲ ਕੋਠਲੀ, ਜਗਮਲੇਰਾ ਅਲੀਪੁਰ(ਅਧਾ) ਅਤੇ ਕੰਜਰ ਵਾਲੀ(ਜਿਨਾਂ ਦੇ ਵਰਤਮਾਨ ਨਾਮ ਸ੍ਰੀ ਜੀਵਨ ਨਗਰ, ਸੰਤ ਨਗਰ, ਹਰੀਪੁਰਾ ਅਤੇ ਦਮਦਮਾ ਕ੍ਰਮ ਅਨੁਸਾਰ ਹਨ) ਦਾ ਰਕਬਾ ੧੨੪੩੦ ਏਕੜ ਸੀ ਜਿਸ ਵਿਚ ਚੌਥਾ ਹਿਸਾ ਮਰੂਸ ਜਮੀਨ ਸੀ। ਇਸ ਵਿਚ ਇਹੀ ਚੌਥਾ ਹਿਸ ਰਕਬਾ ਆਬਾਦ ਸੀ ਬਾਕੀ ਬੇ ਆਬਾਦ ਏਹ ਰਕਬਾ ਮੁਸਲਿਮ ਮਜਾਰਿਆਂ ਦੀ ਕਾਸ਼ਤ ਵਿਚ ਸੀ। ਪਾਣੀ ਬਰਸਾਤ ਦਾ ਨਦੀ ਘਘਰ ਤੋਂ ਓਟੂ ਹੈਡ ਤੋਂ ਕਢੀਆਂ, ਉਤਰੀ ਅਤੇ ਦਖਣੀ ਘਘਰ ਨਹਿਰਾਂ ਤੋਂ ਮਿਲਦਾ ਸੀ। ਜਮੀਨ ਹੇਠਲੀ ਪਾਣੀ ਦੀ ਸਤਹ ਕ੍ਰੀਬ ੪੦ ਹਥ(੬੦ ਫੁਟ) ਸੀ। ਹੜ ਦਾ ਪਾਣੀ ਆਮ ਕਰਕੇ ੪-੫ ਸਾਲ ਬਾਦ ਔਂਦਾ ਕਦੇ ਕਦੇ ਸਿਆਲ ਵਿਚ ਆ ਜਾਂਦਾ ਸੀ। ਇਸ ਪਾਣੀ ਵਿਚ ਪਹਾੜ ਦੀ ਮਿਟੀ ਖੁਰਕੇ ਔਂਦੀ ਸੀ ਜਿਸ ਕਰਕੇ ਫਸਲ ਦੀ ਉਪਜ ਲਈ ਇਹ ਬਹੁਤ ਸਹਾਇਕ ਸੀ। ਇਸ ਧਰਤੀ ਦੇ ਸਾਰੇ ਗੁਣ ਦੇਖਕੇ ਸ੍ਰੀ ਸਤਿਗੁਰੂ ਜੀ ਨੇ ਸਿੰਘਾਂ ਨੂੰ ਪ੍ਰੇਰਨਾ ਦਿਤੀ ਅਤੇ ਸੰਮਤ ੨੦੦੩ ਮਾਘ ਦੇ ਮਹੀਨੇ ਰਜਿਸ੍ਟਰੀ ਹੋ ਗਈ ਅਤੇ ਕਬਜਾ ਮਿਲ ਗਿਆ।

ਏਨਾਂ ਪਿੰਡਾਂ ਦੇ ਨਾਮ ਸ੍ਰਕਾਰੀ ਕਾਗਜਾਂ ਵਿਚ ੧ ਚਚਾਲ ਕ੍ਰੋਟਲੀ ਸੀ ੨ ਜਗਮਲੇਰਾ ੩ ਅਲੀਪੁਰ ਅਤੇ ੪ ਕੰਜਰਵਾਲੀ ਦਰਜ ਸਨ। ਇਨਾਂ ਵਿਚੋਂ ਅਲੀਪੁਰ ਪਿੰਡ ਦੀ ਜ਼ਮੀਨ ਅਧੀ ਸੀ। ਪਹਿਲੀ ਰਜਿਸਟਰੀ, ਚਚਾਲ ਕੋਟਲੀ ਜਗਮਲੇਰਾ ਅਤੇ ਅਧਾ ਅਲੀਪੁਰ ਦੀ ੨੪ ਜਨਵਰੀ ਸੰਨ ੧੯੪੭ ਨੂੰ ਹੋ ਗਈ। ਓਸੇ ਦਿਨ ਆਕੇ ਸਿੰਘਾਂ ਨੇ ਇਥੋਂ ਦਾ ਕਬਜਾ ਲੈ ਲਿਆ।

ਏਹ ਵਡੀ ਰਕਮ ਦੀ ਰਜਿਸਟਰੀ ਹੋਣ ਕਰਕੇ ਡਿ: ਕਮਿਸ਼ਨਰ ਹਿਸਾਰ ਨੇ ਅਪਣੇ ਪਾਸ ਰਜਿਸਟਰੀ ਹੋਣ ਦਾ ਹੁਕਮ ਦੇ ਦਿਤਾ ਸੀ। ਇਸ ਵਿਚ ਦੋ ਕਾਰਨ ਸਨ, ਇਕ ਏਹ ਕਿ ਰਕਮ ਬਹੁਤੀ ਸੀ, ਇਸਦਾ ਲੈਣ ਦੇਣ ਉਸਨੇ ਸਰਸੇ ਦੀ ਬਜਾਇ ਹਿਸਾਰ ਹੀ ਕਰਨਾਂ ਠੀਕ ਸਮਝਿਆ। ਦੂਜਾ ਮੂਲ ਕਾਰਣ ਸੀ,ਓਹ ਏਹ, ਕਿ ਉਹ ਡੀ. ਸੀ. ਕਟੜ ਮੁਸਲਿਮ ਲੀਗੀ ਸੀ । ਅਤੇ ਉਸਦੀ ਨੀਯਤ ਸੀ ਕਿ ਅਪਣੇ ਪਾਸ ਰਜਿਸਟਰੀ ਕਰਾਵਾਂਗਾ। ਇਨਾਂ ਨੂੰ ਜੀ ਚਾਹੇ ਜਿਤਨਾਂ ਖਰਾਬ ਕਰ ਸਕਾਂਗਾ। ਹੋ ਸਕਿਆ ਤਦ ਰਜਿਸਟਰੀ ਰੋਕ ਲਈ ਜਾਇਗੀ।

ਬਹੁਤ ਸਾਰੀ ਮਾਇਆ ਨਾਮਧਾਰੀ ਸਿੰਘ ਆਪੋ ਅਪਣੀ ਲੈਕੇ ਸਿਧੇ ਹਿਸਾਰ ਪਹੁੰਚੇ। ਜੋ ਮਾਇਆ ਸ੍ਰੀ ਭੈਣੀ ਸਾਹਿਬ ਆ ਚੁਕੀ ਸੀ, ਓਹ ਲੈਕੇ ਲੁਧਿਆਣੇ ਤੋਂ ਰਾਤ ਦੀ ਗਡੀ ਸੰਤ ਮੰਗਲ ਸਿੰਘ ਜੀ ਅਰਸ਼ੀ ਫਰਿਸਤਾ ਸੂਬਾ ਸਹੀਆ ਸਿੰਘ ਜੀ ਗੁਲਜਾਰ ਸਿੰਘ ਮੈਂ ਅਤੇ ੨-੪ ਸਰੀਰ ਹੋਰ ੨੩ ਜਨਵਰੀ ਸਵੇਰੇ ਹਿਸਾਰ ਪਹੁੰਚ ਗਏ। ਏਥੇ ਬਰਾਜ ਵਾਲੇ)ਸ੍ਰ. ਚਨਣ ਸਿੰਘ ਹੋਰਾਂ ਪ੍ਰਕਾਸ਼ ਚੰਦ ਵਕੀਲ ਦੀ ਕੋਠੀ ਸਾਡੇ ਡੇਰੇ ਦਾ ਪ੍ਰਬੰਧ ਕੀਤਾ ਹੋਇਆ ਸੀ।

ਓਧਰ ਧਨਪਤ ਸਿੰਘ ਆਦਿ ਕੁਛ ਆਦਮੀ ਚੁਰੂ ਤੋਂ(ਜਮੀਨ ਵੇਚਣ ਵਾਲੇ)ਆਏ ਸਨ ਜੋ ਹਿਸਾਰ ਸਟੇਸ਼ਨ ਪਾਸ ਸਰਾਇ ਵਿਚ ਠਹਿਰੇ ਹੋਏ ਸਨ।

੨੩ ਜਨਵਰੀ ੧੯੪੭ ਸ਼ਾਮ ਨੂੰ ਬਾਬੂ ਪ੍ਰਕਾਸ਼ ਚੰਦ ਦੀ ਕੋਠੀ ਚੁਰੂ ਵਾਲੇ ਸੇਠ ਅਤੇ ਅਸੀਂ ਸਾਰੇ ਇਕਠੇ ਹੋਏ। ਸ੍ਰੀ ਸਤਿਗੁਰੂ ਜੀ ਵਲੋਂ ਹੁਕਮ ਸੀ ਕਿ ਸੇਠਾਂ ਨੂੰ ਆਖਣਾ ਹੈ ਕਿ ਓਨਾਂ ਨਾਲ ਏਹ ਗਲ ਹੋਈ ਸੀ ਕਿ ਮਜਾਰਿਆਂ ਨੂੰ ਜਮੀਨ ਖਾਲੀ ਕਰਨ ਵਾਸਤੇ ਨੋਟਿਸ ਦੇਣ। ਓਨਾਂ ਨਹੀਂ ਦਿਤਾ ਇਸ ਕਰਕੇ ਪੰਜਾਹ ਹਜਾਰ ਰੁਪੈ ਜਰੂਰ ਛਡਣ। ਜ਼ਦ ਪੰਜਾਹ ਹਜਾਰ ਰੁਪੈ ਵਾਲੀ ਗਲ ਓਨਾਂ ਅਗੇ ਰਖੀ ਤਦ ਓਨਾਂ ਦਾ

ਮੁਖੀ ਧਨਪਤ ਸਿੰਘ ਗਰਮ ਹੋ ਗਿਆ। ਗਰਮਾ ਗਰਮੀ ਵਿਚ ਹੀ ਓਹ ਉਠਕੇ ਸਰਾਇ ਵਲ ਨੂੰ ਤੁਰ ਗਿਆ। ਇਸਤੋਂ ਸਾਨੂੰ ਬਹੁਤ ਚਿੰਤਾ ਹੋਈ। ਇਕ ਪਾਸੇ ਸ੍ਰੀ ਸਤਿਗੁਰੂ ਜੀ ਦਾ ਹੁਕਮ ਸੀ, ਦੂਜੇ ਪਾਸੇ ਕ੍ਰੀਬ ਪੰਜਾਹ ਹਜਾਰ ਰਪੈ ਦਾ ਅਸਟਾਮ ਖਰੀਦਿਆ ਜਾ ਚੁਕਾ ਸੀ।

ਅਸੀਂ ਸਾਰੇ ਸੋਚੀਂ ਪਏ ਸਾਂ। ਹੋਰ ਜੋ ਸਿੰਘ ਕਈਆਂ ਪਾਸਿਆਂ ਤੋਂ ਆਏ ਸਨ। ਓਨਾਂ ਵਿਚ ੪੫ ਚਕ ਵਾਲੇ ਸ੍ਰ. ਬੁਢਾ ਸਿੰਘ ਦਾ ਲੜਕਾ(ਕ੍ਰੀਬ ੩੫ ਸਾਲ ਉਮਰ) ਰਘਬੀਰ ਸਿੰਘ ਆਇਆ ਹੋਇਆ ਸੀ।

ਚੰਨਣ ਸਿੰਘ ਥਰਾਜ ਸ੍ਰ. ਕੇਹਰ ਸਿੰਘ ਜੀ ਅਰਾਕ ਮੈਂ,ਸੂਬਾ ਹਰੀ ਸਿੰਘ ਜੀ ਸ੍ਰ. ਸਹੀਆਸਿੰਘ ਸੰਤ ਮੰਗਲ ਸਿੰਘ ਜੀ ਬਹੁਤ ਚਿੰਤਾ ਵਿਚ ਫਸੇ ਹੋਏ ਸਾਂ। ਮੈਂ ਅਜੇ ਕੰਮ ਕਾਰ ਵਿਚ ਇਤਨਾ ਅਗ੍ਰਸਰ ਨਹੀਂ ਹੋਇਆ ਸਾਂ ਸੋ ਮੈਂ ਇਕਲੇ ਇਕਲੇ ਨੂੰ ਪੁਛਿਆ ਕਿ ਹੁਣ ਕੀ ਕਰੀਏ। ਸਭ ਡਰਦੇ ਚੁਪ ਕਰ ਰਹੇ। ਰਘਬੀਰ ਸਿੰਘ ਨੇ ਆਖਿਆ ਜੇ ਸ੍ਰੀ ਸਤਿਗੁਰੂ ਜੀ ਨਾਰਾਜ ਹੋਣਗੇ। ਮੈਂ ਤੁਹਾਡੇ ਨਾਲ ਹਥ ਜੋੜਕੇ ਅਗੇ ਹੋਕੇ ਖੜੋਵਾਂਗਾ। ਪਰ ਇਹ ਸੌਦਾ ਹੁਣ ਨਾਂ ਛਡੀਏ।

ਉਸਦੇ ਕਹਿਣ ਤੇ ਮੈਨੂੰ ਹੌਂਸਲਾ ਹੋ ਗਿਆ। ਆਦਮੀ ਭੇਜਕੇ ਧਨਪਤ ਸਿੰਘ ਨੂੰ ਬੁਲਾਇਆ, ਅਤੇ ਸਵੇਰੇ ਰਜਿਸਟਰੀ ਹੋਣੀ ਨਿਸ–ਚਿਤ ਕਰਕੇ ਉਠੇ।

ਰਜਿਸਟਰੀ ਹੋਣ ਵੇਲੇ ਓਧਰੋਂ ਸੇਠਾਂ ਦੇ ਮੁਖਤਿਆਰ ਅਤੇ ਸਬੰਧੀ ਏਧਰੋਂ ਹਥਾਂ ਵਿਚ ਤਲਵਾਰਾਂ ਲਈ ੧੦-੧੨ ਦੇ ਕ੍ਰੀਬ ਨਾਮਧਾਰੀ ਸਿੰਘ ਸਮੇਤ ਟਰੰਕਾਂ, ਜਿਨਾਂ ਵਿਚ ਜਮੀਨ ਖਰੀਦਣ ਲਈ ਮਾਇਆ ਸੀ, ਹਿਸਾਰ ਕਚੈਹਰੀ ਵਿਚ ਪਹੁੰਚ ਗਏ।

ਸ੍ਰੀ ਸਤਿਗਰੂ ਜੀ ਵਲੋਂ ਹੁਕਮ ਸੀ ਲਗਦੇ ਵਸ ਕਿਸੇ ਨੂੰ ਏਹ ਪਤਾ ਨਹੀਂ ਲਗਣ ਦੇਣਾਂ ਕਿ ਏਹ ਰਜਿਸਟਰੀ ਕਿਤਨੇ ਤੋਂ ਹੋ ਰਹੀ ਹੈ।

ਹਿਸਾਰ ਕਚੇਹਰੀ ਵਿਚ ਜੋ ਲੋਕ ਸਨ ਸਭਨਾਂ ਦੀ ਨਿਗਾਹ ਸਾਡੇ ਵਲ ਲਗੀ ਹੋਈ ਸੀ। ਇਕ ਛਾਬੜੀ ਵਾਲੇ ਤੋਂ ਸ੍ਰ. ਕੇਹਰ ਸਿੰਘ ਜੀ ਨੇ ਮੂੰਗਫਲੀ ਲਈ। ਦੋ ਪੈਸੇ ਓਹ ਵਧ ਮੰਗੇ ਏਹ ਨਾਂ ਦੇਣ। ਓਸਨੇ ਆਖਿਆ ਸ੍ਰ. ਜੀ ਪੰਞੀ ਲਖ ਦੀ ਜਮੀਨ ਲੈ ਰਹੇ ਹੋ, ਮੇਰੇ ਨਾਲ ਦੋ ਪੈਸ਼ੇ ਦਾ ਰੌਲਾ ਪਾ ਰਖਿਆ ਹੈ ਸ੍ਰ. ਕੇਹਰ ਸਿੰਘ ਜੀ ਨੇ ਸਾਨੂੰ ਦਸਿਆ ਕਿ ਤੁਸੀਂ ਗੁਪਤ ਕੀ ਰਖੀ ਫਿਰਦੇ ਹੋ ਏਥੇ ਤਾਂ ਛਾਬੜੀ ਵਾਲੇ ਨੂੰ ਭੀ ਪਤਾ ਹੈ।

ਸ੍ਰੀ ਸਤਿਗੁਰੂ ਜੀ ਨੇ ਐਸੀ ਕਿਰਪਾ ਕੀਤੀ, ਲਾਹੌਰ ਕਿਸੇ ਜਰੂਰੀ ਕੰਮ ਵਾਸਤੇ ਡੀ. ਸੀ. ਨੂੰ ਬੁਲਾਇਆ ਗਿਆ। ਰਜਿਸਟਰੀ ਵਾਸਤੇ ਏਹ ਤਾਰੀਖ ਕਿਓਂਕਿ ਨਿਸ਼ਚਿਤ ਸੀ, ਇਸ ਕਰਕੇ ਜਾਣ ਲਗਿਆ, ਡੀ. ਸੀ. ਏਹ ਰਜਿਸਟਰੀ, ਖਜਾਨਾ ਅਫਸਰ ਬਾਵਾ ਝੰਡਾ ਸਿੰਘ ਦੇ ਪੇਸ਼ ਹੋਣ ਦਾ ਹੁਕਮ ਕਰ ਗਿਆ।

ਸਵੇਰੇ ਜਾਂਦਿਆਂ ਹੀ ਲਿਖੀ ਹੋਈ ਰਜਿਸਟਰੀ ਓਸ ਕਲਰਕ ਦੇ ਪੇਸ਼ ਕੀਤੀ ਜਿਸਨੇ ਲਿਖੇ ਹੋਏ ਅਖਰਾਂ ਤੋਂ ਅਤੇ ਹੋਰ ਵੇਰਵੇ ਤੋਂ ਏਸ ਦਾ ਖਰਚਾ ਦਸਣਾਂ ਸੀ, ਉਹ ਫਿਰਕੂ ਵੀਚਾਰਾਂ ਦਾ ਮੁਸਲਮਾਨ ਸੀ। ਉਸਨੇ ਕਈ ਵਾਰੀ ਹਿਸਾਬ ਕੀਤਾ ਅਤੇ ਫੇਰ ਰਦ ਕੀਤਾ। ਉਸਦੀ ਨੀਯਤ ਸੀ ਕਿ ਅਜ ਇਸਨੂੰ ਟਾਲ ਦਿਤਾ ਜਾਵੇ ਅਤੇ ਫੇਰ ਡੀ. ਸੀ. ਦੇ ਔਣ ਤੇ ਹੀ ਰਜਿਸਟਰੀ ਹੋਵੇ। ਇਸਤਰ੍ਹਾਂ ਖਰਾਬ ਕਰਦੇ ਕਰਦੇ ਉਸਨੇ ਸ਼ਾਮ ਦੇ ਪੰਜ ਵਜਾ ਦਿਤੇ।

ਓਧਰ ਬਾਵਾ ਝੰਡਾ ਸਿੰਘ ਪਾਸ ਭੀ ਏਹ ਖਬਰ ਪਹੁੰਚ ਗਈ ਕਿ ਫਲਾਨਾ ਕਲਰਕ ਹਿਸਾਬ ਕਿਤਾਬ ਕਰਨ ਵਿਚ ਜਾਣ ਬਝਕੇ ਦੇਰੀ ਕਰ ਰਿਹਾ ਹੈ। ਹਿਸਾਰ ਦੇ ਪ੍ਰਸਿਧ ਵਕੀਲ ਸ੍ਰ. ਨਰੋਤਮ ਸਿੰਘ ਸ਼ਾਮ ਨੂੰ ਪੰਜ ਵਜੇ ਦੇ ਕ਼ਰੀਬ ਆਏ। ਓਨਾਂ ਓਸ ਕਲਰਕ ਨੂੰ ਆਖਿਆ ਮੀਆਂ ਜੀ! ਭਾਵੇਂ ਰਾਤ ਦੇ ਨੌ ਵਜਾ ਦਿਓ, ਬਾਵਾ ਜੀ ਕਹਿੰਦੇ ਹਨ ਅਸੀਂ

ਰਜਿਸਟਰੀ ਕਰਕੇ ਹੀ ਉਠਾਂਗੇ। ਇਸਤੋਂ ਉਸਨੂੰ ਸਮਝ ਆਈ ਕਿ ਇਹ ਕੰਮ ਟਾਲਿਆ ਨਹੀਂ ਜਾ ਸਕਦਾ। ਤਦ ਉਸ ਨੇ ਛੇਤੀ ਛੇਤੀ ਲਿਖਤ ਪੜ੍ਹਤ ਪੂਰੀ ਕਰਕੇ ਕਾਗਜ ਖਜਾਨਾ ਅਫਸਰ ਦੇ ਹਵਾਲੇ ਕੀਤੇ।

ਖਜਾਨਾ ਅਵਸਰ ਦਾ ਕਮਰਾ ਜਮੀਨ ਵੇਚਣ ਵਾਲੇ, ਲੈਣ ਵਾਲੇ ਅਤੇ ਓਥੋਂ ਦੇ ਹੋਰ ਲੋਕਾਂ ਦੀ ਭੀੜ ਨਾਲ ਖਚਾ ਖਚ ਭਰਿਆ ਹੋਇਆ ਸੀ। ਸ੍ਰੀ ਸਤਿਗੁਰੂ ਜੀ ਵਲੋਂ ਸੰਤ ਮੰਗਲ ਸਿੰਘ ਜੀ ਨੇ ਰਜਿਸਟਰੀ ਦੇ ਕਾਗਜ ਅਤੇ ਮਾਇਆ, ਖਜਾਨਾ ਅਫਸਰ ਦੇ ਅਗੇ ਰਖ ਦਿਤੀ। ਅਤੇ ਸੇਠਾਂ ਦੇ ਮੁਖਤਿਆਰ ਧਨਪਤ ਸਿੰਘ ਆਦਿਨੇ ਗਿਣਕੇ ਸਹੀ ਹੋਣ ਦੇ ਦਸਖਤ ਕਰਕੇ ਬਿਆਨ ਦੇਕੇ ਰਜਿਸਟਰੀ ਕਰਾ ਦਿਤੀ। ਏਹ ਮਾਇਆ ਓਨਾਂ ਨੇ ਸਰਾਇ ਵਿਚ ਲੈਕੇ ਜਾਣੀ ਸੀ। ਓਨਾਂ ਨੂੰ ਡਰ ਆਇਆ ਕਿ ਰਸਤੇ ਵਿਚ ਕੋਈ ਖੋਹ ਨਾਂ ਲਵੇ। ਸਾਨੂੰ ਕਹਿਣ ਲਗੇ ਕਿ ਅਪਣੇ ਸਿੰਘ ਨਾਲ ਭੇਜੋ ਜੋ ਇਹ ਨੋਟਾਂ ਵਾਲੇ ਟਰੰਕ ਸਾਡੇ ਪਾਸ ਸਰਾਇ ਵਿਚ ਛਡ ਔਣ। ਸੋ ਕੁਛ ਸਿੰਘ ਨਾਲ ਭੇਜ ਦਿਤੇ ਗਏ ਜੋ ਟਰੰਕ ਓਨਾਂ ਪਾਸ ਸਰਾਇ ਵਿਚ ਛਡ ਆਏ।

ਏਹ ਕਾਰਵਾਈ ਹੁੰਦੇ ਹੀ ਰਾਤ ਰਾਤ ਓਥੋਂ ਸਿੰਘ ਚਚਾਲ ਕੋਟਲੀ (ਸ੍ਰੀ ਜੀਵਨ ਨਗਰ) ਆ ਗਏ ਅਤੇ ਸਵੇਰੇ ਆਕੇ ਏਥੋਂ ਦਾ ਕਬਜਾ ਸੰਭਾਲ ਲਿਆ, ਰਜਿਸਟਰੀ ਹੋਣ ਦੀ ਖਬਰ ਸ੍ਰੀ ਜੀਵਨ ਨਗਰ ਦੇ ਇਲਾਕੇ ਦੇ ਮੁਸਲਮਾਨਾਂ ਨੂੰ ਪਹੰਚ ਚੁਕੀ ਸੀ। ਓਨਾਂ ਰਾਤੋ ਰਾਤ ਜਿਨੀਆਂ ਵਢ ਸਕੇ ਵਧ ਤੋਂ ਵਧ ਕਿਕਰਾਂ ਅਤੇ ਹੋਰ ਦਰਖਤ ਵਢਕੇ ਏਲਣਾਬਾਦ ਨੂੰ ਲੈ ਜਾਣ ਦਾ ਜਤਨ ਕੀਤਾ। ਪਰ ਸਿੰਘਾਂ ਨੇ ਅਚਾਨਕ ਓਨਾਂ ਨੂੰ ਸਮੇਤ ਲਦੇ ਲਦਾਏ ਗਡੇ ਰਸਤਿਆਂ ਵਿਚ ਘੇਰਕੇ ਵਾਪਸ ਸ੍ਰੀ ਜੀਵਨ ਨਗਰ ਲੈ ਆਂਦਾ। ਇਸਤੋਂ ਸਾਰੇ ਇਲਾਕੇ ਵਿਚ ਸਿੰਘਾਂ ਦਾ ਔਣਾ ਅਤੇ ਅਪਣਾ ਕਬਜਾ ਜਮਾਉਂਣਾਂ ਬਿਜਲੀ ਦੀ ਤਰਾਂ ਫੈਲ ਗਿਆ। ਬਹੁਤ ਸਾਰੇ ਚੋਰੀਆਂ ਕਰਨ ਦੇ ਆਦੀ ਠੰਢੇ ਹੋ ਗਏ।



ਸ੍ਰੀ ਜੀਵਨ ਨਗਰ ਸਥਾਪਨਾ ੫ ਫੱਗਣ ੨੦੦੪ ਬਿ: ਸਟੇਜ ਪ੍ਰਥਮ ਸਮਾਰੋਹ ਅਗੇ ਬੈਠੇ ੧. ਸ੍ਰੀ ਸਤਿਗੁਰੂ ਸਚੇ ਪਾਤਸ਼ਾਹ ਜੀ ੨.(ਜਰਾ ਕੁ ਪਿਛੇ) ਬਾਬਾ ਚਰਨ ਸਿੰਘ ਜੀ ਵਰਤਮਾਨ ਰਾਧਾ ਸਵਾਮੀ ਅਚਾਰਯ(ਬਿਆਸ) ੩.ਸ੍ਰੀ ਬਾਬਾ ਸਾਵਣ ਸਿੰਘ ਜੀ ਮਹਾਰਾਜ ਰਾਧਾ ਸਵਾਮੀ ੧, ਰਾਗੀ ਖਜਾਨ ਸਿੰਘ ਜੀ ੫. ਰਾਗੀ ਦਰਸ਼ਨ ਸਿੰਘ ਜੀ ੬. ਖੜੋਤਾ,ਸ਼ਬਦ ਪੜ੍ਹ ਰਿਹਾ ਰਾਗੀ ਖਜਾਨ ਸਿੰਘ ਜੀ ਦਾ ਭਾਈ

ਸ੍ਰੀ ਜੀਵਨ ਨਗਰ ਸੰਤ ਨਗਰ, ਅਧਾ ਹਰੀਪੁਰ, ਇਨਾਂ ਦੀਆਂ ਰਜਿਸਟਰੀਆਂ ੨੪ ਜਨਵਰੀ ਸੰਨ ੧੯੪੭ ਨੂੰ ਹੋਈਆਂ ਸਨ, ਦਮਦਮੇ ਦੀ ਰਜਿਸਟਰੀ ੧੯ ਫਰਵਰੀ ੧੯੪੭ ਨੂੰ ਹੋਈ।

ਸ੍ਰੀ ਸਤਿਗੁਰੂ ਸਚੇ ਪਾਤਸ਼ਾਹ ਜੀ ਨੇ ਸੋਧ ਮਰਜਾਦਾਂ ਦੇ ਧਾਰਨੀ ਪਾਠੀ ਸਿੰਘਾਂ ਨੂੰ ਬੁਲਾਕੇ ਚਚਾਲ ਕੋਟਲੀ ਵਿਚ ਬਣੀ ਹੋਈ ਕੋਠੀ ਦੇ ਦਰਮਿਆਨ ਵਾਲੇ ਵਡੇ ਹਾਲ ਵਿਚ ਅਖੰਡ ਪਾਠ ਅਰੰਭ ਕਰਵਾ ਦਿਤੇ। ਇਕ ਸੌ ਇਕ ਅਖੰਡ ਪਾਠ ਕਰਵਾਏ ਗਏ। ਪੰਜ ਫਗਣ ੨੦੦੩ ਨੂੰ ਪਾਠ ਸੰਪੂਰਨ ਹੋਏ। ਉਸ ਦਿਨ ਚਚਾਲ ਕੋਟਲੀ(ਸ੍ਰੀ ਜੀਵਨ ਨਗਰ) ਵਿਖੇ ਇਕ ਵਿਸ਼ਾਲ ਸਮਾਗਮ ਕੀਤਾ ਗਿਆ। ਜਿਸ ਵਿਚ ਇਲਾਕੇ ਦੇ ਮੁਖੀ ਸਭ ਆਏ ਅਤੇ ਸ੍ਰੀ ਸਤਿਗੁਰੂ ਸਚੇ ਪਾਤਸ਼ਾਹ ਜੀ ਦੇ ਦਰਸ਼ਨ ਕਰਕੇ ਕ੍ਰਿਤਾਰਥ ਹੋਏ। ਇਸ ਸਮਾਗਮ ਵਿਚ ਰਾਧਾ ਸਵਾਮੀ ਆਚਾਰਯ ਸ੍ਰੀ ਬਾਬਾ ਸਾਵਣ ਸਿੰਘ ਜੀ ਮਹਾਰਾਜ ਅਤੇ ਉਨਾਂ ਦੇ ਉਤ੍ਰਾਧਿਕਾਰੀ ਜੋ ਹਣ ਉਨਾਂ ਦੀ ਗਦੀ ਤੇ ਸਸ਼ੋਭਿਤ ਹਨ, ਬਾਬਾ ਚਰਨ ਸਿੰਘ ਜੀ ਮਹਾਰਾਜ ਭੀ ਪਧਾਰੇ ਸਨ। ਏਸੇ ਦਿਨ ਕੋਠੀ ਦੇ ਲਹਿੰਦੇ ਪਾਸੇ ਦੇ ਇਕ ਕਮਰੇ ਵਿਚ ਘਿਓ ਦੀ ਜੋਤ ਜਗਾਕੇ, ਪ੍ਰਸ਼ਾਦ ਕਰਕੇ ਸੋਧ ਮਰਯਾਦਾ ਨਾਲ ਭਜਨ ਦੀ ਨਿਰੰਤਰ ਵਰਨੀ ਅਤੇ ਸਦਾ ਵਰਤ ਲੰਗਰ ਆਰੰਭ ਕਰਾ ਦਿਤੇ। ਉਸ ਵੇਲੇ ਏਥੇ ਸਾਧ ਸੰਗਤ ਦੇ ਨਿਵਾਸ ਕਰਨ ਲਈ ਏਹ ਕੋਠੀ ਅਤੇ ਲਾਗ ਪਾਸ ਦੇ ਛੋਟੇ ਮੋਟੇ ਕੁਛ ਮਕਾਨ ਹੀ ਸਨ। ਬਾਹਰ ਕੋਈ ਜਗਾ ਨਹੀਂ ਸੀ।

ਸ੍ਰੀ ਜੀਵਨ ਨਗਰ ਸਥਾਪਨਾ ਹੋਣ ਤੋਂ ਪਿਛੋਂ ਕਈ ਵਿਸ਼ੇਸ਼ ਘਟਨਾ ਵਾਪਰੀਆਂ ਜਿਨਾਂ ਵਿਚੋਂ ਬਹੁਤ ਸੰਖੇਪ ਵਿਚ ਕੁਛ ਏਥੇ ਲਿਖੀਆਂ ਜਾਣੀਆਂ ਜਰੂਰੀ ਹਨ।

ਜਦੋਂ ਸ੍ਰੀ ਜੀਵਨ ਨਗਰ ਦੀ ਰਜਿਸਟਰੀ ਹੋਈ ਕਬਜਾ ਲਿਆ ਸਿੰਘਾਂ ਦੇ ਡੇਰੇ ਏਥੇ ਲਗੇ ਓਨਾਂ ਦਿਨਾਂ ਵਿਚ ਇਕ ਪਾਸੇ ਹਿੰਦੂ ਸਿਖ ਅਤੇ ਦੂਜੇ ਪਾਸੇ ਅਤੇ ਮੁਸਲਮਾਨ ਵੀਚਾਰਾਂ ਦਾ ਫਿਰਕੂ ਤਨਾਓ ਸਾਰੇ

ਪੰਜਾਬ ਵਿਚ ਬਣਿਆ ਹੋਇਆ ਸੀ। ਏਥੇ ਰਹਿਣ ਵਾਲਿਆਂ ਵਿਚੋਂ ਕੁਛ ਫਿਰਕੂ ਭਾਵਨਾ ਤੋਂ ਮੁਕਤ ਭੀ ਸਨ ਅਤੇ ਓਹ ਬੜੇ ਸਜਨ ਪੁਰਸ਼ ਅਤੇ ਦੋਹਾਂ ਪਖਾਂ ਦੇ ਬਚਾਉ ਵਾਸਤੇ ਕਾਰਗਰ ਸਿਧ ਹੋਏ।

ਮੁਸਲਮਾਨ ਮਜਾਰਿਆਂ ਵਿਚ ਜੋ ਫਿਰਕੂ ਕਟੜਵਾਦੀ ਸਨ, ਓਨਾਂ ਵਿਚੋਂ ਇਕਨਾਂ ਨੇ ਨਕੌੜੇ ਵਿਚ ਗਊ ਮਾਰ ਦਿਤੀ। ਇਸਤੋਂ ਆਪਸ ਵਿਚ ਕਾਫੀ ਗਰਮਾ ਗਰਮੀ ਹੋ ਗਈ ਪਰ ਬਾਦ ਵਿਚ ਸ੍ਰੀ ਸਤਿਗੁਰੂ ਜੀ ਆਏ ਅਤੇ ਗਰਮਾ ਗਰਮੀ ਰੋਕ ਦਿਤੀ ਗਈ।

ਮੁਤਸਬੀ ਮੁਸਲਮਾਨਾਂ ਨੇ ਇਹ ਗਲ ਅੰਦਰੋ ਅੰਦਰ ਫੈਲਾ ਦਿਤੀ ਕਿ ਗਊਆਂ ਮਾਰਨ ਵਾਸਤੇ ਸਾਨੂੰ ਜਗਾ ਮਿਲਣੀ ਚਾਹੀਦੀ ਹੈ। ਏਹ ਸਾਡਾ ਮਜ਼ਬੀ ਹਕ ਹੈ ਇਸ ਗਲ ਨੂੰ ਲੈਕੇ ਆਸ ਪਾਸ ਦੇ ਮੁਸਲਮਾਨ ੨੨ ਵੈਸਾਖ ੨੦੦੪ ਦਾ ਦਿਨ ਮਿਥਕੇ ਗਲਬਾਤ ਕਰਨ ਲਈ ਸ੍ਰੀ ਸਤਿਗੁਰੂ ਜੀ ਪਾਸ ਆਏ। ਏਨਾਂ ਨੇ ਦੋ ਮੰਗਾਂ ਰਖੀਆਂ ਕਿ ਇਕ ਤਾਂ ਸਾਨੂੰ ਤਮਾਕੂ ਬੀਜਣ ਦੀ ਖੁਲ ਹੋਣੀ ਚਾਹੀਦੀ ਹੈ, ਦੂਜੀ ਗਊਆਂ ਮਾਰਨ ਦੀ। ਸ੍ਰੀ ਸਤਿਗੁਰੂ ਜੀ ਨੇ ਤਮਾਕੂ ਬੀਜਣ ਵਾਸਤੇ ਉਤ੍ਰ ਦਿਤਾ ਕਿ ਤੁਸੀਂ ਅਪਣੀ ਜਮੀਨ ਦਾ ਹਿਸਾਬ ਕਰ ਲਓ ਅਤੇ ਹੋਰ ਜਗਾ ਲੈਕੇ ਓਥੇ ਬੀਜੀ ਜਾਓ।

ਗਊਆਂ ਦੇ ਮਾਮਲੇ ਤੇ ਬਹੁਤ ਗਰਮਾ ਗਰਮੀ ਹੋਈ। ਸਤਿਗੁਰੂ ਜੀ ਬਚਨ ਕੀਤਾ ਜਿਸ ਕਰਕੇ ਸਾਡੇ ਬਜ਼ੁਰਗ ਫਾਂਸੀ ਲਗੇ ਤੋਪਾਂ ਅਗੇ ਉਡੇ ਅਤੇ ਸਤਿਗੁਰੂ ਜੀ ਪ੍ਰਦੇਸ ਗਏ ਓਸ ਕੰਮ ਦੀ ਮਨਜੂਰੀ ਅਸੀਂ ਤਹਾਨੂੰ ਦੇ ਸਕਦੇ ਹਾਂ ? ਤੁਸੀਂ ਸਾਡੇ ਘਰ ਆਏ ਹੋ ਇਸ ਕਰਕੇ ਅਸੀਂ ਕੁਛ ਨਹੀਂ ਕਹਿੰਦੇ ਅਸੀਂ ਤਾਂ ਅਪਣੇ ਕੰਨਾਂ ਵਿਚ ਇਹੋ ਜਹੀ ਗਲ ਸੁਣ ਭੀ ਨਹੀਂ ਸਕਦੇ।

ਏਨਾਂ ਗਲਾਂ ਵਿਚ ਤੇਜੀ ਹੁੰਦੀ ਵੇਖਕੇ ਅੰਮ੍ਰਿਤਸਰ ਦੇ ਜਹੀਰੁਦੀਨ ਨੇ ਮੁਸਲਮਾਨਾਂ ਨੂੰ ਆਖਿਆ ਮੈਨੂੰ ੧੦ ਮਿੰਟ ਦਾ ਵਕਤ ਦਿਓ। ਏਹ ਆਖਕੇ ਸ੍ਰੀ ਸਤਿਗੁਰੂ ਜੀ ਨੂੰ ਅਰਜ ਕਰਕੇ ਬਾਹਰ ਤੋਂ ਅੰਦਰ ਲੈ

ਆਇਆ। ਅਤੇ ਅਰਜ ਕੀਤੀ ਕਿ ਮੈਨੂੰ ਏਨਾਂ ਨਾਲ ਥੋੜੀ ਜੇਹੀ ਗਲ ਕਰ ਲੈਣ ਦਿਓ।

ਫੇਰ ਬਾਹਰ ਜਾਕੇ ਮੌਲਵੀਆਂ ਨੂੰ ਆਖਿਆ ਕਿ ਗਲ ਕੀਤੀ ਹੈ, ਤੁਸੀਂ ਇਕ ਹਫਤਾ ਠਹਿਰ ਜਾਓ। ਏਹ ਆਖਕੇ ਓਹ ਇਕਠ ਖਲਾਰਦਿਤਾ।

ਜਿਸ ਦਿਨ ਏਹ ਇਕਠ ਹੋਇਆ ਓਸ ਦਿਨ ਮੁਸਲਮਾਨ ਹਥਿਆਰ ਬੰਦ ਹੋਕੇ ਆਏ ਸਨ, ਏਧਰ ਸ੍ਰੀ ਸਤਿਗੁਰੂ ਜੀ ਦੇ ਨਾਲ ਸਿੰਘ ਭੀ ਤਿਆਰ ਬਰ ਤਿਆਰ ਕੋਈ ਬਾਹਰ ਅਤੇ ਕੋਈ ਛਿਪਾਕੇ ਸ਼ਸਤ੍ਰ ਤਿਆਰ ਕਰੀ ਬੈਠੇ ਸਨ।

ਫੇਰ ਉਕਸਾਏ ਹੋਏ ਮੁਸਲਮਾਨਾਂ ਨੇ ਕਚੈਹਰੀ ਵਿਚ ਦਰਖਾਸਤ ਦੇ ਦਿਤੀ ਕਿ ਸਾਨੂੰ ਗਊਆਂ ਮਾਰਨ ਲਈ ਹਾਤਾ ਮਨਜ਼ੂਰ ਕੀਤਾ ਜਾਵੇ। ਇਹ ਕੇਸ ਚਲਿਆ। ਕਈ ਤਾਰੀਖਾਂ ਪਈਆਂ ਜਿਨਾਂ ਵਿਚੋਂ ਇਕ ਓਟੂ ਭੀ ਪਈ। ਸ੍ਰੀ ਜੀਵਨ ਨਗਰ ਦੇ ਆਸ ਪਾਸ ਦੇ ਪਿੰਡਾਂ ਤੋਂ ਓਟੂ ਨੇੜੇ ਸੀ। ਏਥੇ ਦੋਹਾਂ ਧਿਰਾਂ ਦੇ ਬਹੁਤ ਸਾਰੇ ਲੋਕ ਇਕਠੇ ਹੋ ਗਏ। ਵਕੀਲਾਂ ਨੇ ਜਜ ਨੂੰ ਆਖਿਆ ਕਿ ਕੋਈ ਅਣਸੁਖਾਵੀਂ ਗਲ ਹੋ ਗਈ ਤਾਂ ਏਥੇ ਸੰਭਾਲੀ ਨਹੀਂ ਜਾਣੀ। ਕੋਈ ਕਾਰਰਵਾਈ ਨਾਂ ਕਰੋ ਸਰਸੇ ਦੀ ਤਾਰੀਖ ਦੇ ਦਿਓ।

ਇਕ ਹੋਰ ਘਟਨਾਂ ੧੪ ਜੇਠ ੨੦੦੪ ਨੂੰ ਹੋਈ ਦਮਦਮੇ (ਪਹਿਲਾ ਨਾਮ ਕੰਜਰਵਾਲੀ) ਤੋਂ ਦੋ ਸਿੰਘ ਬਤਨ ਸਿੰਘ ਭਾਰਸਿੰਘ ਪੁਰਾ ਅਤੇ ਮੁਨਸ਼ਾ ਸਿੰਘ ਰਾਇਪੁਰ ਡਬਾ ਵਾਲੇ ਸ੍ਰੀ ਜੀਵਨ ਨਗਰ ਵਲ ਨਹਿਰੋ ਨਹਿਰ ਆ ਰਹੇ ਸਨ। ਕਾਰਣ ਵਸ ਨਹਿਰ ਛਡਕੇ ਸੰਤ ਨਗਰ ਪਿੰਡ ਵਿਚ ਚਲੇ ਗਏ। ਏਥੇ ਮੁਸਲਮਾਨਾਂ ਨੇ ਕੁਟ ਕੁਟਕੇ ਮਾਰ ਦਿਤੇ ਰਾਣੀਏ ਠਾਣੇਦਾਰ ਮੁਸਲਮਾਨ ਨਾਲ ਗਲ ਓਨ੍ਹਾਂ ਗੰਢੀ ਹੋਈ ਸੀ। ਇਨਾਂ ਦੀਆਂ ਲਾਸਾਂ ਟਕੜੇ ੨ ਕਰਕੇ ਪਿੰਡ ਭਾਗਸਰ ਲੈ ਜਾਕੇ ਖਤਮ ਕਰਦਿਤੀਆਂ। ਇਹ ਪਿੰਡ ਸ੍ਰੀ ਜੀਵਨ ਨਗਰ ਤੋਂ ਉਤ੍ਰ ਅਤੇ ਪੂਰਬ ਦਿਸ਼ਾ ਵਲ ਸਹੂ ਵਾਲੇ ਦੇ ਨੇੜੇ ਹੈ।

ਮੁਜਾਰਿਆਂ ਵਿਚੋਂ ਕੁਛ ਆਦਮੀ, ਜਿਨਾਂ ਨੂੰ ਕਤਲ ਦਾ ਪਤਾ ਸੀ। ਸ੍ਰੀ ਜੀਵਨ ਨਗਰ ਆਏ ਅਤੇ ਪੁਛਿਆ ਕਿ ਤੁਹਾਡੇ ਬੰਦੇ ਪੂਰੇ ਹਨ ? ਇਥੋਂ ਵਾਲਿਆਂ ਪਤਾ ਕਰਕੇ ਦਸਿਆ ਕਿ ਪੂਰੇ ਹਨ। ਫੇਰ ਦਮਦਮੇ ਤੋਂ ਪਤਾ ਕੀਤਾ ਤਾ ਮੁਨਸ਼ਾ ਸਿੰਘ ਅਤੇ ਬਤਨ ਸਿੰਘ ਦੇ ਵਾਪਸ ਨਾਂ ਪਹੁੰਚਣ ਤੇ ਬਹੁਤ ਚਿੰਤਾ ਹੋਈ। ਪਿੰਡ ਵਿਚੋਂ ਹੀ ਕਿਸੇ ਨੇ ਦਸ ਦਿਤਾ ਕਿ ਓਹ ਮਾਰ ਦਿਤੇ ਗਏ ਹਨ।

ਸੰਤ ਨਗਰ ਵਿਚ ਹੁਸੈਨ ਨਾਮ ਦਾ ਇਕ ਆਦਮੀ ਬਹੁਤ ਜਾਣਿਆ ਪਹਿਚਾਣਿਆ ਸੀ। ਇਸ ਦੇ ਭਰਾ ਜਿਸ ਨੂੰ "ਕਾਲਾ" ਆਖਕੇ ਬੁਲਾਇਆ ਜਾਂਦਾ ਸੀ, ਦਾ ਹੱਥ ਇਸ ਕਤਲ ਵਿਚ ਸੀ। ਪਰਚਾ ਹੋਇਆ, ਬੰਦੇ ਗ੍ਰਿਫਤਾਰ ਹੋਏ, ਤਫਤੀਸ਼ ਭੀ ਹੋਈ, ਪਰ ਪਾਕਿਸਤਾਨ ਦੇ ਕੈਦੀਆਂ ਦੇ ਲੈਣ ਦੇਣ ਵਿਚ ਏਹ ਕਾਤਲ ਨਿਕਲ ਗਏ।

ਦਮਦਮੇ ਦੀ ਰਜਿਸਟਰੀ ਹੋਣ ਤੋਂ ਬਾਦ ਸੇਠਾਂ ਦਾ ਕੁਛ ਸਾਮਾਨ ਊਠਾਂ ਦੀਆਂ ਕਾਠੀਆਂ, ਕੁਛ ਬਾਜਰਾ ਅਤੇ ਹੋਰ ਅਨਾਜ, ਗਾਰਡਰ ਆਦਿਕ ਸਾਰੇ ਸਾਮਾਨ ਦੀ ਕੀਮਤ ਓਨਾਂ ਨੇ ਜੋ ਨਿਸ਼ਚਿਤ ਕੀਤੀ ਓਹ ਗਿਆਰਾਂ ਹਜਾਰ ਚਾਰ ਸੌ ਕੁਛ ਰੁਪੈ ਅਤੇ ਕੁਝ ਆਨੇ ਅਤੇ ਦੋ ਪੈਸੇ ਸੀ। ਕੀਮਤ ਦੀ ਰਕਮ ਸੇਠਾਂ ਨੂੰ ਹਿਸਾਰ ਬਾਬੂ ਪ੍ਰਕਾਸ਼ ਚੰਦਰ ਵਕੀਲ ਦੀ ਕੋਠੀ ਬੈਠਕੇ ਦਿਤੀ ਗਈ। ਪਹਿਲੀ ਰਜਿਸਟਰੀ ਵੇਲੇ ਜੋ ਪੰਜਾਹ ਹਜਾਰ ਓਨਾਂ ਤੋਂ ਏਸ ਵਾਸਤੇ ਛਡਾਉਣਾਂ ਸੀ ਕਿ ਓਨਾਂ ਨੇ ਵਕਤ ਨਾਲ ਮਜਾਰਿਆਂ ਨੂੰ ਬੇਦਖਲੀ ਦਾ ਨੋਟਿਸ ਨਹੀ ਸੀ ਦਿਤਾ, ਓਸ ਵੇਲੇ ਧਨਪਤ ਸਿੰਘ ਇਹ ਗਲ ਸੁਣਦਾ ਹੀ ਗੁਸੇ ਵਿਚ ਆ ਗਿਆ ਸੀ, ਉਸ ਪੰਜਾਹ ਹਜਾਰ ਦੇ ਬਦਲੇ ੧੧ ਹਜਾਰ ਤੋਂ ਉਪਰਲੇ ਚਾਰ ਸੌ ਕੁਛ ਰੁਪੈ ਛਡ ਦੇਣ ਦੀ ਪੇਸ਼ਕਸ਼ ਕੀਤੀ। ਮੈਂ ਆਖਿਆ ਕਿ ਏਹ ਰਕਮ ਹੁਣ ਨਹੀਂ ਛਡਾਉਣੀ। ਪੈਸੇ ਦੇ ਦਿਤੇ ਗਏ। ਦੋ ਪੈਸੇ ਦੀ ਭ੍ਹਾਨ ਨਾਂ ਲਭੀ, ਓਹ ਭੀ ਸੇਠਾਂ ਵਲ ਹੀ ਛਡ ਦਿਤੇ ਗਏ।

ਦੂਜੀ ਜੰਗ ਖਤਮ ਹੁੰਦੇ ਹੀ ਐਸੇ ਹਾਲਾਤ ਬਣ ਗਏ ਸਨ ਕਿ ਲੋਕਾਂ ਦੇ ਅੰਗ੍ਰੇਜੀਰਾਜ ਵਿਰੁਧ ਵੀਚਾਰ ਜੋਰ ਪਕੜਦੇ ਜਾ ਰਹੇ ਸਨ। ਭਾਰਤ ਵਿਚੋਂ ਅੰਗਰੇਜ਼ਾਂ ਨੂੰ ਕਢਣ ਵਾਸਤੇ ਭਾਵੇਂ ਕਈ ਸ਼੍ਰੇਣੀਆਂ ਨੇ ਅਪਨਾ ਅਪਣਾ ਯੋਗ ਦਾਨ ਪਾਇਆ। ਪਰ ਓਸ ਵੇਲੇ ਸਮੁੰਦਰੀ ਫੌਜ ਵਿਚ ਹੋਏ ਵਿਦਰੋਹ ਨੇ ਰੰਗ ਹੀ ਬਦਲ ਦਿਤਾ। ਬੰਬਈ ਸਮੁੰਦਰ-ਤਟ ਨੇੜੇ ਇਕ ਜਹਾਜ ਵਿਚੋਂ ਕਈ ਦਿਨ ਅੰਗਰੇਜੀ ਫੌਜਾਂ ਦੇ ਮੁਕਾਬਲੇ ਵਿਚ ਗੋਲੀ ਚਲਾਈ ਜਾਂਦੀ ਰਹੀ। ਇਸਤੋਂ ਆਮ ਲੋਕਾਂ ਵਿਚ ਤੀਬਰ ਜਾਗ੍ਰਤੀ ਆਈ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਓਹ ਬਚਨ ਸਾਕਾਰ ਹੋਏ ਜੋ ਓਨਾਂ ਨੇ ਅੰਗਰੇਜ਼ਾਂ ਦੇ ਦੇਸ ਵਿਚੋਂ ਨਿਕਲਣ ਬਾਰੇ ਭਵਿਖ ਵਾਕ ਕੀਤੇ ਸਨ ਕਿ "ਓਦੋਂ ਫੌਜਾਂ ਦੇ ਮਨ ਬਦਲ ਜਾਣਗੇ।"

ਅੰਗਰੇਜ਼ਾਂ ਨੂੰ ਇਹ ਦਿਸ ਪਿਆ ਸੀ ਕਿ ਭਾਰਤ ਹੁਣ ਸਾਡੇ ਅਧੀਨ ਰਹਿਣ ਨਹੀਂ ਲਗਾ। ਭਾਰਤੀਆਂ ਨੂੰ ਆਜ਼ਾਦੀ ਕਿਵੇਂ ਦੇਣੀ ਹੈ ? ਕਦੋਂ ਦੇਣੀ ਹੈ ? ਇਸ ਸਬੰਧੀ ਕਈ ਕਾਨਫਰੰਸਾਂ ਹੋ ਰਹੀਆਂ ਸਨ। ਅਖੀਰਲੀ ਕਾਨਫਰੰਸ ਉਸ ਵੇਲੇ ਦੇ ਵਾਇਸਰਾਏ, ਲਾਰਡ ਵੇਵਲ ਵਲੋਂ ਸ਼ਿਮਲੇ ਬੁਲਾਈ ਗਈ ਸੀ। ਦੇਸ਼ ਦੀਆਂ ਕ੍ਰੀਬ ਸਭ ਰਾਜਨੀਤਿਕ ਪਾਰਟੀਆਂ ਸ਼ਿਮਲੇ ਪਹੁੰਚੀਆਂ ਹੋਈਆਂ ਸਨ। ਦੇਸ਼ ਦਾ ਆਜ਼ਾਦ ਹੋ ਜਾਣਾ ਓਦੋਂ ਸਪਸ਼ਟ ਦਿਸ ਰਿਹਾ ਸੀ। ਸਭ ਆਪੋ ਆਪਣੀਆਂ ਮੰਗਾਂ ਲਈ ਬੈਠੇ ਸਨ।

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ, ਸੰਤ ਮੰਗਲ ਸਿੰਘ ਜੀ ਅਰਸ਼ੀ ਫਰਿਸ਼ਤਾ ਸਮੇਤ ਸ਼ਿਮਲੇ ਪਹੁੰਚੇ ਹੋਏ ਸਨ ਅਤੇ ਸ਼ਿਮਲੇ ਦੇ ਇਕ ਛੋਟੇ ਭਾਗ ਸਮਰ ਹਿਲ ਦੇ ਡਾਕਖਾਨੇ ਦੇ ਪੋਸਟ ਮਾਸਟਰ ਭਗਤ ਜਸਵੰਤ ਸਿੰਘ ਜੀ(ਸ੍ਰ. ਨਿਰਮਲ ਸਿੰਘ ਜੀ ਐਂਜੀਨੀਅਰ ਦੇ ਪਿਤਾ) ਪਾਸ ਠਹਿਰੇ ਹੋਏ ਸਨ। ਲਾਰਡ ਵੇਵਲ ਪਾਸੋਂ ਵਾਪਸ ਆ ਰਹੇ ਪੰ: ਜਵਾਹਰ ਲਾਲ ਅਤੇ ਮੌਲਾਨਾ ਅਬੁਲ ਕਲਾਮ ਆਜ਼ਾਦ ਸਮਰ ਹਿਲ ਡਾਕਖਾਨੇ

ਦੇ ਪਾਸ ਦੀ ਲੰਘ ਰਹੇ ਸਨ। ਏਹ ਪੈਦਲ ਹੀ ਸਨ ਕਿਉਂਕਿ ਉਨ੍ਹਾਂ ਦਿਨਾਂ ਵਿਚ ਅੰਗ੍ਰੇਜ਼ ਮੁਖੀ ਅਫਸਰਾਂ ਤੋਂ ਬਿਨਾਂ ਕਿਸੇ ਦੀ ਕਾਰ ਸ਼ਿਮਲਾ ਸ਼ਹਿਰ ਦੀਆਂ ਸੜਕਾਂ ਤੇ ਨਹੀ ਸੀ ਚਲ ਸਕਦੀ। ਅਚਾਨਕ ਵਰਖਾ ਆ ਗਈ। ਸ੍ਰੀ ਸਤਿਗੁਰੂ ਜੀ ਨੇ ਏਨਾਂ ਨੂੰ ਵੇਖ ਲਿਆ ਅਤੇ ਆਪਣੇ ਪਾਸ ਬੁਲਾ ਲਿਆ, ਏਥੇ ਬੈਠਿਆਂ ਕੁਛ ਸਮਾਂ ਲਗ ਗਿਆ। ਪੰਡਿਤ ਜਵਾਹਰ ਲਾਲ ਜੀਨੇ ਸ੍ਰੀ ਸਤਿਗੁਰੂ ਜੀਨੂੰ ਪੁਛਿਆ ਕਿ ਵਖ ਵਖ ਸ਼੍ਰੇਣੀਆਂ ਆਪਣੀਆਂ ਮੰਗਾਂ ਲੈਕੇ ਏਥੇ ਆਈਆਂ ਹਨ ਤੁਸੀਂ ਕੀ ਚਹੁੰਦੇ ਹੋ ? ਸ੍ਰੀ ਸਤਿਗੁਰੂ ਜੀ ਨੇ ਉਤਰ ਦਿਤਾ ਕਿ ਤੁਹਾਥੋਂ ਵਖਰਾ ਅਸੀਂ ਕੁਛ ਨਹੀਂ ਮੰਗਦੇ ਪਰ ਤੁਸੀਂ ਸਾਨੂੰ ਭੁਲ ਨਾ ਜਾਇਓ। ਪੰਡਿਤ ਜੀ ਨੇ ਅਗੋਂ ਆਖਿਆ ਕਿ "ਆਪ ਕੋ ਭੀ ਯਹ ਕਹਨੇ ਕੀ ਜਰੂਰਤ ਹੈ ?" ਬਾਰਸ਼ ਬੰਦ ਹੋਣ ਤੇ ਦੋਵੇਂ ਨੇਤਾ ਆਪਣੇ ਸਥਾਨ ਨੂੰ ਚਲੇ ਗਏ।

ਮਿ: ਮੁਹੰਮਦ ਅਲੀ ਜਿਨਾਹ ਨੇ ਏਹ ਕਹਿਕੇ, ਜੇ ਸਾਰਾ ਭਾਰਤ ਇਸੇਤਰਾਂ ਆਜਾਦ ਹੋ ਗਿਆ ਤਦ ਮੁਸਲਿਮ ਘਟ ਗਿਣਤੀ ਨਾਲ ਬੇਇਨਸਾਫੀ ਹੋ ਇਗੀ,ਦੇਸ਼ ਦੇ ਆਜਾਦ ਹੋਣ ਵਿਚ ਬਹੁਤ ਭਾਰੀ ਰੁਕਾ-ਵਟ ਪਾਈ। ਕਾਂਗ੍ਰਸ ਦੇ ਮੁਖੀ ਥੋੜਾ ਚਿਰ ਤਾਂ ਅੜੇ ਪਰ ਸਭ ਤੋਂ ਪਹਿਲਾਂ ਸ੍ਰ. ਪਟੇਲ ਫੇਰ ਗਾਂਧੀ ਜੀ ਅਤੇ ਪੰਡਿਤ ਜਵਾਹਰ ਲਾਲ ਜੀ ਨੇ ਵੰਡਾਰਾ ਮੰਨ ਲਿਆ। ਮੌਲਾਨਾ ਆਜਾਦ ਜੀ ਅਸਹਿਮਤ ਹੀ ਰਹੇ। ਪਰ ਓਨਾਂ ਦੀ ਗਲ ਏਥੇ ਚਲ ਨਹੀਂ ਸਕੀ। ਓਨਾਂ ਦਾ ਵੀਚਾਰ ਸੀ ਕਿ ਦੇਸ਼ ਆਜਾਦ ਹੋਕੇ ਹੀ ਰਹੇਗਾ। ਇਹ ਇਕ ਅੰਗਰੇਜ਼ਾਂ ਵਲੋਂ ਖੜੀ ਕੀਤੀ ਗਈ ਰੁਕਾਵਟ ਹੈ ਜ਼ੋਰ ਦੇਣ ਤੇ ਕੁਛ ਚਿਰ ਬਾਦ ਇਹ ਭੀ ਹਟ ਜਾਇਗੀ।

**
‡
**

ਦੇਸ਼ ਵੰਡਾਰਾ ਅਤੇ ਆਜ਼ਾਦ

੬

ਦੇਸ਼ ਆਜ਼ਾਦ ਹੋਣ ਵੇਲੇ ਵੰਡ ਪਾਈ ਗਈ। ਪਛਮੀ ਪੰਜਾਬ,ਉਤਰ ਪਛਮੀ ਸਰਹਦੀ ਸੂਬਾ,ਸਿੰਧ ਅਤੇ ਪੂਰਬੀ ਬੰਗਾਲ ਦੇ ਕੁਛ ਹਿਸੇ ਮਿ: ਜਿਨਾਹ ਦੀ ਇਛਾ ਅਨੁਸਾਰ ਪਾਕਿਸਤਾਨ ਨਾਮ ਦਾ ਦੇਸ਼ ਬਣ ਗਿਆ। ਬਾਕੀ ਭਾਰਤ ਨਾਮ ਦੇ ਦੇਸ਼ ਦੀ ਹਕੂਮਤ ਕਾਂਗ੍ਰਸ ਪਾਰਟੀ ਦੇ ਹਥ ਆਈ। ਦੇਸ਼ ਆਜ਼ਾਦ ਹੋਣ ਵੇਲੇ ਸਿਖਾਂ ਵਲੋਂ ਜਤਨ ਕੀਤਾ ਗਿਆ ਕਿ ਸਾਨੂੰ ਭੀ ਦੇਸ਼ ਦੀ ਮੁਖ ਅਸੈਂਬਲੀ ਵਿਚ ਪ੍ਰਤਿਨਿਧਤਾ ਮਿਲੇ। ਓਸ ਵੇਲੇ ਸਿਖ ਸ੍ਰੇਣੀਆਂ ਦੇ ਮੁਖੀ ਬੜੇ ਜਤਨ ਸ਼ੀਲ ਹੋਏ ਪਰ ਇਕਠੇ ਨਾਂ ਹੋਣ ਕਰਕੇ ਕੋਈ ਗਲ ਨਾ ਬਣ ਸਕੀ। ਫੇਰ ਸ੍ਰੀ ਸਤਿਗੁਰੂ ਪ੍ਰਤਾਪਸਿੰਘ ਜੀਨੇ ਵਿਚ ਪੈਕੇ ਪੰਥਕ ਪ੍ਰਤਿਨਿਧ ਬੋਰਡ ਬਣਾਇਆ। ਇਸ ਬੋਰਡ ਵਿਚ ਸ੍ਰ. ਪ੍ਰਤਾਪ ਸਿੰਘ ਕੈਰੋਂ ਜਥੇਦਾਰ ਊਧਮ ਸਿੰਘ ਨਾਗੋਕੇ ਸ੍ਰ. ਸਰਮੁਖ ਸਿੰਘ ਜੀ ਚਮਕ(ਪ੍ਰਧਾਨ ਰਾਮਗੜੀਆ ਸੈਂਟੇਰਲ ਫੈਡਰੇਸ਼ਨ) ਸ੍ਰ. ਹਰਨਾਮ ਸਿੰਘ ਸੀਨੀਅਰ ਐਡਵੋਕੇਟ(ਕੁਛ ਸਮੇਂ ਲਈ ਹਾਈਕੋਰਟ ਦੇ ਜਜ) ਗਿਆਨੀ ਗੁਰਮੁਖ ਸਿੰਘ ਜੀ ਮੁਸਾਫਿਰ ਅਤੇ ਸੰਤ ਨਿਧਾਨ ਸਿੰਘ ਜੀ ਆਲਿਮ ਪ੍ਰਧਾਨ ਨਾਮਧਾਰੀ ਦਰਬਾਰ ਆਦਿ ਸ਼ਾਮਲ ਹੋਏ। ਪ੍ਰਤਿਨਿਧਤਾ ਲੈਣ ਵਾਸਤੇ ਕਾਂਗ੍ਰਸ ਦੇ ਮੁਖੀਆਂ ਨਾਲ ਜੋ ਗਲਬਾਤ ਵਾਰਧਾ ਜਾਕੇ ਹੋਈ ਅਤੇ ਸਿਖਾਂ ਨੂੰ ਚਾਰ ਸੀਟਾਂ ਮਿਲੀਆਂ ਏਹ ਕੁਛ ਸ੍ਰੀ ਸਤਿਗਰੂ ਪ੍ਰਤਾਪ ਸਿੰਘ ਜੀ ਦੇ ਪੰ: ਜਵਾਹਰ ਲਾਲ ਜੀ ਨਾਲ ਕੋਈ ੨੦ ਮਿੰਟ ਵਖਰਿਆਂ ਗਲਬਾਤ ਕਰਨ ਕਰਕੇ ਹੀ ਹੋਇਆ। ਸ੍ਰ. ਬਲਦੇਵ ਸਿੰਘ ਨੂੰ ਸਿਖਾਂ ਦੇ ਪ੍ਰਤਿਨਿਧ ਵਜੋਂ ਰਖਜਾ ਮੰਤ੍ਰੀ ਦੀ ਪਦਵੀ ਮਿਲੀ।

ਪੰਜਾਬ ਦੇ ਮੁਖ ਮੰਤ੍ਰੀ ਡਾ: ਗੋਪੀ ਚੰਦ ਭਾਰਗਵ ਨਿਯੁਕਤ ਹੋਏ। ਇਨਾਂ ਦੇਂ ਮੰਤ੍ਰੀ ਮੰਡਲ ਵਿਚ ਅਕਾਲੀਆਂ ਵਲੋਂ ਸ੍ਰ. ਸਵਰਨ ਸਿੰਘ

ਅਤੇ ਹੋਰ ਮੰਤ੍ਰੀਆਂ ਤੋਂ ਬਿਨਾਂ ਕਾਂਗ੍ਰਸੀ ਸਿਖਾਂ ਵਿਚੋਂ ਸ੍ਰ. ਪ੍ਰਤਾਪ ਸਿੰਘ ਕੈਰੋਂ ਮੰਤ੍ਰੀ ਬਣੇ। ਸ੍ਰ. ਪ੍ਰਤਾਪ ਸਿੰਘ ਕੈਰੋਂ ਕਈ ਵਾਰੀ ਦੇਸ਼ ਵੰਡਾਰੇ ਤੋਂ ਪਹਿਲੋਂ ਏਹ ਸੁਣ ਚੁਕੇ ਸਨ ਕਿ ਨਾਮਧਾਰੀ ਏਹ ਕਹਿਦੇ ਹਨ ਕਿ ਅੰਗਰੇਜ ਇਸ ਦੇਸ ਵਿਚੋਂ ਕਢੇ ਜਾਣਗੇ।

ਸ੍ਰ. ਸਵਰਨ ਸਿੰਘ ਅਕਾਲੀ ਪਾਰਟੀ ਵਲੋਂ ਸਨ। ਦੇਸ਼ ਆਜ਼ਾਦ ਹੁੰਦੇ ਹੀ ਕਾਂਗ੍ਰਸ ਵਿਚ ਸ਼ਾਮਲ ਹੋ ਗਏ। ਕਾਂਗ੍ਰਸ ਪਾਰਟੀ ਨੇ ਝਟ ਏਨਾਂ ਨੂੰ ਮੰਤ੍ਰੀ ਮੰਡਲ ਵਿਚ ਲੈ ਲਿਆ। ਅੰਦਰ ਖਾਨੇ ਸਮਝੋਤਾ ਕਿਸ ਆਧਾਰ ਤੇ ਹੋਇਆ ? ਬਾਹਰ ਕੁਛ ਨਹੀਂ ਦਸਿਆ ਗਿਆ। ਜਿਨਾਂ ਕਾਂਗ੍ਰਸ ਦਾ ਸਾਥ ਦੇਣ ਦੀ ਭਾਵਨਾਂ ਨਾਲ ਅਕਾਲੀਆਂ ਨਾਲ ਸਿਧੀ ਰਾਜਨੀਤਕ ਟਕਰ ਲਈ ਰਖੀ, ਓਨਾਂ ਨੂੰ ਕਿਸੇ ਨਹੀਂ ਪੁਛਿਆ।

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੂੰ ਸੰਮਤ ੧੯੨੯(ਸੰਨ ੧੮੭੨) ਦੇ ਸਿਆਲ ਵਿਚ ਅੰਗ੍ਰੇਜ਼ਾਂ ਨੇ ਦੇਸ਼ ਨਿਰਵਾਸਤ ਕੀਤਾ ਸੀ। ਓਨਾਂ ਓਦੋਂ ਹੀ ਹੁਕਮ ਕਰ ਦਿਤਾ ਸੀ ਕਿ ਤੁਸਾਂ ਸਾਨੂੰ ਸਿਆਲ ਵਿਚ ਕਢਿਆ ਹੈ ਅਸੀਂ ਤੁਹਾਨੂੰ ਗਰਮੀਆਂ ਵਿਚ ਕਢਾਂਗੇ। ਕਈ ਵਾਰੀ ਜੋਸ਼ ਵਿਚ ਆਕੇ ਸਤਿਗੁਰੂ ਜੀ ਦਾ ਏਹੋ ਬਚਨ ਯਾਦ ਕਰਕੇ ਕੋਈ ਕੋਈ ਨਾਮਧਾਰੀ ਪੜ੍ਹਦਾ ਹੁੰਦਾ ਸੀ।

ਗਲਾਂ ਦਿਲਾਂ ਦੀਆਂ ਦਿਲਾਂ ਦੇ ਵਿਚ ਰਹੀਆਂ,
ਸਭੇ ਪੂਰੀਆਂ ਕਰ ਵਖਾਣੀਆਂ ਨੀ।
ਤੁਸਾਂ ਸਾਨੂੰ ਸਿਆਲ ਵਿਚ ਕਢਿਆ ਹੈ,
ਅਸਾਂ ਹਾੜ ਮੁਸੀਬਤਾਂ ਪਾਣੀਆਂ ਨੀ।

ਏਹ ਤੁਕਾਂ ਭਾਵੇਂ ਕੋਈ ਹੋਰ ਸੁਣਦੇ ਰਹੇ ਪਰ ਸ੍ਰ. ਪ੍ਰਤਾਪ ਸਿੰਘ ਨੇ ਯਾਦ ਰਖੀਆਂ। ਪੰਜਾਬ ਵਿਚ ਮੰਤ੍ਰੀ ਪਦ ਸੰਭਾਲਣ ਤੋਂ ਬਾਦ ਪਹਿਲੀ ਵਾਰੀ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਮੁਖੀ ਕਾਰਿੰਦੇ ਅਤੇ ਮੁਖਤਿਆਰ ਆਮ ਸ੍ਰ. ਕੇਹਰ ਸਿੰਘ ਜੀ ਅਰਾਕ ਵਾਲੇ ਜਦੋਂ ਓਨਾਂ ਨੂੰ ਮਿਲੇ, ਮਿਲਦਿਆਂ ਹੀ ਸ੍ਰ. ਪ੍ਰਤਾਪ ਸਿੰਘ ਨੇ ਜਜ਼ਬੇ ਭਰਪੂਰ ਸ਼ਬਦਾਂ

ਵਿਚ ਕਿਹਾ,ਓ ਕੂਕਿਓ,ਤੁਸੀ! ਸਚੇ,ਤੁਸੀਂ ਸਚੇ ਤੁਸੀਂ ਸਚੇ। ਸ੍ਰ. ਪ੍ਰਤਾਪ ਸਿੰਘ ਦੇ ਹਥ ਵਿਚ ਕਲਮ ਸੀ। ਸ੍ਰ. ਕੇਹਰ ਸਿੰਘ ਨੂੰ ਦਿਖਾਕੇ ਆਖਿਆ ਏਹ ਕਲਮ ਹੁਣ ਤੁਹਾਡੀ ਹੈ।

ਦੇਸ਼ ਦੀ ਵੰਡ ਹੋਣ ਤੋਂ ਪਹਿਲਾਂ, ਪੰਜਾਬ ਦੇ ਪਛਮੀ ਜਿਲਿਆਂ ਵਿਚ ਰਹਿੰਦੇ ਹੋਏ ਨਾਮਧਾਰੀ ਸਿੰਘਾਂ ਨੂੰ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਜਾ ਜਾ ਕੇ ਹੁਕਮ ਕੀਤਾ ਸੀ ਕਿ ਆਪਣੇ ਬਚੇ ਅਤੇ ਜਰੂਰੀ ਸਮਾਨ ਘਟੋ ਘਟ ਇਥੋਂ ਜਰੂਰ ਲੈ ਚਲੋ। ਓਨਾਂ ਵਿਚੋਂ ਬਹੁਤਿਆਂ ਨੇ ਓਸ ਵੇਲੇ ਸ੍ਰੀ ਸਤਿਗੁਰੂ ਜੀ ਦੇ ਹੁਕਮ ਦੀ ਥੋੜੀ ਹੀ ਪ੍ਰਵਾਹ ਕੀਤੀ। ਜਦੋਂ ਵੰਡਾਰਾ ਹੋਣ ਤੇ ਰੌਲਾ ਪਿਆ। ਮੁਸਲਮਾਨਾਂ ਨੇ ਕਤਲੇਆਮ ਸ਼ੁਰੂ ਕੀਤਾ, ਬਹੂ ਬੇਟੀਆਂ ਨੂੰ ਬੇ-ਪਤ ਕੀਤਾ ਤਾਂ ਓਨਾਂ ਨੂੰ ਪਸਚਾਤਾਪ ਹੋਇਆ ਕਿ ਬਚਨ ਨਾ ਮੰਨਣ ਕਰਕੇ ਸਾਡੀ ਏਹ ਦਸ਼ਾ ਹੋਈ ਹੈ।

ਏਨਾਂ ਦਿਨਾਂ ਵਿਚ ਸ੍ਰੀ ਸਤਿਗੁਰੂ ਸਚੇ ਪਾਤਸ਼ਾਹ ਜੀ ਮੰਡੀ ਨਿਵਾਸ ਰਖ ਰਹੇ ਸਨ। ਲੇਖਕ ਭੀ ਓਥੇ ਹੀ ਸੀ। ਸੰਤ ਪ੍ਰੀਤਮ ਸਿੰਘ ਜੀ ਚੇਲੇਕੇ ਵਾਲਿਆਂ ਕਈ ਵਾਰੀ ਅਰਜ ਕਰਨੀ ਕਿ ਗ੍ਰੀਬ ਨਿਵਾਜ ਜੀ ਕਿਰਪਾ ਕਰੋ ਸਾਧ ਸੰਗਤ ਓਧਾਂ (ਪਛਮੀ ਪੰਜਾਬ ਵਿਚੋਂ) ਸੁਖੀ ਸਾਂਦੀ ਏਧਰ ਆ ਜਾਵੇ। ਸਤਿਗੁਰੂ ਜੀ ਉਤ੍ਰ ਦੇਣਾਂ ਕਿ ਸੰਤ ਜੀ ਸਤਿ-ਗੁਰੂ ਰਾਮ ਸਿੰਘ ਜੀ ਦਾ ਹੁਕਮ ਹੈ ਪਤਾ ਬਹੁਤਿਆਂ ਨੂੰ ਲਗ ਜਾਇਗਾ ਪਰ ਨਿਕਲਣਗੇ ਥੋੜੇ ਹੀ। ਰਾਤ ਬੇਚੈਨੀ ਵਿਚ ਕਟਣੀ ਅਤੇ ਸਵੇਰੇ ਆਖਣਾ ਓਨਾਂ ਦੇ ਫਿਕਰ ਵਿਚ ਰਾਤੀ ਨੀਂਦ ਨਹੀਂ ਆਈ। ਓਨਾਂ ਅਰਦਾਸੇ ਕੀਤੇ ਫਿਰ ਭੀ ਸ੍ਰੀ ਸਤਿਗੁਰੂ ਜੀ ਨੇ ਓਨਾਂ ਦੀ ਰਖਿਆ ਕੀਤੀ। ਜੋ ਨਾਮਧਾਰੀ ਸ਼ਰਨਾਰਥੀ ਰੂਪ ਵਿਚ ਪਛਮੀ ਪੰਜਾਬ ਤੋਂ ਔਂਦੇ ਸਨ, ਓਨਾਂ ਵਾਸਤੇ ਸਭ ਤੋਂ ਪਹਿਲਾ ਕੈਂਪ ਅੰਮ੍ਰਿਤਸਰ ਸੀ। ਸ੍ਰੀ ਸਤਿਗੁਰੂ ਜੀ ਆਪ ਜਾਕੇ ਨਾਮਧਾਰੀ ਧਰਮਸ਼ਾਲਾ ਔਂਦੇ ਸਰਨਾ-ਰਥੀਆਂ ਵਾਸਤੇ ਥੋੜਾ ਸਮਾ ਠਹਿਰਨ ਦਾ ਅਤੇ ਪ੍ਰਸ਼ਾਦ ਪਾਣੀ ਦਾ ਪ੍ਰਬੰਧ ਕਰ ਰਖਿਆ ਸੀ।

ਏਧਰ ਪੰਜਾਬ ਸ੍ਰਕਾਰ ਨੂੰ ਮਿਲਕੇ ਸ੍ਰੀ ਸਤਿਗਰੂ ਜੀ ਨੇ, ਸਰਸਾ ਤਸੀਲ ਵਿਚ, ਸ੍ਰੀ ਜੀਵਨ ਨਗਰ ਦੇ ਆਸ ਪਾਸ ਪਿੰਡਾਂ ਦੀ ਜਮੀਨ ਨਾਮਧਾਰੀ ਸਿੰਘਾਂ ਨੂੰ ਓਨਾਂ ਦੇ ਜ਼ਿਲਿਆਂ ਦੀ ਜੋ ਤਜਵੀਜ ਸ੍ਰਕਾਰ ਵਲੋਂ ਬਣੀ ਸੀ ਉਸ ਤੋਂ ਮੁਕਤ ਕਰਾਕੇ ਏਨਾਂ ਪਿੰਡਾਂ ਵਿਚ ਅਲਾਟਮੈਂਟ ਦੇ ਹੁਕਮ ਕਰਵਾ ਦਿੱਤੇ। ਏਹ ਪਿੰਡ ਸਨ, ਨਕੌੜਾ ਕਰੀਂਵਾਲਾ, ਅੰਮ੍ਰਿਤਸਰ ਮੌਜੂਖੇੜਾ ਮਿਰਜਾਪੁਰ ਅਤੇ ਕੰਗਨਪੁਰ। ਕੰਗਨਪੁਰ ਪਿੰਡ ਸਰਸੇ ਦੇ ਪਾਸ ਹੈ। ਓਦੋਂ ਬਾਰਾਂ ਮਾਸੀ ਨਹਿਰ ਦਾ ਪਾਣੀ ਕੇਵਲ ਕੰਗਨਪੁਰ ਹੀ ਲਗਦਾ ਸੀ। ਇਸ ਕਰਕੇ ਏਹ ਪਿੰਡ ਨਾਮਧਾਰੀ ਸਿੰਘਾਂ ਵਾਸਤੇ ਸ੍ਰੀ ਸਤਿਗੁਰੂ ਜੀ ਨੇ ਵਿਸ਼ੇਸ਼ ਕਰਕੇ ਸ੍ਰਕਾਰ ਪਾਸੋਂ ਲਿਆ।

ਭੋਜ ਰਾਜ ਨਾਮ ਦਾ ਇਕ ਆਦਮੀ ਜਿਸ ਦਾ ਪਿਛੋਂ ਆਇਆ ਹੋਇਆ ਰਕਬਾ ਕ੍ਰੀਬ ਡੇਢ ਸੌ ਏਕੜ ਬਣਦਾ ਸੀ, ਉਸਨੇ ਕਿਸੇ ਸਾਧਨ ਰਾਹੀਂ ਉਸ ਵੇਲ਼ੇ ਦੇ ਮੁੜ ਵਸਾਊ ਮਹਿਕਮੇ ਦੇ ਮੰਤ੍ਰੀ ਡਾ: ਲਹਿਣਾ ਸਿੰਘ ਸੇਠੀ ਤਕ ਅਪਣੀ ਪਹੁੰਚ ਕੀਤੀ ਅਤੇ ਅਪਣਾ ਰਕਬਾ ਕੰਗਨਪੁਰ ਵਿਚ ਫਿਟ ਕਰਵਾਉਣ ਦਾ ਹੁਕਮ ਲੈ ਲਿਆ, ਇਸ ਕਾਰਰਵਾਈ ਦਾ ਪਤਾ ਸ੍ਰੀ ਸਤਿਗਰੂ ਜੀ ਪਾਸ ਭੀ ਪਹੁੰਚ ਗਿਆ। ਇਸਤੋਂ ਬਹੁਤ ਪ੍ਰੇਸ਼ਾਨੀ ਹੋਈ। ਇਕੋ ਏਹ ਪਿੰਡ ਕੰਗਨਪੁਰ ਜਿਥੇ ਓਸ ਵੇਲੇ ਬਾਰਾਂ ਮਾਸੀ ਨਹਿਰ ਲਗਦੀ ਸੀ, ਨਾਮਧਾਰੀ ਸਿੰਘਾਂ ਵਾਸਤੇ ਸ੍ਰੀ ਸਤਿਗਰੁ ਜੀ ਨੇ ਲਿਆ ਸੀ ਪਰ ਉਸਦਾ ਕਿਤਨਾ ਹੀ ਰਕਬਾ ਬਿਨਾਂ ਸਾਡੇ ਪਛਣ ਤੋਂ ਕਿਸੇ ਦੂਜੇ ਨੂੰ ਦਿਤਾ ਜਾ ਰਿਹਾ ਹੈ।

ਡਾ: ਲਹਿਣਾ ਸਿੰਘ ਪਿਛੋਂ ਸਰਗੋਧੇ ਵਲ ਦੇ ਸਨ। ਸ੍ਰ. ਈਸ਼ਰ ਸਿੰਘ ਜੀ ਠੇਕੇਦਾਰ ਮਲੂਵਾਲੀ ਸਰਗੋਧੇ ਵਲ ਕਾਫੀ ਚਿਰ ਅਪਣਾ ਵਿਹਾਰ ਕਰਦੇ ਰਹੇ ਸਨ ਅਤੇ ਡਾਕਟਰ ਨਾਲ ਚੰਗੀ ਜਾਣ ਪਹਿਚਾਣ ਸੀ। ਈਸ਼ਰ ਸਿੰਘ ਹੋਰਾਂ ਨੂੰ ਸ੍ਰੀ ਸਤਿਗਰੂ ਜੀ ਨੇ ਭੇਜਿਆ ਪਰ ਡਾ: ਲਹਿਣਾ ਸਿੰਘ ਨੇ ਕੋਈ ਅਸਰ ਨਾਂ ਕੀਤਾ। ਫੇਰ ਸ੍ਰੀ ਸਤਿਗੁਰੂ ਸਚੇ

ਪਾਤਸ਼ਾਹ ਜੀ ਆਪ ਭੀ ਉਚੇਚ ਕਰਕੇ ਸ਼ਿਮਲੇ ਗਏ। ਪਰ ਡਾ: ਨੇ ਕੋਈ ਗਲ ਨਾ ਮੰਨੀ। ਬਾਦ ਵਿਚ ਸ੍ਰ. ਤੇਜਾ ਸਿੰਘ ਜੀ ਅਤੇ ਮੈਂ ਭੀ ਵਾਰੀ ਵਾਰੀ ਜਾਂਦੇ ਰਹੇ, ਪਰ ਡਾ: ਦਾ ਦਿਮਾਗ ਹੋਰ ਦਾ ਹੋਰ ਹੋ ਚੁਕਾ ਹੋਇਆ ਸੀ ਕਿਸੇ ਦੀ ਕੋਈ ਗਲ ਨਾ ਮੰਨੀ। ਜਮੀਨ ਭੋਜ ਰਾਜ ਨੂੰ ਪਾ ਹੀ ਦਿਤੀ।

ਜੋ ਸਿੰਘ ਪਛਮੀ ਪੰਜਾਬ ਵਿਚੋਂ ਸਰ ਸਬਜ ਇਲਾਕੇ ਛਡਕੇ ਆਏ ਸਨ, ਜਦੋਂ ਓਨਾਂ ਸ੍ਰੀ ਜੀਵਨ ਨਗਰ ਅਤੇ ਆਸ ਪਾਸ ਦਾ ਬੇਆਬਾਦ ਇਲਾਕਾ ਅਤੇ ਬੰਜਰ ਕਦੀਮ ਜ਼ਮੀਨਾਂ ਵੇਖੀਆਂ ਤਾਂ ਓਨਾਂ ਵਿਚੋਂ ਕਈਆਂ ਦੇ ਮਨ ਉਚਾਟ ਹੋਏ। ਓਨਾਂ ਦਿਨਾਂ ਵਿਚ ਗਰਮੀ ਦੇ ਮੌਸਮ ਵਿਚ ਬਹੁਤ ਸਖਤ ਗਰਮੀ ਪੈਂਦੀ ਸੀ। ਖੁਸ਼ਕੀ ਭੀ ਅਤਿ ਦਰਜੇ ਦੀ ਸੀ।

ਜੋ ਨਾਮਧਾਰੀ ਸਿੰਘ ਪਛਮੀ ਪੰਜਾਬ ਤੋਂ ਜਮੀਨਾਂ ਛਡਕੇ ਆਏ ਸਨ ਓਨਾਂ ਵਿਚੋਂ ਬਹੁਤਿਆਂ ਨੇ ਮੁੜ ਵਸਾਊ ਮਹਿਕਮਾਂ ਜਲੰਧਰ ਦੇ ਅਧਿਕਾਰੀਆਂ ਨੂੰ ਆਪਣੀਆਂ ਜਮੀਨਾਂ ਨਾਮਧਾਰੀਗਰੁਪਤਸੀਲ ਸਰਸਾ ਵਿਖੇ ਅਲਾਟ ਕਰੌਣ ਦੀਆਂ ਦਰਖਾਸਤਾਂ ਦੇ ਦਿਤੀਆਂ। ਏਨਾਂ ਸਭਨਾਂ ਦੇ ਕਲੇਮ ਸਰਸੇ ਆ ਗਏ। ਜਿਨਾਂ ਦੇ ਕਲੇਮ ਔਣ ਵਿਚ ਕੋਈ ਰੁਕਾ-ਵਟ ਪੈਂਦੀ ਉਸ ਨੂੰ ਲਿਔਣ ਵਾਸਤੇ ਸ੍ਰੀ ਸਤਿਗੁਰੂ ਜੀ ਵਲੋਂ ਸ੍ਰ. ਤੇਜਾ ਸਿੰਘ ਜੀ,(ਰੀਟਾਇਰਡ ਇਨਸਪੈਕਟਰ ਕਸਟਮ ਵਿਭਾਗ) ਸ੍ਰ. ਅਵਤਾਰ ਸਿੰਘ ਝਬਰ ਕਰਮ ਸਿੰਘ ਪਟਵਾਰੀ ਅਤੇ ਸ੍ਰ. ਰਛਪਾਲ ਸਿੰਘ ਮਿੰਟਗੁਮਰੀ ਨਿਯੁਕਤ ਸਨ। ਇਸ ਮਹਿਕਮੇ ਦਾ ਵਡਾ ਅਫਸਰ (ਡਾਇਰੈਕਟਰ ਜਨਰਲ) ਸ੍ਰ. ਮਹਿੰਦਰ ਸਿੰਘ ਰੰਧਾਵਾ ਨਿਯੁਕਤ ਹੋਇਆ। ਕਈ ਵਾਰੀ ਲੋੜ ਪੈਣ ਤੇ ਸ੍ਰੀ ਸਤਿਗੁਰੂ ਜੀ ਆਪ ਭੀ ਜਾਂਦੇ।

ਵਿਰੋਧ ਆਰੰਭ

੭

ਸ੍ਰੀ ਜੀਵਨ ਨਗਰ ਅਤੇ ਆਸ ਪਾਸ ਨਾਮਧਾਰੀ ਸਿੰਘਾਂ ਦਾ ਏਨਾਂ ਵਿਸ਼ਾਲ ਪ੍ਰਸਾਰ ਦੇਖਕੇ ਏਸ ਇਲਾਕੇ ਦੇ ਰਹਿਣ ਵਾਲੇ ਕਈ ਸਵਾਰਥੀ ਲੀਡਰਾਂ ਨੂੰ ਇੰਝ ਲਗਾ ਕਿ ਸਾਡੀ ਮਾਨਤਾ ਹੁਣ ਅਗੇ ਵਾਲੀ ਨਹੀਂ ਰਹਿ ਸਕੇਗੀ। ਏਹ ਸਨ ਚੁਟਾਲੇ ਦੇ ਚੌਧਰੀ ਸਾਹਿਬ ਰਾਮ ਅਤੇ ਦੇਵੀ ਲਾਲ। ਦੋਵੇਂ ਭਰਾ ਕਾਂਗ੍ਰਸ ਨਾਲ ਸਬੰਧ ਤਾਂ ਰਖਦੇ ਸਨ ਪਰ ਏਨਾਂ ਦਾ ਚਲਨ ਸਵਾਰਥੀ ਹੀ ਸੀ।

ਸਾਹਿਬ ਰਾਮ ਨੇ ਜਲੰਧਰ ਜਾਕੇ ਰੰਧਾਵੇ ਨੂੰ ਸ੍ਰੀ ਸਤਿਗੁਰੂ ਜੀ ਦੇ ਸਬੰਧ ਵਿਚ ਆਖਿਆ ਕਿ ਏਹ ਆਪਣੇ ਪਾਸ ਡਾਕੂ ਰਖਦੇ ਹਨ। ਸ੍ਰੀ ਸਤਿਗੁਰੂ ਜੀ ਜਲੰਧਰ ਗਏ ਤਾ ਰੰਧਾਵੇ ਨੇ ਜਾਂਦਿਆਂ ਹੀ ਦਸ ਦਿਤਾ ਕਿ ਸਾਹਿਬ ਰਾਮ ਤੁਹਾਡੇ ਵਾਸਤੇ ਏਹ ਆਖ ਗਿਆ ਹੈ।

ਏਧਰ ਸਖਤ ਗਰਮੀ ਖੁਸ਼ਕੀ, ਆਪਣੇ ਸਰਸਬਜ ਦੇਸ ਤੋਂ ਉਜੜ ਕੇ ਆਏ ਅਤੇ ਨਵੇਂ ਥਾਵਾਂ ਵਿਚ ਆਬਾਦ ਹੋਣਾਂ ਸਿੰਘਾਂ ਵਾਸਤੇ ਬੜੀ ਪ੍ਰੇਸ਼ਾਨੀ ਬਣੀ ਹੋਈ ਸੀ। ਭਾਵੇਂ ਹੋਰ ਲੋਕਾਂ ਨਾਲੋਂ ਏਹ ਸੁਖੀ ਸਨ ਤਾਂ ਭੀ ਕਈਆਂ ਨੇ ਬਹੁਤ ਉਪਰਾਮਤਾ ਮਹਿਸੂਸ ਕੀਤੀ ਅਤੇ ਪਿਛਾਂਹ ਦਰਿਆਵਾਂ ਦੇ ਕਿਨਾਰੇ ਆਪਣਾ ਮਾਲ ਪਸੂ ਲੈਕੇ ਚਲੇ ਗਏ। ਵਿਚ ਵਿਚ ਕੁਛ ਕੁਛ ਐਸੇ ਵਯਕਤੀ ਭੀ ਸਨ ਜਿਨਾਂ ਨੇ ਜਲੰਧਰ ਜਾਕੇ ਦਰਖਾਸਤਾਂ ਦੇ ਦਿਤੀਆਂ ਕਿ ਅਸੀਂ ਨਾਮਧਾਰੀ ਗਰੁਪ ਵਿਚ ਨਹੀਂ ਰਹਿਣਾ ਚਾਹੁੰਦੇ। ਕਈ ਖਰੀਦ ਕੀਤੀ ਹੋਈ ਜਮੀਨ ਵਾਲੇ ਭੀ ਛਡਕੇ ਪਿਛਾਂਹ ਚਲੇ ਗਏ। ਕਿਉਂਕਿ ਜਮੀਨ ਅਜੇ ਤਕ ਸ੍ਰੀ ਸਤਿਗੁਰੂ ਜੀ ਦੇ ਨਾਮ ਹੀ ਸੀ ਅਤੇ ਸ੍ਰੀ ਸਤਿਗੁਰੂ ਜੀ ਨੇ ਏਨਾਂ ਨੂੰ ਤਾੜਨਾ ਕੀਤੀ ਕਿ ਜੇ ਤੁਸੀਂ ਛਡ ਛਡਕੇ ਚਲੇ ਜਾਓਗੇ ਤਾਂ ਤੁਹਾਡੀ ਜਮੀਨ ਕਟੀ ਜਾਇਗੀ।

ਇਸ ਤੋਂ ਡਰਦੇ ਜਾਣ ਤੋਂ ਰੁਕ ਗਏ। ਪਰ ਬਹੁਤ ਬੇ-ਚੈਨੀ ਬਣੀ ਰਹੀ ਏਧਰ ਜਮੀਨ ਆਬਾਦ ਕਰਨ ਦੀ ਸਮਸਿਆ ਸੀ। ਪਾਣੀ ਦੀ ਥੁੜ ਸਭ ਤੋਂ ਵਡਾ ਕਾਰਨ ਸੀ।

ਸ੍ਰੀ ਜੀਵਨ ਨਗਰ, ਉਤਰੀ ਘਘਰ ਨਹਿਰ ਤੇ ਆਬਾਦ ਹੈ ਅਤੇ ਏਹ ਪਿੰਡ ਹੀ ਦੂਜਾ ਨਾਮਧਾਰੀ ਕੇਂਦਰ ਬਣਾਇਆ ਗਿਆ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਬਹੁਤ ਸਮਾਂ ਸ੍ਰੀ ਜੀਵਨ ਨਗਰ ਹੀ ਨਿਵਾਸ ਰਖਦੇ।

ਓਟੂ ਝੀਲ ਤੋਂ ਕਢੀਆਂ ਹੋਈਆਂ ਦੋ ਨਹਿਰਾਂ ਉਤਰੀ ਘਘਰ ਅਤੇ ਦਖਣੀ ਘਘਰ ਨਹਿਰਾਂ ਵਿਚੋਂ ਇਕ ਨਹਿਰ ਰਾਹੀਂ ਮੌਸਮੀ ਪਾਣੀ ਅਤੇ ਬਾਦ ਵਿਚ ਭਾਖੜਾ ਡੈਮ ਵਾਲਾ ਪੱਕਾ ਪਾਣੀ ਰਾਜਸਥਾਨ ਨੂੰ ਦੇਣ ਦੀ ਤਜਵੀਜ ਬਣੀ। ਪਹਿਲਾਂ ਏਸ ਕੰਮ ਵਾਸਤੇ ਉਤਰੀ ਘਘਰ ਨਹਿਰ ਚੁਣੀ ਗਈ। ਪਰ ਚੁਟਾਲੇ ਵਾਲੇ ਸਾਹਿਬ ਰਾਮ ਤੇ ਦੇਵੀ ਲਾਲ ਨੂੰ ਜਦੋਂ ਪਤਾ ਲਗਾ ਤਦ ਓਨਾਂ ਸੋਚਿਆ ਕਿ ਇਸ ਕੰਮ ਵਿਚ ਏਨਾਂ ਨੂੰ ਹੋਰ ਕੋਈ ਹਾਨੀ ਤਾਂ ਨਹੀਂ ਪਹੁੰਚਾਈ ਜਾ ਸਕਦੀ,ਰਾਜਸਥਾਨ ਨੂੰ ਪਾਣੀ ਦੇਣ ਵਾਲੀ ਨਹਿਰ ਉਤਰੀ ਦੀ ਬਜਾਇ ਦਖਣੀ ਕਰ ਦਿਤੀ ਜਾਵੇ। ਤਾਂ ਕਿ ਬਹੁਤਾ ਚਿਰ ਚਲਣ ਵਾਲੀ ਨਹਿਰ ਦੇ ਪਾਣੀ ਤੋਂ ਨਾਮਧਾਰੀ ਕੇਂਦਰ ਨੂੰ ਨਿਰਵਾਸਤ ਰਖਿਆ ਜਾਵੇ।

ਓਨਾਂ ਦਾ ਸ੍ਰਕਾਰ ਵਿਚ ਉਪਰ ਹਥ ਪੈਂਦਾ ਸੀ। ਓਨਾਂ ਆਪਣੀ ਇਛਾ ਅਨੁਸਾਰ ਬਦਲਕੇ ਰਾਜਸਥਾਨ ਵਾਸਤੇ ਦਖਣੀ ਨਹਿਰ ਕਰਵਾ ਦਿਤੀ। ਸ੍ਰੀ ਸਤਿਗੁਰੂ ਜੀ ਪਾਸ ਪਤਾ ਲਗਣ ਤੇ ਜਤਨ ਕੀਤਾ ਗਿਆ ਕਿ ਜਿਵੇਂ ਦੋਹਾਂ ਨਹਿਰਾਂ ਦਾ ਪਾਣੀ ਪਹਿਲਾਂ ਰਾਜਸਥਾਨ ਨੂੰ ਜਾ ਰਿਹਾ ਹੈ ਏਹ ਇਸੇਤਰ੍ਹਾਂ ਰਹੇ। ਪੰਜਾਬ ਦੇ ਚੀਫ ਇੰਜੀਨੀਅਰ ਇਕ ਸ੍ਰਦਾਰ ਜੀ ਸਨ। ਲਾਹੌਰ ਵਾਲੇ ਸ੍ਰ. ਕਰਤਾਰ ਸਿੰਘ ਜੀ ਨਾਲ ਓਨਾਂ ਦੀ ਜਾਣ ਪਹਿਚਾਣ

ਸੀ। ਸ੍ਰ. ਕਰਤਾਰ ਸਿੰਘ ਜੀ(ਠਾਕੁਰ ਸਮਸ਼ੇਰ ਸਿੰਘ ਜੀ ਦੇ ਮਾਮਾ ਜੀ) ਨੂੰ ਨਾਲ ਲੈਕੇ ਇਹ ਲੇਖਕ ਅਤੇ ਇਕ ਦੋ ਹੋਰ ਸਜਣ ਚੀਫ ਇੰਜੀਨੀਅਰ ਨੂੰ ਮਿਲੇ। ਓਨਾਂ ਨੇ ਸਾਰੀ ਗਲ ਸੁਣਕੇ ਸਾਡੀ ਸਹਾਇਤਾ ਕਰਨ ਦੇ ਜਤਨ ਦਾ ਯਕੀਨ ਦੁਆਇਆ। ਪਰ ਦੂਜੇ ਪਾਸੇ ਵਲੋਂ ਸ੍ਰਕਾਰ ਦੀ ਨੀਤੀ ਏਹ ਬਣਾ ਦਿਤੀ ਗਈ ਸੀ ਕਿ ਦਖਣੀ ਨਹਿਰ ਰਾਹੀਂ ਹੀ ਪਾਣੀ ਰਾਜਸਥਾਨ ਨੂੰ ਦੇਣਾ ਹੈ। ਤਾਂ ਕਿ ਜਦੋਂ ਪਾਣੀ ਦੀ ਥੁੜ ਆਵੇ ਉਸਦਾ ਅਸਰ ਨਾਮਧਾਰੀ ਕੇਂਦਰ ਸ੍ਰੀ ਜੀਵਨ ਨਗਰ ਵਾਲੇ ਪਾਸੇ ਹੀ ਹੋਵੇ ਸੋ ਇਸ ਫੈਸਲੇ ਅਨੁਸਾਰ ਉਤਰੀ ਨਹਿਰ ਰਾਹੀਂ ਰਾਜਸਥਾਨ ਨੂੰ ਪਾਣੀ ਦੇਣਾ ਬੰਦ ਕਰਕੇ ਦਖਣੀ ਨਹਿਰ ਰਾਹੀਂ ਹੀ ਪਾਣੀ ਦਿਤਾ ਜਾਣਾ ਪ੍ਰਵਾਨ ਹੋਇਆ ਜੋ ਹੁਣ ਦਿਤਾ ਜਾ ਰਿਹਾ ਹੈ।

ਸਾਹਿਬ ਰਾਮ. ਅਤੇ ਦੇਵੀ ਲਾਲ ਨੂੰ ਦੇਸ਼ ਵੰਡਾਰੇ ਤੋਂ ਪਹਿਲਾਂ ਹੀ ਨਾਮਧਾਰੀ ਸਿੰਘਾਂ ਦਾ ਏਥੇ ਆਬਾਦ ਹੋਣਾ ਚੁਭਦਾ ਸੀ। ਸ੍ਰੀ ਜੀਵਨ ਨਗਰ ਦੇ ਇਲਾਕੇ ਵਿਚ ਜੋ ਮੁਸਲਮਾਨ ਪਹਿਲਾਂ ਆਬਾਦ ਸਨ, ਓਹ ਏਥੇ ਗਊਆਂ ਮਾਰਦੇ ਸਨ। ਔਂਦੇ ਜਾਂਦੇ ਰਾਹੀਆਂ ਤੋਂ ਪਸ਼ੂ ਖੋਹ ਲੈਂਦੇ ਸਨ। ਏਥੇ ਏਹ ਅਖਾਵਤ ਪ੍ਰਸਿਧ ਸੀ "ਜਗ ਮਲੇਰਾ ਸਦਾ ਲਵੇਰਾ" ਜਮੀਨ ਖਰੀਦੀ ਜਾਣ ਤੋਂ ਓਨਾਂ ਨੂੰ ਬੜੀ ਬੇਚੈਨੀ ਹੋਈ। ਕਿਉਂ ਕਿ ਨਾਮਧਾਰੀ ਸਿੰਘਾਂ ਨੇ ਓਨਾਂ ਦੀ ਲੁਟ ਖਸੁਟ ਤੇ ਪੂਰੀਤਰ੍ਹਾਂ ਰੋਕ ਲਾ ਦਿਤੀ। ਕੁਛ ਐਸੀ ਖਬਰ ਭੀ ਮਿਲੀ ਸੀ ਕਿ ਏਨਾਂ ਮਜ਼ਾਰਿਆਂ ਨੂੰ ਉਪ੍ਰੋਕਤ ਲੀਡਰਾਂ ਵਲੋਂ ਇਸ਼ਾਰਾ ਮਿਲਦਾ ਸੀ ਕਿ ਨਾਮਧਾਰੀਆਂ ਦੇ ਪੈਰ ਏਥੇ ਨਾਂ ਲਗ ਸਕਣ।

ਪਛਮੀ ਪੰਜਾਬ ਤੋਂ ਆਏ ਨਾਮਧਾਰੀ ਸਿੰਘਾਂ ਵਿਚੋਂ ਬਹੁਤ ਸਾਰੇ ਐਸੇ ਸਨ ਜਿਨ੍ਹਾਂ ਨੂੰ ਖਾਣ ਜੋਗੇ ਦਾਣੇ, ਲੀੜੇ ਵਸਤ੍ਰ ਅਤੇ ਹੋਰ ਜਰੂਰੀ ਸਾਮਾਨ ਦੀ ਲੋੜ ਸੀ। ਸ੍ਰੀ ਸਤਿਗੁਰੂ ਜੀ ਨੇ ਤਕੜੇ ਜਤਨ ਨਾਲ ਸ੍ਰਕਾਰ

ਪਾਸੋਂ ਜੋ ਕੁਛ ਮਿਲ ਸਕਦਾ ਸੀ ਲਿਆ,ਪਰ ਇਹ ਨਾਮ ਮਾਤ੍ਰ ਹੀ ਸੀ ਅਤੇ ਇਸ ਨਾਲ ਕੁਛ ਭੀ ਪੂਰਤੀ ਨਹੀਂ ਸੀ ਹੁੰਦੀ ਆਪਣੇ ਪਾਸੋਂ, ਕੁਛ ਹੋਰ ਏਧਰੋਂ ਓਧਰੋਂ ਦੇਸ਼ ਪ੍ਰਦੇਸਾਂ ਵਿਚ ਬੈਠੇ ਨਾਮਧਾਰੀ ਸਿੰਘਾਂ ਤੋਂ ਲੈਕੇ ਜਥਾ ਜੋਗ ਲੋੜਵੰਦਾਂ ਨੂੰ ਸਭ ਸਾਮਾਨ ਦਿਤਾ।

ਜਮੀਨ ਵੰਡ ਦੀਆਂ ਉਲਝਣਾਂ

੮

ਇਕ ਸ੍ਰ. ਤ੍ਰਿਲੋਕ ਸਿੰਘ ਆਈ. ਸੀ. ਐਸ. ਬਹੁਤ ਵਡੇ ਅਫਸਰ ਸਨ ਜਿਨਾਂ ਨੇ ਪਛਮੀ ਪੰਜਾਬ ਵਿਚੋਂ ਆਏ ਹੋਏ ਜਿਮੀਦਾਰਾਂ ਨੂੰ. ਮੁਸਲਮਾਨਾਂ ਦੀਆਂ ਏਧਰ ਰਹਿ ਗਈਆਂ ਜਮੀਨਾਂ ਦੀ ਅਲਾਟਮੈਂਟ ਦੀ ਇਕ ਮੈਨੂਅਲ(ਨਿਯਮਾ ਵਲ ਦੀ ਕਿਤਾਬ) ਤਿਆਰ ਕੀਤੀ। ਇਸ ਕਿਤਾਬ ਵਿਚ ਪੰਜਾਂਬ ਦੇ ਵਖ ਵਖ ਜਿਲਿਆਂ ਅਤੇ ਤਸੀਲਾਂ ਵਿਚ ਜਿਸ ਜਿਸ ਕਿਸਮ ਦੀਆਂ ਜਮੀਨਾਂ ਸਨ ਓਨਾਂ ਦੀ ਉਸ ਅਨੁਸਾਰ ਕੀਮਤ ਨਿਸ਼ਚਿਤ ਕੀਤੀ ਗਈ। ਇਕ ਏਕੜ(ਕਿਲਾ) ਦਾ ਇਕ ਯੂਨਿਟ(ਇਕ ਨਿਸ਼ਚਿਤ ਭਾਗ) ਮੁਕਰਰ ਕਰਕੇ ਅਲਾਟਮੈਂਟ ਦੇ ਮਨੋਰਥ ਲਈ ਏਹ ਮੂਲਾਂਕਰਣ ਬਾਰਾਮਾਸੀ ਨਹਿਰ ਵਾਲੀ ਜਮੀਨ ਦਾ ਕਿਤੇ ਇਕ ਰਪਯਾ ਕਿਤੇ ਸਵਾ ਜਾਂ ਡੇਢ ਰੁਪਯਾ ਕਿਸਮ ਅਨੁਸਾਰ ਨਿਸ਼ਚਿਤ ਕੀਤਾ ਗਿਆ। ਇਸਤੋਂ ਬਾਦ, ਕੇਵਲ ਬਰਸਾਤੀ ਪਾਣੀ ਨਾਲ ਸਿੰਚਾਈ ਹੋਣ ਵਾਲੀ ਦਸ ਆਨੇ ਕਿਤੇ ਅਠ ਆਨੇ, ਫੇਰ, ਖੂਹ ਨਾਲ ਸਿਲਾਬ ਹੋਣ ਵਾਲੀ ਦਾ ਅਠ ਆਨੇ ਜਾਂ ਕੁਛ ਵਧ ਘਟ ਬਰਾਨੀ ਦਾ ਪੰਜ ਆਨੇ ਅਤੇ ਬੰਜਰ ਦੇ ਢਾਈ ਆਨੇ ਆਦਿ ਨਿਸ਼ਚਿਤ ਕੀਤੇ

ਗਏ । ਜੋ ਜਮੀਨਾਂ ਪਛਮੀ ਪੰਜਾਬ ਵਲੋਂ ਓਥੋਂ ਦੀ ਸ੍ਰਕਾਰ ਨੇ ਕੀਮਤਾਂ ਬਣਾਕੇ ਭੇਜੀਆਂ ਓਨਾਂ ਨੂੰ ਜੋ ਕੀਮਤਾਂ ਲਗਕੇ ਆਈਆਂ ਏਧਰ ਲੈਣ ਵਾਲੇ ਨੂੰ ਜਮੀਨ ਦੀ ਕਿਸਮ ਅਨੁਸਾਰ ਕੀਮਤ ਵੇਖਕੇ ਯੂਨਿਟ ਪੂਰੇ ਕਰਕੇ ਜਮੀਨ ਦਿਤੀ ਜਾਂਦੀ ਸੀ ।

ਉਪ੍ਰੋਕਤ "ਮੈਨੂੰਅਲ" ਵਿਚ ਓਨਾਂ ਜਮੀਨਾਂ ਬਾਰੇ ਭੀ ਨਿਯਮ ਬਣਾ ਦਿਤੇ ਸਨ, ਜੋ ਏਧਰੋਂ ਛਡਕੇ ਗਏ ਮੁਸਲਮਾਨ ਮਜਾਰਿਆਂ ਦੀ ਕਾਸ਼ਤ ਵਿਚ ਸਨ । ਮਜਾਰਿਆਂ ਵਾਲੀ ਜਮੀਨ ਸ੍ਰਕਾਰ ਨੇ ਮਾਲਕਾਂ ਨੂੰ ਨਾ ਦਿਤੀ। ਉਸਦੇ ਏਹ ਨਿਯਮ ਬਣਾ ਦਿਤੇ ਕਿ ਜੋ ਓਧਰੋਂ ਕਿਸੇ ਦੀ ਜਮੀਨ ਆਈ, ਕੀਮਤ ਪਾਕੇ ਏਥੇ ਚਾਰ ਏਕੜ ਬਣਦੀ ਹੈ,ਉਸਨੂੰਚਾਰਦੀ ਬਜਾਇ ਅਠ ਏਕੜ ਦਿਤੀ ਜਾਵੇ ਪਰ ਉਹ ਇਸ ਜਮੀਨ ਦੀ ਉਪਜ ਦਾ ਤੀਜਰਾ ਹਿਸਾ ਜਾਂ ਵਧ ਘਟ ਇਲਾਕੇ ਦੇ ਬੰਧੇਜ ਅਨੁਸਾਰ ਮਾਲਕ ਨੂੰ ਦੇਈ ਜਾਵੇ ।

"ਲੈਂਡ ਰੀਸੈਟਲਮੈਂਟ ਮੈਨੂੰਅਲ" ਚੈਪਟਰ ੩ ਪੈਰਾ ੧੪ ਪੰਨਾ ੭੧
Land Resettlement Manual Chapter 3
Para 14 page 71

ਭਾਵੇਂ ਸ੍ਰ, ਤ੍ਰਲੋਕ ਸਿੰਘ ਨੇ "ਮੈਨੂੰਅਲ" ਵਿਚ ਜੋ ਨਿਯਮ ਬਣਾਏ ਓਨਾਂ ਨਾਲ ਬਹੁਤ ਸਾਰਾ ਮੁੜ ਵਸਾਊ ਮਹਿਕਮੇ ਦਾ ਕੰਮ ਸੁਖਾਲਾ ਹੋ ਗਿਆ, ਪਰ ਮਜਾਰਿਆਂ ਵਾਲੀ ਜਮੀਨ ਦਾ ਤਰੀਕਾ ਐਸਾ ਗਲਤ ਬਣਾਇਆ ਜੋ ਸੁਖਾਲਾ ਹੋਣ ਦੀ ਥਾਂ ਉਲਝਣ ਬਣ ਗਿਆ ਅਤੇ ਮਾਲਕ ਅਤੇ ਮਜਾਰੇ ਵਿਚ ਝਗੜੇ ਦਾ ਕਾਰਨ ਬਣ ਗਿਆ ।

ਸ੍ਰੀ ਜੀਵਨ ਨਗਰ ਦੇ ਇਲਾਕੇ ਦੇ ਖਰੀਦੇ ਹੋਏ ਚਾਰ ਪਿੰਡਾਂ ਵਿਚ ਜੋ ਜਮੀਨ ਮੁਸਲਮਾਨ ਮਜਾਰੇ ਛਡ ਗਏ ਸਨ, ਓਹ ਸਾਰੀ ਜਮੀਨ ਦਾ ਚੌਥਾਈ ਭਾਗ ਸੀ। ਉਸ ਵੇਲੇ ਇਹੋ ਜਮੀਨ ਵਾਹੀ ਜੋਗ ਸੀ।

ਇਸ ਜਮੀਨ ਨੂੰ ਛਡਕੇ ਜਾਣ ਵਾਲੇ ਮੁਸਲਮਾਨ ਮਜਾਰੇ ਸਨ । ਇਸ ਕਰਕੇ ਸ੍ਰਕਾਰ ਵਲੋਂ ਏਹਜਮੀਨ ਸ਼ਨਾਰਥੀ ਜਾਇਦਾਤ ਕਰਾਰ ਦਿਤੀਗਈ ।

ਸ੍ਰੀ ਸਤਿਗੁਰੂ ਜੀ ਨੇ, ਓਨਾਂ ਸਿੰਘਾਂ ਨੂੰ ਹੀ ਏਹ ਜਮੀਨ ਅਲਾਟ ਕਰਵਾ ਦਿਤੀ ਜਿਨਾਂ ਨੇ ਏਥੇ ਜਮੀਨਾਂ ਖ੍ਰੀਦੀਆਂ ਸਨ। ਖ੍ਰੀਦੀ ਜਮੀਨ ਸ੍ਰੀ ਸਤਿ-ਗੁਰੂ ਜੀ ਦੇ ਨਾਮ ਸੀ ਇਸ ਕਰਕੇ ਇਸ ਇਲਾਕੇ ਦੇ ਬੰਧੇਜ ਦੇ ਅਧਾਰ ਤੇ ਕਾਗਜਾਂ ਦੀ ਲਿਖਤ ਅਨੁਸਾਰ ਅਲਾਟੀਆਂ ਵਲੋਂ ਸ੍ਰੀ ਸਤਿਗੁਰੂ ਜੀ ਨੂੰ ਉਪਜ ਦਾ ਤੀਜਾ ਹਿਸਾ ਦੇਣਾ ਬਣਦਾ ਸੀ ਪਰ ਖ੍ਰੀਦ ਕੀਤੀ ਹੋਈ ਜਮੀਨ ਦੇ ਜੋ ਅਲਾਟੀ ਸਨ ਓਹ ਹੀ ਮਾਲਕ ਸਨ ਅਤੇ ਬਹੁਤ ਥੋੜੇ ਦੂਸਰੇ ਸਿੰਘ ਭੀ ਸਨ। ਤਾਂ ਤੇ ਉਹ ਅਲਾਟੀ ਉਪਜ ਦਾ ਤੀਜਾ ਹਿਸਾ ਕਿਸ ਕਿਸ ਨੂੰ ਦੇਣ ? ਏਹ ਇਕ ਬੜੀ ਵਡੀ ਉਲਝਣ ਸੀ। ਇਸ ਉਲਝਣ ਵਿਚ ਇਕ ਹੋਰ ਉਲਝਣ ਇਸਤੋਂ ਭੀ ਵਡੀ ਸੀ, ਉਹ ਇਹ ਕਿ ਕੋਈ ਅਲਾਟੀ ਅਤੇ ਖ੍ਰੀਦਾਰ ਜਿਸ ਪਿੰਡ ਬੈਠਾ ਹੈ, ਉਸਦਾ ਖ੍ਰੀਦ ਦਾ ਰਕਬਾ ਭਾਵੇਂ ਓਥੇ ਹੈ ਪਰ ਅਲਾਟਮੈਂਟ ਵਾਲਾ ਕਿਸੇ ਦੂਜੇ ਪਿੰਡ ਹੈ ਓਹ ਭੀ ਇਕ ਜਗਾ ਨਹੀਂ। ਕੋਈ ਟੁਕੜਾ ਕਿਤੇ ਕੋਈ ਕਿਤੇ। ਇਸ ਕਰਕੇ ਕੋਈ ਅਲਾਟੀ ਖ੍ਰੀਦਾਰ ਆਪਣੀ ਜਮੀਨ ਦਾ ਫਾਇਦਾ ਨਹੀਂ ਸੀਉਠਾ ਸਕਦਾ। ਇਸ ਸਾਰੀ ਉਲਝਣ ਦਾ ਹਲ ਸ੍ਰੀ ਸਤਿਗੁਰੂ ਜੀ ਨੇ, ਸਭ ਅਲਾਟੀ ਅਤੇ ਖ੍ਰੀਦਾਰਾਂ ਨੂੰ ਇਕਠੇ ਕਰਕੇ ਏਹ ਕਢਿਆ ਕਿ ਜਿਥੇ ਜਿਥੇ ਕੋਈ ਬੈਠਾ ਹੈ ਓਥੇ ਹੀ ਰਹੇ ਉਸਦੀ ਅਲਾਟਮੈਂਟ ਵਾਲੀ ਅਤੇ ਖ੍ਰੀਦ ਕੀਤੀ ਹੋਈ ਜਮੀਨ ਦੀ ਕੀਮਤ ਪਾਕੇ ਉਸਨੂੰ, ਜਿਥੇ ਉਹ ਰਹਿੰਦਾ ਹੈ ਓਥੇ ਹੀ ਸਾਰੀ ਇਕਠੀ ਦਿਤੀ ਜਾਵੇ। ਇਸਦੇ ਨਾਲ ਹੀ ਏਹ ਕੀਤਾ ਕਿ ਸਭ ਅਲਾਟੀਆਂ ਪਾਸੋਂ ਲਿਖਵਾ ਲਿਆ ਕਿ ਅਸੀਂ ਆਪਣੀ ਜਮੀਨ ਪੂਰੀ ਪੂਰੀ ਲਵਾਂਗੇ, ਜੋ ਸ੍ਰਕਾਰੀ ਨਿਯਮ ਅਨੁਸਾਰ ਦੁਗਣੀ ਅਲਾਟ ਹੋਈ ਹੈ ਉਹ ਨਹੀਂ ਲਵਾਂਗੇ ਅਤੇ ਮਾਲਕ ਨੂੰ ਉਪਜ ਦਾ ਤੀਜਾ ਹਿਸਾ ਨਹੀਂ ਦਿਆਂਗੇ ਇਸ ਸੰਬੰਧ ਵਿਚ ਇਕ-ਦੋ ਨੂੰ ਛਡਕੇ ਸਭ ਨੇ ਬਿਆਨ ਹਲਫੀ

ਲਿਖ ਦਿਤੇ ਜਿਨਾਂ ਦੀ ਗਿਣਤੀ ਸੱਤਰ ਦੇ ਕਰੀਬ ਸੀ। ਏਹ ਕੁਛ ਭਾਵੇਂ ਓਨਾਂ ਸਭਨਾਂ ਦੀ ਆਪਣੀ ਸਹੂਲਤ ਵਾਸਤੇ ਕਰਵਾਇਆ ਸੀ, ਅਤੇ ਅਲਾਟਮੈਂਟ ਵਾਲੀ ਦੁਗਣੀ ਜਮੀਨ ਭੀ ਖ੍ਰੀਦਾਰ ਮਾਲਕਾਂ ਨੂੰ ਓਨਾਂ ਦੀ ਜਮੀਨ ਦੀ ਕੀਮਤ ਵਿਚ ਪੂਰੀ ਕਰਕੇ ਦੇ ਦਿਤੀ ਗਈ। ਪਰ ਮੁੜ ਵਸਾਊ ਮਹਿਕਮੇ ਵਲੋਂ ਅਲਾਟੀਆਂ ਨੂੰ ਉਸ ਵਕਤ ਜਮੀਨ ਦੇ ਪਰਮਾਨੈਂਟ ਰਾਈਟ (ਮਾਲਕ ਹੋਣ ਦੇ ਪੂਰਨ ਅਧਿਕਾਰ) ਨਹੀਂ ਸਨ ਮਿਲੇ।

ਜਿਸ ਕਰਕੇ ਜਮੀਨ ਦੀ ਅਦਲ ਬਦਲ ਕਾਗਜਾਂ ਵਿਚ ਹੋ ਨਹੀਂ ਸੀ ਸਕਦੀ। ਇਸ ਕਰਕੇ ਅਲਾਟੀਆਂ ਮਾਲਕਾਂ ਵਲੋਂ ਏਨਾਂ ਜਮੀਨਾਂ ਦਾ ਫਾਇਦਾ ਨਹੀਂ ਸੀ ਲਿਆ ਜਾ ਸਕਦਾ। ਹੋਰ ਕੁਛ ਹੋ ਨਹੀਂ ਸੀ ਸਕਦਾ। ਸਾਰੇ ਤਾਂ ਤੇ ਅਲਾਟੀ-ਮਾਲਕਾਂ ਨੇ ਇਕਠੇ ਹੋਕੇ ਏਹ ਫੈਸਲਾ ਕੀਤਾ ਕਿ ਦੁਗਣੀ ਜਮੀਨ ਅਤੇ ਤੀਜੇ ਹਿਸੇ ਵਾਲੀ ਉਲਝਣ ਤੋਂ ਬਚਣ ਵਾਸਤੇ ਸਾਰੇ ਅਪਣੇ ਅਪਣੇ ਇਕਰਾਰਨਾਮੇ ਬਿਆਨ ਹਲਫੀ ਲਿਖ ਦਿਓ। ਜਦੋਂ ਪੂਰਨ ਅਧਿਕਾਰ ਮਿਲ ਜਾਣਗੇ ਓਦੋਂ ਏਨਾਂ ਨੂੰ ਵਰਤੋਂ ਵਿਚ ਲੈ ਆਵਾਂਗੇ।

ਇਸ ਸੰਬੰਧੀ ਜੋ ਇਕਰਾਰਨਾਮੇਂ ਲਿਖੇ ਗਏ ਓਹ ਮੁੜ ਵਸਾਊ ਮਹਿਕਮੇ ਦੇ ਦਫਤਰ ਵਿਚ ਦਾਇਰ ਕੀਤੇ ਗਏ। ਪਾਠਕਾਂ ਦੀ ਜਾਣ-ਕਾਰੀ ਵਾਸਤੇ ਇਕ ਇਕਰਾਰਨਾਮੇ ਦੀ ਨਕਲ ਏਥੇ ਦਿਤੀ ਜਾਂਦੀ ਹੈ:-

ਨਕਲ ਬਿਆਨ ਹਲਫੀ ਸ੍ਰੀ ਤੇਜਾ ਸਿੰਘ ਵਲਦ ਘਸੀਟਾ ਸਿੰਘ ਕੌਮ ਜਟ ਨਾਮਧਾਰੀ ਮੌਜਿਆ ਜੀਵਨ ਨਗਰ ਤਹਸੀਲ ਸਰਸਾ ਜਿਲਾ ਹਿਸਾਰ।

‡‡
‡‡

ਬਿਆਨ ਹਲਫੀ

ਮਨਕਿ ਤੇਜਾ ਸਿੰਘ ਵਲਦ ਘਸੀਟਾ ਸਿੰਘ ਕੌਮ ਜਟ ਸਿਖ ਨਾਮਧਾਰੀ ਉਮਰ ੫੦ ਸਾਲ ਪੇਸ਼ਾ ਜਿਮੀਦਾਰੀ ਸਕਨਾ ਜਗ-ਮਲੇਰਾ ਤਹਸੀਲ ਸਰਸਾ ਜਿਲਾ ਹਿਸਾਰ,

(੧) ਹਲਫਨ ਬਿਆਨ ਕਰਤਾ ਹੂੰ ਮੈਂ ਨੇ ੫-੧੪ ਬਿਘਾ ਅਰਾਜੀ ਵਾਕਿਆ ਮੌਜ਼ਿਆ ਜਗਮਲੇਰਾ ਤਹਸੀਲ ਸਰਸਾ ਕੀ ਕੀਮਤ ਬਵਕਤ ਖਰੀਦ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਕੋ ਦੀ ਹੂਈ ਹੈ,

(੨) ਹਲਫਨ ਬਿਆਨ ਕਰਤਾ ਹੂੰ ਅਰਾਜ਼ੀ ਖਰੀਦ ਕਰਦਾ ਮੁਝ ਕੋ ਮੌਕਾ ਪਰ ਤਮਾਮ ਖਰੀਦਾਰਾਨ ਕੇ ਬਾਹਮੀ ਰਜਾਮੰਦੀ ਸੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਤਕਸੀਮ ਕਰਦੀ ਹੈ, ਔਰ ਮੈਂ ਨੇ ਮੌਕਾ ਪਰ ਕਬਜਾ ਹਾਸਿਲ ਕਰ ਲੀਆ ਹੈ।

(੩) ਹਲਵਨ ਬਿਆਨ ਕਰਤਾ ਹੂ ਮੇਰੀ ਸਕੂਨਤ ਮੌਜਿਆ (੧)ਜਗ-ਮਲੇਰਾ ਤਹਸੀਲ ਸਰਸਾ ਮੇਂ ਹੈ ਔਰ ਮੈਂ ਨੇ ਮਕਾਨਾਤ ਵਗੈਰਾ ਭੀ ਲੇਕਰ ਮੁਰੰਮਤ ਕਰ ਲੀਏ ਹੈ, ਮੁਝ ਕੋ ੧੮ ਸਟੈਂਡਰਡ ਏਕੜ ੭-੩-੪ ਯੂਨਿਟ ਮੌਜਿਆ ਦਮਦਮਾ ਮੇ ਅਲਾਟ ਸ਼ੁਦਾ ਹੈ,

(੪) ਹਲਫਨ ਬਿਆਨ ਕਰਤਾ ਹੂੰ ਕਿ ਅਲਾਟ ਸ਼ੁਦਾ ਅਰਾਜ਼ੀ ਔਰ ਜ਼ਰ ਖਰੀਦ ਅਰਾਜੀ ਕਾ ਮੁਫਾਦ ਮੁਕੰਮਲ ਨਾ ਉਠਾਇਆ ਜਾ ਸਕਤਾ ਹੈ ਇਸ ਲੀਏ ਤਮਾਮ ਅਲਾਟੀਆਂ ਵਾ ਖਰੀਦਾਰਾਨ ਨੇ ਆਪਸ ਮੇਂ ਸਮਝੌਤਾ ਕਰਕੇ ਅਪਨੀ ਅਪਨੀ ਜਰ ਖਰੀਦ ਅਰਾਜੀ ਕੇ ਮੁਲਹਕਾ ਬਿਲਾ ਲਿਹਾਜ ਮਤਰੂਕਾ (੨) ਵ ਗੈਰ ਮਤਰੂਕਾ ਨੇ

(੧) ਸੰਤ ਨਗਰ
(੨) ਮਤਰੂਕਾ— ਮਜਾਰਿਆਂ ਵਲੋਂ ਛਡੀ ਹੋਈ ਜਮੀਨ

ਨੰਬਰਾਨ ਖਸਰਾ ਹਕ ਅਲਾਟ ਰਕਬਾ ਕੇ ਕਮੀ ਬੇਸ਼ੀ ਮੌਜਿਆ ਜਗਮਲੇਰਾ ਮੇਂ ਪੂਰੀ ਕਰ ਲੀ ਹੈ ਔਰ ਅਬ ਅਰਾਜੀ ਸੇ ਪੂਰਾ ਪੂਰਾ ਮੁਫਾਦ ਉਠਾਇਆ ਜਾ ਰਿਹਾ ਹੈ,

(੫) ਹਲਫਨ ਬਿਆਨ ਕਰਤਾ ਹੂੰ ਅਰਾਜੀ ਅਲਾਟ ਸ਼ੁਦਾ ਬਵਜਾ ਹੋਣੇ ਮੌਰੂਸ ਬਟਾਈ ਬਹਿਸਾ ਸੋਇਮ ੧-੩ ਚੰਦ ਅਲਾਟ ਹੂਈ ਹੈ ਜਿਸਮੇ ਨਿਸਫ ਹਿਸਾ ਅਲਾਟ ਸ਼ੁਦਾ ਰਕਬਾ ਬਹਕ ਅਲਾਟ ਨਿਸਬ ਬਿਲਾ ਅਲਾਟ ਸ਼ੁਦਾ ਬਹਕ ਮਾਲਿਕ ਰਖੀ ਗਈ।

(੬) ਹਲਫਨ ਬਿਆਨ ਕਰਤਾ ਹੂੰ ਮੈਂ ਨੇ ਅਲਾਟ ਸ਼ੁਦਾ ਰਕਬਾ ਬਹਕ ਅਲਾਟੀ ਨਿਸਫ ਅਪਨੀ ਜਰਖਰੀਦ ਅਰਾਜੀ ਕੇ ਸਾਥ ਬਿਲਾ ਲਿਹਾਜ ਨੰਬਰਾਨ ਖਸਰਾ ਮਤਰੂਕਾ ਵ ਗੈਰਮਤਰੂਕਾ ਮੌਜਿਆ ਜਗਮਲੇਰਾ ਮੇਂ ਇਕਠਾ ਕਰ ਲੀਆ ਹੈ।

ਦਰਖਾਸਤ ਨੰ:	੧੬੧੩੬
ਤਾਰੀਖ ਪੇਸ਼ ਕਰਨੇ ਦਰਖ਼ਾਸਤ	੨੭-੩-੫੮
ਤਕਮੀਲ ਕੁਨਿੰਦਾ	Arjan Singh
ਤਾਰੀਖ ਤਿਆਰੀ ਨਕਲ	੨੭-੩-੫੮
ਤਾਰੀਖ ਤਕਮੀਲ ਵ ਮੁਕਾਬਲਾ	੨੭-੩-੫੮
ਅਸਲ ਨਕਲ ਅੰਦਰ ਤਾਦਾਦ ਸਫਾ	੧
ਉਜਰਤ ਨਕਲ	੩-੦-੦
ਅਰਜੈਂਟ ਫੀਸ	੨-੦-੦
	੨੭-੩-੫੮

(Seal)
Copying Agency
Department of Rehabilitation
Civil Secretariat , Julluudur

ਮੁੜ ਵਸਾਊ ਮਹਿਕਮੇ ਪਾਸੋਂ ਮੁਸਲਮਾਨ ਮਜਾਰਿਆਂ ਦੀ ਛਡੀ ਹੋਈ ਜਮੀਨ ਦੇ ਜੋ ਦੁਗਣੀ ਅਲਾਟ ਕਰਨ ਦਾ ਅਤੇ ਮਾਲਕ ਨੂੰ ਉਪਜ ਦਾ ਤੀਜਾ ਹਿਸਾ ਦੇਣ ਦਾ ਕਾਇਦਾ ਬਣਾਇਆ ਸੀ, ਏਹ ਪੂਰਨ ਰੂਪ ਵਿਚ ਚਲ ਨਹੀਂ ਸਕਿਆ। ਕਾਰਨ ਏਹ ਸੀ ਕਿ ਨਵੀਂ ਜਾਗ੍ਰਤੀ, ਜੋ ਆਮ ਕਰਕੇ ਜਮੀਨ ਦੇਮਾਲਕਾਂ ਵਿਰੁਧ ਲੋਕਾਂ ਨੂੰ ਏਨਾਂ ਲੀਡਰਾਂ ਵਲੋਂ ਮਿਲ ਚੁਕੀ ਸੀ, ਓਸਦੇ ਅਸਰ ਹੇਠ ਆਏ ਲੋਕਾਂ ਪਾਸੋਂ ਹਿਸਾ ਲੈਣ ਦੀ ਜੁਰਅਤ ਕੋਈ ਮਾਲਕ ਨਹੀਂ ਸੀ ਕਰ ਸਕਦਾ। ਇਸ ਕਰਕੇ ਏਹ ਕਾਇਦਾ ਅਧੂਰਾ ਜਿਹਾ ਵਿਚੇ ਹੀ ਲਟਕਦਾ ਰਿਹਾ। ਕਿਸੇ ਪਾਸੇ ਲਗ ਨਹੀਂ ਸਕਿਆ। ਜਮੀਨ ਜਿਸਦੇ ਕਬਜੇ ਹੇਠ ਜਿਤਨੀ ਆ ਗਈ ਓਹ ਉਸਦਾ ਮਾਲਕ ਬਣ ਗਿਆ। ਪਰ ਏਥੋਂ ਦੀ ਹਾਲਤ ਹੋਰ ਸੀ, ਜਿਸ ਕਰਕੇ ਇਹ ਵੰਡ ਨਯਾਯ ਪੂਰਵਕ ਰਹੀ। ਜਿਨਾਂ ਜਮੀਨ ਖ੍ਰੀਦ ਕੀਤੀ ਸੀ ਓਹ ਆਪੇ ਹੀ ਅਲਾਟੀ ਅਤੇ ਆਪੇ ਹੀ ਮਾਲਕ ਸਨ। ਏਸ ਕਰਕੇ ਹੋਰ ਜਗਾ ਨਾਲੋਂ ਏਥੇ ਇਸ ਸੰਬੰਧ ਵਿਚ ਹਾਲਾਤ ਠੀਕ ਰਹੇ। ਫਿਰ ਭੀ ਖ੍ਰੀਦਾਰਾਂ ਵਿਚ, ਨਾਮਧਾਰੀ ਸਿੰਘਾਂ ਨੇ ਆਪਣੇ ਦੂਰ ਨੇੜੇ ਦੇ ਸੰਬੰਧੀ ਜੋ ਗੈਰ ਨਾਮਧਾਰੀ ਸਨ,ਓਹ ਕਿਸੇ ਨਾ ਕਿਸੇ ਤਰਾਂ ਵਿਚ ਲਿਆ ਵਾੜੇ, ਜਿਨਾਂ ਚੌਧਰੀ ਦੇਵੀ ਲਾਲ ਦੇ ਇਸ਼ਾਰੇ ਤੇ ਆਪਣੀ ਜਮੀਨ ਦੁਗਣੀ ਲੈਣ ਵਾਸਤੇ ਸ੍ਰੀ ਸਤਿਗੁਰੂ ਜੀ ਦੇ ਵਿਰੁਧ ਮੁਕਦਮੇ ਕੀਤੇ। ਅਤੇ ਨਯਾਯ ਪੂਰਵਕ ਕੀਤੀ ਵੰਡ ਨੂੰ ਤੋੜਨ ਦਾ ਅਸਫਲ ਜਤਨ ਕੀਤਾ।

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਮੁਲ ਖਰੀਦੀ ਹੋਈ ਜਮੀਨ ਵਿਚੋਂ ਓਨਾਂ ਗ੍ਰੀਬ ਸਿਖਾਂ ਨੂੰ ਮਲਵੀ ਜਮੀਨ ਦਿਤੀ, ਜੋ ਗ੍ਰੀਬ ਸਨ ਅਤੇ ਅੰਗਰੇਜੀ ਰਾਜ ਵਿਚ ਓਹ ਜਾਗੀਰਦਾਰ ਸ੍ਰਦਾਰਾਂ ਦੇ ਮਜਾਰੇ ਸਨ। ਜਿਨਾਂ ਨੂੰ ਸ੍ਰੀ ਸਤਿਗੁਰੂ ਜੀ ਦੀ ਆਗਿਆ ਅਨੁਸਾਰ ਕਾਂਗ੍ਰਸ ਨੂੰ ਵੋਟ ਦੇਣ ਕਰਕੇ ਸ੍ਰਦਾਰਾਂ ਨੇ ਬੇਖਦਲ ਕਰ ਦਿਤਾ ਸੀ। ਓਨਾਂ ਦੇ ਪਾਸ ਜਿਤਨੀ ਜਿਤਨੀ ਰਕਮ ਸੀ ਓਹ ਥੋੜੀ ਬਹੁਤੀ ਇਕਠੀ ਕਰਕੇ ਲੈ ਆਏ ਸਨ, ਓਸ ਵੇਲੇ ਵਗਦੀ ਜਮੀਨ ਓਨਾਂ ਨੂੰ ਮਿਲੀ। ਏਨਾਂ ਵਿਚ ਕਮੋ ਸਿਖ ਸਨ ਅਤੇ ਸੈਣੀ ਸਿਖ ਸਨ। ਮੁਲ ਵਾਲੀ ਜਮੀਨ ਦੇ ਸਭ ਤੋਂ ਚੜਦੇ ਪਾਸੇ ਕਮੋ ਸਿਖ ਪਿੰਡ ਸੰਤਾਂ ਵਾਲੀ ਵਿਚ ਆਬਾਦ ਹਨ। ਅਤੇ ਲਹਿੰਦੇ ਪਾਸੇ ਧਰਮਪੁਰਾ (ਪਿੰਡ ਦਮਦਮਾਂ ਦੀ ਛੋਟੀ ਆਬਾਦੀ) ਵਿਚ ਸੈਣੀ ਸਿਖ ਆਬਾਦ ਹਨ। ਏਹ ਦੋਵੇਂ ਸ੍ਰੇਣੀਆ ਦੇ ਸਿੰਘ ਪਛਮੀ ਪੰਜਾਬ ਦੇ ਜਿਲਾ ਸ਼ੇਖੂਪੁਰਾ ਅਤੇ ਲਾਇਲਪੁਰ ਵਿਚੋਂ ਆਏ ਸਨ।

ਜਮੀਨ ਦੀ ਵੰਡ ਵੇਲੇ, ਆਰੰਭ ਵਿਚ ਸ੍ਰੀ ਸਤਿਗੁਰੂ ਜੀ ਨੇ ਵਡੇ ਮਾਲਕਾਂ ਨੂੰ ਪਿੰਡ ਤੋਂ ਦੂਰ ਉਸ ਤੋਂ ਛੋਟਿਆਂ ਨੂੰ ਨੇੜੇ ਅਤੇ ਬਹੁਤ ਘਟ ਜਮੀਨ ਵਾਲਿਆਂ ਨੂੰ ਪਿੰਡਾਂ ਦੇ ਨੇੜੇ ਖੂਹਾਂ ਦੀ ਸੰਚਾਈ ਵਾਲੀ ਜਮੀਨ ਦਿਤੀ। ਸ੍ਰਕਾਰੀ ਅਲਾਟਮੈਂਟ ਦੇ ਨੰਬਰਾਂ ਨੂੰ ਇਸ ਵੰਡ ਵਿਚ ਨਹੀਂ ਔਣ ਦਿਤਾ। ਓਹ ਤਾਂ ਕੇਵਲ ਅਲਾਟਮੈਂਟ ਵਾਲੀ ਜਮੀਨ ਦੀ ਕੀਮਤ ਦੇਖਕੇ ਮੌਕੇ ਤੇ ਦਿਤੀ ਜਾਣ ਵਾਲੀ ਨਾਲ ਉਸਦਾ ਰਕਬਾ ਟਕਰਾਕੇ ਜਿਤਨੀ ਜਿਤਨੀ ਜਿਸ ਜਿਸ ਦੀ ਬਣਦੀ ਸੀ ਉਤਨੀ ੨ ਉਸਨੂੰ ਦੇ ਦਿਤੀ। ਇਸ ਤੋਂ ਬਿਨਾਂ ਸਾਰੇ ਖਰੀਦਾਰ ਅਲਾਟੀ ਆਪਣੀ ਆਪਣੀ ਜਮੀਨ ਦਾ ਫਾਇਦਾ ਨਹੀਂ ਸਨ ਉਠਾ ਸਕਦੇ।

ਜਮੀਨਾਂ ਦੀ ਵੰਡ ਕਰਨ ਦਾ ਕੰਮ ਆਸਾਨ ਨਹੀਂ ਸੀ। ਸ੍ਰੀ ਸਤਿ-ਗੁਰੂ ਸਚੇ ਪਾਤਸ਼ਾਹ ਜੀ ਨੇ ਖੁਦ ਆਪ ਇਕ ਇਕ ਰਕਬਾ ਦੇਖਕੇ

ਅਤੇ ਓਹ ਓਹ ਜੋ ਜੋ ਆਪਸ ਵਿਚ ਇਕਠੇ ਬੈਠ ਸਕਦੇ ਸਨ, ਓਨਾਂ ਖਰੀਦਾਰਾਂ ਅਤੇ ਅਲਾਟੀਆਂ ਦੇ ਗਰੁਪ ਬਣਾਕੇ, ਕਿਸਮ ਦੇਖਕੇ ਕੀਮਤ ਪਾਕੇ ਜਮੀਨਾਂ ਪੂਰੀਆਂ ਕਰਕੇ ਓਨਾਂ ਨੂੰ ਦਿਤੀਆਂ ਅਤੇ ਓਨਾਂ ਦੀ ਅੰਤਰਿਕ ਵੰਡ ਗੁਣੇ ਪਾਕੇ ਕੀਤੀ। ਇਸ ਢੰਗ ਨਾਲ ਇਤਰਾਜ ਕਰਨ ਦੀ ਕਿਸੇ ਨੂੰ ਗੁੰਜਾਇਸ਼ ਨਹੀਂ ਸੀ।

ਜਿਸ ਵੇਲੇ ਜਮੀਨ ਦੀ ਵੰਡ ਕੀਤੀ, ਉਸ ਵੇਲੇ ਸ੍ਰੀ ਸਤਿਗੁਰੂ ਜੀ ਨੇ ਕਿਸੇ ਨੂੰ ਪਾਸ ਨਹੀਂ ਬੈਠਾਇਆ। ਨਕਸ਼ਾ ਅਤੇ ਸੂਚੀ ਲੈਕੇ ਸ੍ਰੀ ਜੀਵਨ ਨਗਰ ਕੋਠੀ ਦੇ ਵਡੇ ਹਾਲ ਵਿਚ ਬੂਹਾ ਬੰਦ ਕਰਕੇ ਅਰਦਾਸਾ ਸੋਧਕੇ ਸਾਰੀ ਵੰਡ ਅਪਣੀ ਸੁਤੰਤਰ ਰਜਾ ਅਨੁਸਾਰ ਬਣਾਈ।

ਇਸ ਵਿਚੋਂ ਪੰਜ ਸੌ ਏਕੜ ਜਮੀਨ ਵਿਦਜਾਲੇ ਦੇ ਨਾਮ ਕਰਾਈ ਜਿਸਦਾ ਨਾਮ ਅਪਣੇ ਪੂਜਜ ਪਿਤਾ ਸਤਿਗੁਰੂ,ਸ੍ਰੀ ਸਤਿਗੁਰੂ ਹਰੀ ਸਿੰਘ ਜੀ ਮਹਾਂ ਵਿਦਜਾਲਾਰ,ਖਿਆ। ਇਸਤੋਂ ਬਿਨਾਂ ਚਾਰ ਸੌ ਏਕੜ ਜਮੀਨ ਓਨਾਂ ਗਰੀਬ ਨਾਮਧਾਰੀ ਸਿਖਾਂ ਨੂੰ ਜੋ ਸਿਰਫ ਵਾਹੀ ਦਾ ਵਿਹਾਰ ਕਰਕੇ ਗੁਜਾਰਾ ਕਰਦੇ ਸਨ ਪਰ ਬੇ-ਮਾਲਕ ਸਨ, ਜਿਨਾਂ ਵਿਚ ਥਲੇ ਤੋਂ ਉਪਰ ਤਕ ਹਰ ਜਾਤੀ ਦੇ ਸਿਖ ਸਨ ਏਨਾਂ ਨੂੰ ਏਹ ਜਮੀਨ ਮੁਫਤ ਅਤੇ ਵੰਡਕੇ ਦਿਤੀ।

ਸਭ ਤੋਂ ਪਹਿਲੀਆਂ ਆਮ ਚੋਣਾਂ ਤੋਂ ਨਵੀਂ ਕਰਵਟ

੯

ਭਾਰਤ ਦੇ ਸੁਤੰਤਰ ਹੋਣ ਤੋਂ ਬਾਦ ਸਭ ਤੋਂ ਪਹਿਲੀ ਜਨਰਲ ਇਕੈ-ਕਸ਼ਨ(ਆਮ ਚੋਣਾਂ) ਸੰਨ ੧੯੫੨ ਈ: ਦੇ ਸ਼ੁਰੂ ਵਿਚ ਹੋਈ। ਸ੍ਰੀ ਜੀਵਨ ਨਗਰ ਸਥਾਪਨਾ ਤੋਂ ਲੈਕੇ ਇਨਾਂ ਕ੍ਰੀਬ ਪੰਜ ਸਾਲ ਦੇ ਸਮੇਂ ਵਿਚ ਚੁਟਾਲੇ ਵਾਲੇ ਚੌ: ਦੇਵੀ ਲਾਲ ਨੇ, ਸ੍ਰ. ਪ੍ਰਤਾਪ ਸਿੰਘ ਕੈਰੋਂ ਨਾਲ ਆਪਣੇ ਚੰਗੇ ਸੰਪਰਕ ਕਾਇਮ ਕਰ ਲਏ ਸਨ ਅਤੇ ਓਨਾਂ ਦੀ ਰਾਹੀਂ ਪੰਜਾਬ ਮੰਤ੍ਰੀ ਮੰਡਲ ਵਿਚ ਭੀ ਆਪਣਾ ਰਸੂਖ ਬਹੁਤ ਵਧਾ ਲਿਆ ਸੀ ਇਸਤੋਂ ਬਿਨਾਂ ਤਸੀਲ ਸਰਸਾ ਦੇ ਅਫਸਰਾਂ ਨੂੰ ਏਹ ਜਚਾ ਦਿਤਾ ਸੀ ਕਿ ਏਥੇ ਦੇ ਕੰਮ ਚੋ: ਦੇਵੀ ਲਾਲ ਦੀ ਇਛਾ ਅਨੁਸਾਰ ਹੀ ਹੋ ਸਕਣਗੇ।

ਸ੍ਰ. ਪ੍ਰਤਾਪ ਸਿੰਘ ਓਸ ਵੇਲੇ ਮੁਖ ਮੰਤ੍ਰੀ ਨਹੀਂ ਸਨ ਫਿਰ ਭੀ ਪੰਜਾਬ ਮੰਤ੍ਰੀ ਮੰਡਲ ਵਿਚ ਓਨਾਂ ਦਾ ਕਾਫੀ ਪ੍ਰਭਾਵ ਸੀ ਅਤੇ ਪ੍ਰਧਾਨ ਮੰਤ੍ਰੀ ਪੰ: ਜਵਾਹਰ ਲਾਲ ਨਹਿਰੂ ਨਾਲ ਬਹੁਤ ਨੇੜ ਸੀ। ਸ੍ਰੀ ਸਤਿਗੁਰੂ ਜੀ ਨੇ ਦੇਵੀ ਲਾਲ ਬਾਰੇ ਸ੍ਰ. ਪ੍ਰਤਾਪ ਸਿੰਘ ਨੂੰ ਚੰਗੀਤਰਾਂ ਦਸ ਦਿਤਾ ਸੀ ਪਰ ਦੇਵੀ ਲਾਲ ਓਨਾਂ ਦੇ ਮਨ ਤੇ ਐਸਾ ਭਾਰੂ ਹੋ ਚੁਕਾ ਸੀ ਕਿ ਸ੍ਰਦਾਰ ਨੇ ਸ੍ਰੀ ਸਤਿਗੁਰੂ ਜੀ ਦੇ ਦਸੇ ਹੋਏ ਦਾ ਕੋਈ ਅਸਰ ਨਾ ਕੀਤਾ।

ਸ੍ਰੀ ਸਤਿਗੁਰੂ ਜੀ ਵਲੋਂ ਏਹ ਜਤਨ ਕੀਤਾ ਗਿਆ ਕਿ ਇਸ ਚੋਣ ਹਲਕੇ(ਸ੍ਰੀ ਜੀਵਨ ਨਗਰ ਅਤੇ ਆਸ ਪਾਸ)ਦੀ ਕਾਂਗ੍ਰਸ ਦੀ ਟਿਕਟ ਚੌ. ਸ਼ਿਵਕਰਨ ਸਿੰਘ ਨੂੰ ਦਿਤੀ ਜਾਵੇ। ਪਰ ਸ੍ਰ. ਪ੍ਰਤਾਪ ਸਿੰਘ ਨੇ ਦੇਵੀ ਲਾਲ ਨੂੰ ਹੀ ਟਿਕਟ ਦਵਾਈ। ਇਲੈਕਸ਼ਨ ਦੌਰੇ ਤੇ ਪੰ: ਜਵਾਹਰ ਲਾਲ ਸਰਸੇ ਆਏ, ਪਰ ਓਨਾਂ ਨੂੰ ਭੀ ਦੇਵੀ ਲਾਲ ਦੇ ਹਕ ਵਿਚ ਸ੍ਰ. ਕੈਰੋਂ ਵਲੋਂ ਇਤਨਾਂ ਕੁਛ ਆਖਿਆ ਜਾ ਚੁਕਾ ਸੀ, ਓਨਾਂ ਦੇਵੀ ਲਾਲ ਦੀ ਹੀ ਗਲ ਕੀਤੀ। ਸ੍ਰੀ ਸਤਿਗੁਰੂ ਜੀ ਨਾਲ ਗਲਬਾਤ ਕਰਨ ਲਈ ਕੋਈ ਸਮਾਂ

ਨਾਂ ਬਣਨ ਦਿਤਾ। ਸ੍ਰੀ ਸਤਿਗੁਰੂ ਜੀ ਦਾ ਪਹਿਲਾਂ ਦਾ ਸਿਆਮ ਜਾਣ ਦਾ ਪ੍ਰੋਗ੍ਰਾਮ ਬਣ ਚੁਕਾ ਹੋਇਆ ਸੀ।

ਏਧਰ ਸ੍ਰ. ਕੈਰੋਂ ਨੇ ਮਹਾਰਾਜ ਨਿਹਾਲ ਸਿੰਘ ਜੀ ਨੂੰ ਤਿਆਰ ਕੀਤਾ ਕਿ ਸ੍ਰੀ ਜੀਵਨ ਨਗਰ ਦੇ ਇਲਾਕੇ ਦੇ ਨਾਮਧਾਰੀਆਂ ਦੀਆਂ ਵੋਟਾਂ ਤੁਸਾਂ ਦੇਵੀ ਲਾਲ ਨੂੰ ਪਵੌਣੀਆਂ ਹਨ। ਸ੍ਰੀ ਸਤਿਗੁਰੂ ਜੀ, ਮਹਾਰਾਜ ਜੀ ਦਾ ਬਹੁਤ ਸਤਿਕਾਰ ਕਰਦੇ ਸਨ। ਸ੍ਰੀ ਸਤਿਗੁਰੂ ਜੀ ਨੇ ਮਹਾਰਾਜ ਜੀ ਨੂੰ ਸਾਰੀ ਸਥਿਤੀ ਦਸ ਦਿਤੀ, ਮਹਾਰਾਜ ਜੀ ਨੇ ਇਕਰਾਰ ਕੀਤਾ ਕਿ ਮੈਂ ਸ੍ਰੀ ਜੀਵਨ ਨਗਰ ਦੇ ਇਲਾਕੇ ਵਿਚ ਇਸ ਕੰਮ ਲਈ ਨਹੀਂ ਆਵਾਂਗਾ।

ਸ੍ਰੀ ਸਤਿਗਰੂ ਜੀ ਸਿਆਮ(ਥਾਈਲੈਂਡ) ਚਲੇ ਗਏ ਅਤੇ ਜਾਣ ਲਗੇ ਹੁਕਮ ਦੇ ਗਏ ਕਿ ਵੋਟਾਂ ਚੋ: ਸ਼ਿਵਕਰਨ ਸਿੰਘ ਨੂੰ ਦੇਣੀਆਂ ਹਨ। ਪਰ ਜੇ ਮਹਾਰਾਜ ਨਿਹਾਲ ਸਿੰਘ ਜੀ ਆ ਜਾਣ ਓਹ ਜਿਸਨੂੰ ਕਹਿਣ ਓਸ ਨੂੰ ਦੇਣੀਆਂ।

ਸਾਰੀ ਸਾਧ ਸੰਗਤ ਚੋ. ਸ਼ਿਵਕਰਨ ਸਿੰਘ ਵਾਸਤੇ ਤਿਆਰ ਸੀ। ਪਰ ਮਹਾਰਾਜ ਨਿਹਾਲ ਸਿੰਘ ਜੀ ਨੂੰ ਜਿਚ ਕਰਕੇ ਭੇਜਿਆ ਗਿਆ ਅਤੇ ਓਨਾਂ ਆਕੇ ਹੁਕਮ ਦੇ ਦਿਤਾ ਕਿ ਵੋਟਾਂ ਚੋ: ਦੇਵੀ ਲਾਲ ਨੂੰ ਪੌਣੀਆਂ ਹਨ। ਕਿਉਂਕਿ ਸ੍ਰੀ ਸਤਿਗੁਰੂ ਜੀ ਹੁਕਮ ਦੇ ਗਏ ਸਨ ਕਿ ਜਿਧਰ ਮਹਾਰਾਜ ਜੀ ਆਖਣ ਓਧਰ ਵੋਟ ਪੌਣੇ। ਇਸ ਕਰਕੇ ਨਾਮਧਾਰੀ ਸਾਧ ਸੰਗਤ ਨੇ ਭਾਵੇਂ ਮਨੋ ਕਿਤਨੀ ਤਕਲੀਫ ਮੰਨੀ ਪਰ ਵੋਟ ਦੇਵੀ ਲਾਲ ਨੂੰ ਪਾ ਦਿਤੇ। ਇਸ ਤੇ ਦੇਵੀ ਲਾਲ ਪੰਜਾਬ ਅਸੈਂਬਲੀ ਵਾਸਤੇ ਨਿਰਵਾ-ਚਿਤ ਹੋ ਗਿਆ। ਇਸਦੇ ਨਾਲ ਹੀ ਪਾਰਲੀਮੈਂਟ(ਲੋਕ ਸਭਾ) ਦੀ ਇਲੈਕਸ਼ਨ ਸੀ। ਏਹ ਹਲਕਾ ਫਾਜ਼ਿਲਕਾ ਤੋਂ ਲੈਕੇ ਫਤਿਆਬਾਦ ਤਕ ਸੀ। ਕਾਂਗ੍ਰਸ ਟਿਕਟ ਤੇ ਇਥੋਂ ਸ੍ਰ. ਆਤਮਾ ਸਿੰਘ ਜੀ ਨਾਮਧਾਰੀ ਰਾਵਲ ਪਿੰਡੀ ਵਾਲੇ ਉਮੀਦਵਾਰ ਸਨ। ਇਕੋ ਪਾਰਟੀ ਦੇ ਉਮੀਦਵਾਰ, ਇਕ ਨੂੰ ਦੂਜਾ ਸਹਿਯੋਗ ਦੇਵੇ, ਤਾਂ ਹੀ ਸਫਲਤਾ ਹੁੰਦੀ ਹੈ। ਸ੍ਰ. ਆਤਮਾ

ਸਿੰਘ ਜੀ ਨੇ ਸਹਿਯੋਗ ਲੈਣ ਲਈ, ਆਪਣੇ ਵੋਟਰਾਂ ਅਤੇ ਵਰਕਰਾਂ ਦਾ ਭਰਪੂਰ ਸਹਿਯੋਗ ਦੇਵੀ ਲਾਲ ਨੂੰ ਦਿਤਾ ਅਤੇ ਉਸਤੋਂ ਸਹਿਯੋਗ ਪ੍ਰਾਪਤ ਕੀਤਾ। ਸ੍ਰਦਾਰ ਜੀ ਲੋਕ ਸਭਾ ਲਈ ਚੁਣੇ ਗਏ।

ਏਹ ਸਭ ਖਬਰਾਂ ਸਿਆਮ ਸ੍ਰੀ ਸਤਿਗੁਰੂ ਜੀ ਪਾਸ ਪਹੁਚ ਗਈਆਂ ਸ੍ਰੀ ਸਤਿਗੁਰੂ ਜੀ ਜਦੋਂ ਵਾਪਸ ਆਏ ਤਾਂ ਹੁਕਮ ਦਿਤਾ ਕਿ ਅਸੀਂ ਚੌ: ਸ਼ਿਵਕਰਨ ਸਿੰਘ ਨਾਲ ਵੋਟਾਂ ਦੇਣ ਦਾ ਇਕਰਾਰ ਕੀਤਾ ਸੀ। ਓਹ ਅਸੀਂ ਪੂਰਾ ਨਹੀਂ ਕਰ ਸਕੇ, ਇਸ ਕਰਕੇ ਸ੍ਰੀ ਜੀਵਨ ਨਗਰ ਨਹੀਂ ਜਾਵਾਂਗੇ।

ਇਸ ਤੇ ਸ੍ਰੀ ਜੀਵਨ ਨਗਰ ਦੇ ਇਲਾਕੇ ਦੀ ਸਾਧ ਸੰਗਤ ਨੂੰ ਬਹੁਤ ਬੇਚੈਨੀ ਹੋਈ। ਸ੍ਰੀ ਸਤਿਗੁਰੂ ਜੀ ਸ੍ਰੀ ਅੰਮ੍ਰਿਤਸਰ ਵੈਸਾਖੀ ਦੇ ਮੇਲੇ ਤੇ ਗਏ, ਸੰਤ ਆਲਾ ਸਿੰਘ ਜੀ ਅਤੇ ਹੋਰ ਕਈ ਮੁਖੀ ਸਜਣਾਂ ਨੇ ਜਾਕੇ ਸਜਲ ਨੇਤ੍ਰਾਂ ਨਾਲ ਅਰਜ ਕੀਤੀ ਕਿ ਸਚੇ ਪਾਤਸ਼ਾਹ ਜੀ ਕਿਰਪਾ ਕਰੋ ਓਥੇ ਚਲਕੇ ਸਾਨੂੰ ਦਰਸ਼ਨ ਦਿਓ। ਸ੍ਰੀ ਸਤਿਗੁਰੂ ਜੀ ਨਾਂ ਮੰਨੇ। ਸੰਤਾਂ ਆਖਿਆ ਕਿ ਚੰਗਾ ਅਸੀਂ ਚੌ: ਸ਼ਿਵਕਰਨ ਸਿੰਘ ਦੇ ਬੂਹੇ ਅਗੇ ਜਾ ਡੇਰੇ ਲਾਉਂਦੇ ਹਾਂ ਕਿ ਤੂੰ ਸਤਿਗੁਰੂ ਜੀ ਨੂੰ ਮਨਾਕੇ ਐਥੇ ਲਿਆ।

ਸ੍ਰੀ ਸਤਿਗੁਰੂ ਜੀ ਦੇ ਸਿਆਮ ਤੋਂ ਵਾਪਸ ਔਣ ਤੇ ਆਪਣੀ ਜਿਤ ਦੀ ਖੁਸ਼ੀ ਦਸਣ ਵਾਸਤੇ ਸ੍ਰ. ਆਤਮਾ ਸਿੰਘ ਜੀ ਹਾਜਰ ਹੋਏ। ਸ੍ਰੀ ਸਤਿਗੁਰੂ ਜੀ ਓਨਾਂ ਨਾਲ ਨਹੀਂ ਬੋਲੇ। ਇਸ ਤੋਂ ਸ੍ਰਦਾਰ ਜੀ ਨੂੰ ਬਹੁਤ ਦੁਖ ਹੋਇਆ।

ਏਧਰ ਕੁਛ ਮੁਖੀ ਨਾਮਧਾਰੀ ਸਿੰਘ ਚੌ: ਸ਼ਿਵਕਰਨ ਸਿੰਘ ਦੇ ਪਾਸ ਦਭਵਾਲੀ ਗਏ। ਓਨਾਂ ਨੂੰ ਜਾਕੇ ਆਖਿਆ ਕਿ ਤੁਹਾਡੇ ਕਰਕੇ ਸ੍ਰੀ ਸਤਿਗੁਰੂ ਜੀ ਨਾਰਾਜ ਹਨ, ਸ੍ਰੀ ਜੀਵਨ ਨਗਰ ਦੇ ਇਲਾਕੇ ਵਿਚ ਸਾਨੂੰ ਦਰਸ਼ਨ ਨਹੀਂ ਦੇਂਦੇ। ਤੁਹਾਨੂੰ ਵੋਟਾਂ ਨਾ ਦੇਣ ਦੀ ਜੋ ਚਾਹੋ ਤੁਸੀਂ ਸਾਨੂੰ ਸਜਾ ਲਾਓ, ਪਰ ਤੁਸੀਂ ਆਪ ਚਲਕੇ ਸ੍ਰੀ ਸਤਿਗੁਰੂ ਜੀ ਪਾਸ ਅਰਜ ਕਰੋ ਕਿ ਓਹ ਏਥੇ ਆਕੇ ਸਾਨੂੰ ਦਰਸ਼ਨ ਦੇਣ।

ਸ੍ਰੀ ਸਤਿਗੁਰੂ ਜੀ ਦਿਲੀ ਸਨ। ਸਿੰਘ, ਚੌ: ਸ਼ਿਵਕਰਨ ਸਿੰਘ ਨੂੰ ਲੈਕੇ ਓਥੇ ਗਏ। ਚੌ: ਸ਼ਿਵਕਰਨ ਸਿੰਘ ਦੇ ਅਰਜ ਕਰਨ ਤੇ ਸ੍ਰੀ ਸਤਿ-ਗੁਰੂ ਜੀ ਮੰਨ ਗਏ ਅਤੇ ਸ੍ਰੀ ਜੀਵਨ ਨਗਰ ਆਕੇ ਦਰਸ਼ਨ ਦਿਤੇ। ਸਾਰੀ ਸਾਧ ਸੰਗਤ ਨੂੰ ਬਹੁਤ ਖੁਸ਼ੀਆਂ ਹੋਈਆਂ।

ਸ੍ਰ. ਆਤਮਾ ਸਿੰਘ ਜੀ ਸ੍ਰੀ ਸਤਿਗੁਰੂ ਜੀ ਦੀ ਨਾਰਾਜਗੀ ਤੋਂ ਬਹੁਤ ਬੇ-ਚੈਨ ਸਨ। ਏਧਰ ਮਹਾਰਾਜ ਨਿਹਾਲ ਸਿੰਘ ਜੀ ਨਾਲ ਭੀ ਨਾਰਾਜਗੀ ਸੀ। ਸੰਤ ਮੋਹਣ ਸਿੰਘ ਜੀ ਨੇ ਯਤਨ ਕੀਤਾ ਅਤੇ ਮਹਾ-ਰਾਜ ਨਿਹਾਲ ਸਿੰਘ ਜੀ ਨੂੰ ਤਿਆਰ ਕੀਤਾ ਕਿ ਤੁਸੀਂ ਚਲਕੇ ਬਖਸ਼ਾਓ ਸ੍ਰਦਾਰ ਆਤਮਾ ਸਿੰਘ ਜੀ ਤਾਂ ਪਹਿਲਾਂ ਹੀ ਤਿਆਰ ਸਨ। ਏਧਰ ਸ੍ਰੀ ਸਤਿਗੁਰੂ ਜੀ ਪਾਸ ਅਰਜ ਕੀਤੀ ਗਈ। ਸੰਤਾਂ ਨੇ ਮਹਾਰਾਜ ਨਿਹਾਲ ਸਿੰਘ ਜੀ ਨੂੰ ਸ੍ਰਦਾਰ ਆਤਮਾ ਸਿੰਘ ਜੀ ਨੂੰ ਸ੍ਰੀ ਜੀਵਨ ਨਗਰ ਦੀਵਾਨ ਵਿਚ ਲਿਆਕੇ ਸ੍ਰੀ ਸਤਿਗੁਰੂ ਜੀ ਦੇ ਸਾਮਣੇ ਖਲ੍ਹਾਰਿਆ ਅਤੇ ਸ੍ਰੀ ਸਤਿਗੁਰੂ ਜੀ ਨੇ ਬਖਸ਼ਸ਼ ਦੀ ਕਿਰਪਾ ਕਰ ਦਿਤੀ।

ਦੇਵੀ ਲਾਲ ਨੇ ਓਧਰ ਸ੍ਰ. ਪ੍ਰਤਾਪ ਸਿੰਘ ਨੂੰ ਆਪਣੇ ਅਸਰ ਹੇਠ ਪੂਰੀਤਰ੍ਹਾਂ ਕਰੀ ਰਖਿਆ ਅਤੇ ਏਧਰ ਨਾਮਧਾਰੀ ਸਿੰਘਾਂ ਵਿਚ ਕੁਛ ਕਮਜੋਰ ਭਰੋਸੇ ਵਾਲੇ ਬੰਦੇ ਲਭਕੇ ਸ੍ਰੀ ਸਤਿਗੁਰੂ ਜੀ ਦੇ ਵਿਰੁਧ ਉਕ-ਸਾਉਣ ਦਾ ਭਰਪੂਰ ਜਤਨ ਜਾਰੀ ਰਖਿਆ।

ਸਰਨਾਰਥੀ ਜਮੀਨਾਂ ਦੀ ਵੰਡ

੧੦

ਸਰਨਾਰਥੀ ਜਮੀਨਾਂ ਦੀ ਅਲਾਟਮੇਂਟ ਦੇ ਕੰਮ ਬਹੁਤ ਉਲਝਣਾਂ ਵਾਲੇ ਸਨ। ਦੂਜੇ ਪਾਸੇ ਹਰ ਆਦਮੀ ਆਪਣੇ ਸ੍ਵਾਰਥ ਵਾਸਤੇ ਚੰਗੀ ਜਮੀਨ ਚਾਹੁੰਦਾ ਸੀ। ਕਲਿਜੁਗ ਦਾ ਐਸਾ ਜੋਰ ਚੜ੍ਹਿਆ ਹੋਇਆ ਸੀ, ਮਨ ਆਪਣੇ ਟਿਕਾਣਿਆਂ ਤੋਂ ਹਿਲਦੇ ਜਾ ਰਹੇ ਸਨ।

ਸ੍ਰੀ ਜੀਵਨ ਨਗਰ ਦੇ ਇਲਾਕੇ ਦੇ ਆਸ ਪਾਸ ਦੇ ਪਿੰਡਾਂ ਵਿਚ (ਨਕੌੜਾ ਅੰਮ੍ਰਿਤਸਰ ਮੌਜੂਖੇੜਾ ਕਰੀਵਾਲਾ) ਨਾਮਧਾਰੀ ਸ਼ਰਨਾਰਥੀ ਸਿੰਘਾਂ ਦੇ ਜਮੀਨਾਂ ਦੇ ਕਲੇਮ ਪੈਣੇ ਸ੍ਰਕਾਰ ਵਲੋਂ ਪ੍ਰਵਾਨ ਹੋ ਚੁਕੇ ਹੋਏ ਸਨ। ਇਨਾਂ ਦੀ ਜਮੀਨ ਦੀ ਵੰਡ, ਖਸਰਾ ਨੰਬਰ ਤਕ ਭੀ ਹਰ ਅਲਾਟੀ ਨੂੰ ਦੇਣ ਦਾ ਅਧਿਕਾਰ ਸ੍ਰੀ ਸਤਿਗੁਰੂ ਜੀ ਪਾਸ ਸੀ। ਸ੍ਰੀ ਸਤਿਗੁਰੂ ਜੀ ਨੇ ਥੋੜੀ ਸ੍ਰਕਾਰੀ ਢੰਗ ਛਡਕੇ ਇਕਠੇ ਰਹਿ ਸਕਣ ਵਾਲੇ ਸਿੰਘਾਂ ਦੇ ਗਰੁਪ ਬਣਾਕੇ ਵਡੇ ਅਲਾਟੀਆਂ ਨੂੰ ਪਿੰਡੋਂ ਦੂਰ ਛੋਟਿਆਂ ਨੂੰ ਨੇੜੇ,ਬਿਲਕੁਲ ਜਮੀਨ ਵਾਲਿਆਂਨੂੰ ਪਿੰਡਦੇਨਾਲ ਲਗਦੀ, ਖਾਸ ਕਰਕੇ ਖੂਹਾਂ ਤੋਂ ਸਿਲਾਬ ਹੋ ਸਕਣ ਵਾਲੀ ਜਮੀਨ ਦਿਤੀ। ਗਰੁਪਾਂ ਦੀ ਅੰਤਰਿਕ ਵੰਡ ਜਮੀਨ ਦੀ ਕੀਮਤ ਪਾਕੇ ਗੁਣੇ,ਪਾਕੇ ਕਰ ਦਿਤੀ।

ਦੇਵੀ ਲਾਲ ਨੂੰ ਏਹ ਖੁਣੰਸ ਸੀ ਕਿ ਸ੍ਰੀ ਸਤਿਗੁਰੂ ਜੀ ਨੂੰ ਸ੍ਰਕਾਰ ਵਿਚ ਏਡੀ ਵਡੀ ਮਾਨਤਾ ਕਿਓਂ ਹੈ। ਏਡੇ ਵਡੇ ਕੰਮ ਵਿਚ ਕਿਸੇ ਨਾ ਕਿਸੇ ਦਾ ਅਸੰਤੁਸ਼ਟ ਹੋ ਜਾਣਾ, ਜਾਂ ਕਈ ਅਨਾੜੀ ਆਦਮੀਆਂ ਦਾ ਕਿਸੇ ਦੀ ਚੁਕ ਵਿਚ ਆ ਜਾਣਾ ਕੋਈ ਵਡੀ ਗਲ ਨਹੀਂ ਸੀ।

ਜੰਜਾਤਿਆਂ(ਜਿ: ਲਾਹੌਰ) ਦਾ ਬਿਕ੍ਰਮ ਸਿੰਘ ਇਸ ਚੁਕ ਦਾ ਸ਼ਿਕਾਰ ਹੋਇਆ। ਉਸ ਨੇ ਦਰਖਾਸਤ ਦੇ ਦਿਤੀ ਕਿ ਮੇਰੀ ਅਲਾਟ-ਮੇਂਟ ਵਾਲੀ ਜਮੀਨ ਸਤਿਗੁਰੂ ਜੀ ਖਾ ਗਏ ਹਨ। ਜਿਲਾ ਲਾਹੌਰ ਦੀ ਐਲੋਕੇਸ਼ਨ ਜਿ: ਹਿਸਾਰ ਵਿਚ ਨਹੀਂ ਸੀ ਬਣਦੀ। ਸ੍ਰੀ ਸਤਿਗੁਰੂ ਜੀ

ਚਾਹੰਦੇ ਤਾਂ ਬਿਕ੍ਰਮ ਸਿੰਘ ਨੂੰ ਦੂਰ ਕਰਨਾਲ ਵਲ ਭੇਜ ਦਿੰਦੇ। ਬਿਕ੍ਰਮ ਸਿੰਘ ਦੀ ਦਰਖਾਸਤ ਦੀ ਸ੍ਰਕਾਰ ਵਲੋਂ ਜਾਂਚ ਪੜਤਾਲ ਹੋਈ ਤਦ ਓਹ ਪੂਰਾ ਝੂਠਾ ਨਿਕਲਿਆ। ਸ੍ਰੀ ਸਤਿਗਰੂ ਜੀ ਵਲੋਂ ਸ੍ਰ. ਅਵਤਾਰ ਸਿੰਘ ਝਬਰ ਨੂੰ ਅਲਾਟਮੇਂਟ ਦੇ ਕੰਮ ਵਾਸਤੇ ਸਹਾਇਕ ਸੇਵਕ ਦੇ ਰੂਪ ਵਿਚ ਨਾਲ ਲਾਇਆ ਹੋਇਆ ਸੀ। ਸ੍ਰ. ਅਵਤਾਰ ਸਿੰਘ ਨੇ ਅਰਜ ਕੀਤੀ ਕਿ ਇਸ ਦੀ ਐਲੋਕੇਸ਼ਨ ਇਥੇ ਨਹੀਂ ਬਣਦੀ ਇਸ ਨੂੰ ਏਥੋਂ ਕਢ ਦੇਈਏ, ਜਿਥੇ ਐਲੋਕੇਸ਼ਨ ਹੈ ਆਪੇ ਓਥੇ ਜਾਕੇ ਜਮੀਨ ਲਭਦਾ ਫਿਰੇਗਾ ਸ੍ਰੀ ਸਤਿਗੁਰੂ ਜੀ ਹੁਕਮ ਦਿਤਾ ਕਿ ਇਸਨੇ ਭਾਵੇਂ ਕੁਛ ਕੀਤਾ ਹੈ ਅਸੀਂ ਇਸ ਨਾਲ ਏਹ ਵਰਤਾਉ ਨਹੀਂ ਕਰਨਾ।

ਕਰੀਵਾਲੇ ਦੀ ਅਲਾਟਮੈਂਟ

੧੧

ਏਨਾਂ ਦਿਨਾਂ ਵਿਚ ਇਕ ਹੋਰ ਗੰਭੀਰ ਘਟਨਾ ਹੋਈ। ਸ੍ਰੀ ਜੀਵਨ ਨਗਰ ਤੋਂ ਲਹਿੰਦੇ ਪਾਸੇ ਕ੍ਰੀਬ ੧੨ ਕਿਲੋ ਮੀਟਰ ਤੇ ਕਰੀਵਾਲਾ ਪਿੰਡ ਹੈ ਜੋ ਦੋ ਭਾਗਾਂ ਵਿਚ(ਚੜਦੇ ਵਲ ਅਤੇ ਲਹਿੰਦੇ ਵਲ) ਵੰਡਿਆ ਹੋਇਆ ਹੈ।

ਇਸ ਵਿਚ ਚੜਦੇ ਵਾਲੇ ਪਿੰਡ ਵਿਚ ਜਿਲਾ ਸ਼ੇਖੂਪੁਰਾ ਅਤੇ ਲਹਿੰਦੇ ਵਾਲੇ ਪਿੰਡ ਵਿਚ ਜਿ: ਲਾਹੌਰ ਦੇ ਨਾਮਧਾਰੀ ਸਰਨਾਰਥੀ ਸਿੰਘ ਆਬਾਦ ਹੋਏ ਹਨ।

ਏਥੇ ਬੈਠੇ ਹੋਇਆਂ ਵਿਚ ਦੇਵੀ ਲਾਲ ਦੇ ਉਕਸਾਏ ਹੋਏ ਸੂਬਾ ਲਾਭ ਸਿੰਘ ਡਫਰਕੋ (ਜਿਲਾ ਲਾਹੌਰ) ਅਤੇ ਲਾਭ ਸਿੰਘ ਵਰਨ(ਜਿਲਾ ਸ਼ੇਖੂਪੁਰਾ) ਜਮੀਨ ਦੀ ਵੰਡ ਬਾਰੇ ਸ੍ਰੀ ਸਤਿਗੁਰੂ ਜੀ ਪਾਸ ਆਏ ਕਿ ਤੁਹਾਡੀ ਏਹ ਵੰਡ ਸਾਨੂੰ ਪ੍ਰਵਾਨ ਨਹੀਂ। ਸ੍ਰੀ ਸਤਿਗਰੂ ਜੀ ਨੇ ਬਹੁਤ ਸਮਝਾਇਆ ਪਰ ਓਨਾਂ ਨੂੰ ਐਸੀ ਚੁਕਣਾ ਸੀ ਓਹ ਕਿਸੇ ਗਲ ਤੇ ਨਾਂ

ਮੰਨੇ। ਓਨਾਂ ਜਾਕੇ ਡਾਇਰੈਕਟਰ ਜਨਰਲ, ਰੰਧਾਵਾ ਪਾਸ ਦਰਖਾਸਤ ਦੇ ਦਿਤੀ ਕਿ ਅਸੀਂ ਜ਼ਮੀਨ ਦੀ ਵੰਡ ਸ੍ਰੀ ਸਤਿਗੁਰੂ ਜੀ ਪਾਸੋਂ ਨਹੀਂ, ਸਗੋਂ ਸ੍ਰਕਾਰ ਪਾਸੋਂ ਕਰਵਾਉਣੀ ਹੈ। ਦੇਵੀ ਲਾਲ ਚਾਹੁੰਦਾ ਸੀ ਕਿ ਜ਼ਮੀਨ ਦੇ ਖਸਰਾ ਨੰਬਰ ਪਾਉਣ ਦੇ ਅਧਿਕਾਰ ਜੋ ਸ੍ਰੀ ਸਤਿਗੁਰੂ ਜੀ ਨੂੰ ਮਿਲੇ ਹੋਏ ਹਨ, ਏਹ ਏਨਾਂ ਪਾਸ ਨਾ ਰਹਿਣ। ਹੋਰ ਕਿਸੇ ਪਿੰਡ ਵਿਚ ਉਸ ਦੀ ਗਲ ਨਹੀਂ ਚਲ ਸਕੀ ਪਰ ਕਰੀਵਾਲੇ ਦੇ ਉਪ੍ਰੋਕਤ ਵਜ਼-ਕਤੀ ਉਸ ਦੇ ਅਸਰ ਹੇਠ ਆ ਗਏ ਅਤੇ ਏਨਾਂ ਨੇ ਕੁਛ ਹੋਰਨਾਂ ਨੂੰ ਭੀ ਆਪਣੇ ਨਾਲ ਲੈ ਲਿਆ।

ਓਨਾਂ ਦਿਨਾਂ ਵਿਚ ਡਾ. ਗੋਪੀ ਚੰਦ ਭਾਰਗਵ, ਮੁਖ-ਮੰਤ੍ਰੀ ਸਨ। ਰੰਧਾਵਾ ਆਈ. ਸੀ. ਐਸ. ਅਫਸਰ ਸੀ। ਓਸਦਾ ਦਿਮਾਗ ਅਫਸਰੀ ਵਾਲੀ ਰਉਂ ਵਿਚ ਜ਼ਿਆਦਾ ਰਹਿੰਦਾ ਸੀ। ਉਸਨੇ ਮੰਨ ਲਿਆ ਕਿ ਇਨਾਂ ਦੀ ਅਲਾਟਮੈਂਟ ਸ੍ਰਕਾਰ ਹੀ ਕਰੇਗੀ।

ਇਸ ਸਬੰਧ ਵਿਚ ਓਸਨੇ ਸਰਸੇ ਦਾ ਦੌਰਾ ਰਖ ਲਿਆ ਅਤੇ ਦਰਖਾਸਤਾਂ ਦੇਣ ਵਾਲਿਆਂ ਨੂੰ ਤਾਰੀਖ ਦੇ ਦਿਤੀ ਕਿ ਮੈਨੂੰ ਉਥੇ ਆਕੇ ਮਿਲੋ।

ਮਦਾਰ(ਜਿਲਾ ਸ਼ੇਖੂਪੁਰ) ਵਾਲੇ ਘਸੀਟਾ ਸਿੰਘ ਦਾ ਜਵਾਈ ਪੂਰਨ ਸਿੰਘ(ਪਿਛਲਾ ਪਿੰਡ ਠਟਾ ਜਿਲਾ ਗੁਜਰਾਂਵਾਲਾ) ਚੋਰੀ ਕਰਨ ਵਾਲਿਆਂ ਨਾਲ ਲੈਣ ਦੇਣ ਰਖਦਾ ਸੀ। ਸ੍ਰੀ ਸਤਿਗੁਰੂ ਜੀ ਘਸੀਟਾ ਸਿੰਘ ਨੂੰ ਬੜੇ ਚਿਰ ਤੋਂ ਆਖ ਰਹੇ ਸਨ ਕਿ ਇਸ ਨੂੰ ਇਸ ਕੰਮ ਤੋਂ ਮਨਾ ਕਰ ਜਾਂ ਇਸ ਨਾਲ ਵਰਤ ਵਰਤਾਉ ਛਡ। ਘਸੀਟਾ ਸਿੰਘ ਬਹੁਤ ਸਰਧਾਲੂ ਸਿਖ ਸੀ। ਜਦੋਂ ਸੁਹੇਵਾ ਸਾਹਿਬ ਅਖੰਡ ਪਾਠ ਹੋਏ,ਤਾਂ ਮੁਲ ਲਈ ਹੋਈ ਵਿਚੋਂ ਅਧੀ ਜਮੀਨ ਦੇ ਪੈਸੇ ਓਨਾਂ ਅਖੰਡ ਪਾਠਾਂ ਵਿਚ ਪਾ ਦਿਤੇ। ਸ੍ਰੀ ਸਤਿਗੁਰੂ ਜੀ ਦਾ ਮੁਕਰਰ ਕੀਤਾ ਹੋਇਆ ਆਗੂ ਅਤੇ ਮੁਖਤਿਆਰ ਆਮ ਸੀ। ਇਸਨੇ ਅਪਣੇ ਜਵਾਈ ਪੂਰਨ ਸਿੰਘ ਨੂੰ ਚੋਰੀ ਕਰਨ ਤੋਂ ਨਹੀਂ ਹਟਾਇਆ ਬਲਕਿ ਉਸਦਾ ਸਾਥੀ ਬਣ ਗਿਆ।

ਚੋਰੀ ਕਰਨ ਵਾਲਿਆਂ ਨਾਲ ਸਬੰਧ ਰਖਣ ਕਰਕੇ ਬੁਧੀ ਟਿਕਾਣੇ ਤੋਂ ਹਿਲ ਗਈ। ਲਾਭ ਸਿੰਘ ਵਰਨ ਜੋ ਕਿਸੇ ਵੇਲੇ ਭਜਨ ਬਾਣੀ ਕਰਨ ਵਾਲਾ ਸੀ। ਪਰ ਚੋਰੀ ਦਾ ਠਰਕ ਇਸਨੂੰ ਭੀ ਸੀ, ਓਹ ਇਸ ਦਾ ਭਣਵਯਾ ਸੀ। ਓਸ ਦਾ ਨੇੜ ਹੋਣ ਕਰਕੇ ਏਹ ਭੀ ਸ੍ਰੀ ਸਤਿਗੁਰੂ ਜੀ ਵਿਰੁਧ ਦਰਖਾਸਤਾਂ ਦੇਣ ਵਾਲਿਆਂ ਦਾ ਸਾਥੀ ਬਣ ਗਿਆ। ਇਨਾਂ ਦੇ ਨਾਲ ਡਫਰਕੇ ਜਿਲਾ ਲਾਹੌਰ ਦਾ ਸੂਬਾ ਲਾਭ ਸਿੰਘ ਭੀ ਸ਼ਾਮਲ ਹੋ ਗਿਆ ਅਤੇ ਇਨਾਂ ਨੇ ਚੌ: ਦੇਵੀ ਲਾਲ ਨਾਲ ਅਪਣੇ ਸਬੰਧ ਬਣਾਕੇ ਸ੍ਰੀ ਸਤਿਗੁਰੂ ਜੀ ਦੇ ਵਿਰੁਧ ਝੂਠੀਆਂ ਦਰਖਾਸਤਾਂ ਦੇਣ ਦੀ ਮੁਹਿੰਮ ਚਲਾ ਦਿਤੀ।

ਰੰਧਾਵਾ ਸਰਸੇ ਆਇਆ। ਦਰਖਾਸਤਾਂ ਦੇਣ ਵਾਲੇ ਪੇਸ਼ ਹੋਏ। ਜੋ ਸਰਿਆ ਓਨਾਂ ਸ੍ਰੀ ਸਤਿਗੁਰੂ ਜੀ ਦੇ ਵਿਰੁਧ ਆਖਿਆ ਅਤੇ ਰੰਧਾਵੇ ਨੇ ਫੈਸਲਾ ਕਰ ਦਿਤਾ ਕਿ ਕਰੀਵਾਲੇ ਦੇ ਅਲਾਟੀਆਂ ਦੇ ਖਸਰਾ ਨੰਬਰਾਂ ਦੀ ਅਲਾਟਮੈਂਟ ਸ੍ਰਕਾਰ ਕਰੇਗੀ।

ਮੁੜ ਵਸਾਊ ਮਹਿਕਮੇ ਦੇ ਮੰਤ੍ਰੀ ਸ੍ਰ. ਈਸ਼ਰ ਸਿੰਘ ਜੀ ਮਝੈਲ ਸਨ। ਲੇਖਕ ਨੇ ਓਨਾਂ ਨੂੰ ਮਿਲਕੇ ਸਾਰੀ ਗਲ ਦਸੀ ਓਨਾ ਆਸ਼ਵਾਸਨ ਜਰੂਰ ਦਿਤਾ ਕਿ ਤੁਹਾਡੀ ਗਲ ਮੰਨੀ ਜਾਇਗੀ ਪਰ ਕੀਤਾ ਕੁਛ ਨਹੀਂ।

ਸ੍ਰੀ ਸਤਿਗੁਰੂ ਜੀ ਦੀ ਆਗਿਆ ਅਨੁਸਾਰ ਰੰਧਾਵੇ ਦਾ ਗਲਤ ਫੈਸਲਾ ਰੋਕਣ ਵਾਸਤੇ ਸੰਤ ਇੰਦਰ ਸਿੰਘ ਜੀ ਚਕ੍ਰਵਰਤੀ ਅਤੇ ਲੇਖਕ ਸ਼ਿਮਲੇ ਜਾਕੇ ਮੁਖ ਮੰਤ੍ਰੀ ਡਾ. ਗੋਪੀ ਚੰਦ ਭਾਰਗਵ ਨੂੰ ਮਿਲੇ। ਪੋਹ ਦਾ ਮਹੀਨਾ ਸੀ। ਬਰਫ ਪਈ ਹੋਈ ਸੀ। ਚਕ੍ਰਵਰਤੀ ਜੀ ਅਤੇ ਲੇਖਕ ਸਾਰਾ ਦਿਨ ਸੈਕ੍ਰਟਰੀਏਟ ਵਿਚ ਠਰਦੇ ਰਹੇ। ਸ਼ਾਮ ਨੂੰ ੩ ਵਜੇ ਦੇ ਕ੍ਰੀਬ ਡਾ: ਗੋਪੀ ਚੰਦ ਜੀ ਮਿਲੇ ਅਤੇ ਓਨਾਂ ਆਖਿਆ ਕਿ ਜਾਓ ਅਸੀਂ ਹੁਕਮ ਭੇਜ ਦਿਤਾ ਹੈ ਅਲਾਟਮੈਂਟ ਸ੍ਰੀ ਸਤਿਗੁਰੂ ਜੀ ਹੀ ਕਰਨਗੇ। ਅਸੀਂ ਵਾਪਸ ਆ ਗਏ।

ਏਧਰੋਂ ਦੇਵੀ ਲਾਲ ਇਸ ਗਲ ਲਈ ਡਟਿਆ ਹੋਇਆ ਸੀ ਕਿ ਅਲਾਟਮੈਂਟ ਸ੍ਰਕਾਰ ਪਾਸੋਂ ਕਰਵੌਣੀ ਹੈ। ਰੰਧਾਵਾ ਅਫਸਰਾਂ ਵਾਲੇ ਰਊਂ ਵਿਚ ਸੀ। ਓਸਦਾ ਹੁਕਮ ਰਦ ਹੁੰਦਾ ਸੀ। ਇਸ ਕਰਕੇ ਉਸਨੇ ਭੀ ਨੋਟ ਲਿਖਕੇ ਭੇਜ ਦਿਤਾ ਕਿ ਇਹ ਕੰਮ ਸਰਕਾਰ ਦਾ ਹੀ ਕਰਨਾ ਬਣਦਾ ਹੈ ਅਤੇ ਮੁਖ ਮੰਤ੍ਰੀ ਜੀ ਆਪਣਾ ਫੈਸਲਾ ਬਦਲਣ। ਪੰਜ ਸਤ ਦਿਨ ਤਾਂ ਡਾ. ਭਾਰਗਵ ਸਾਹਿਬ ਅੜੇ ਰਹੇ, ਛੇਕੜ ਓਨਾ ਰੰਧਾਵੇ ਦਾ ਫੈਸਲਾ ਬਹਾਲ ਕਰ ਦਿਤਾ। ਰੰਧਾਵੇ ਨੇ ਇਹ ਭੀ ਲਿਖਿਆ ਸੀ ਕਿ ਜੇ ਕਰੀਵਾਲੇ ਦੀ ਅਲਾਟਮੈਂਟ ਸ੍ਰਕਾਰ ਕਰ ਦਏਗੀ ਤਦ ਦੂਜੇ ਪਿੰਡਾਂ ਵਾਲੇ ਭੀ ਤਿਆਰ ਹਨ, ਓਹ ਭੀ ਸ੍ਰਕਾਰ ਪਾਸੋਂ ਹੀ ਕਰਾਉਣਗੇ ਪਰ ਹੋਰ ਕਿਸੇ ਪਿੰਡ ਵਲੋਂ ਕੋਈ ਦਰਖਾਸਤ ਨਹੀਂ ਆਈ ਅਤੇ ਅਲਾ-ਟਮੈਂਟ ਸ੍ਰੀ ਸਤਿਗੁਰੂ ਜੀ ਦੀ ਕੀਤੀ ਹੋਈ ਹੀ ਬਹਾਲ ਰਹੀ।

ਰੰਧਾਵੇ ਦਾ ਫੈਸਲਾ ਮੰਨਿਆ ਜਾਣ ਤੇ ਡਾ. ਗੋਪੀ ਚੰਦ ਅਤੇ ਸ੍ਰ. ਈਸਰ ਸਿੰਘ ਮਝੈਲ ਨੂੰ ਫਿਰ ਜਾਕੇ ਆਖਿਆ ਪਰ ਏਨਾਂ ਟਾਲ ਮਟੋਲ ਵਿਚ ਉੜ੍ਹ ਦੇ ਦਿਤਾ ਅਤੇ ਕਰੀਵਾਲੇ ਦੀ ਅਲਾਟਮੈਂਟ ਸ੍ਰਕਾਰ ਨੇ ਆਪਣੇ ਤਰੀਕੇ ਅਨਸਾਰ ਕੀਤੀ। ਏਹ ਅਲਾਟਮੈਂਟ ਪਿੰਡ ਵਾਸੀਆਂ ਨੂੰ ਹੁਣ ਤਕ ਯਾਦ ਹੈ। ਬਾਦ ਵਿਚ ਇਨਾਂ ਨੇ ਪਸਚਾਤਾਪ ਭੀ ਕੀਤਾ, ਪਰ ਵਕਤ ਲੰਘ ਚੁਕਾ ਸੀ। ਏਹ ਐਸੀ ਉਲਟ ਅਲਾਟਮੈਂਟ ਹੋਈ ਕਿ ਜੋ ਲੋਕ ਚੜ੍ਹਦੇ ਕਰੀਵਾਲੇ ਵਿਚ ਅਬਾਦ ਸਨ ਓਨਾਂ ਸਭਨਾਂ ਨੂੰ ਲਹਿੰਦੇ ਕਰੀਵਾਲੇ ਤੋਂ ਲਹਿੰਦੇ ਪਾਸੇ ਜਮੀਨਾਂ ਮਿਲੀਆਂ। ਜੋ ਲਹਿੰਦੇ ਪਿੰਡ ਵਿਚ ਅਬਾਦ ਸਨ ਜਿ: ਲਹੌਰ ਵਾਲੇ, ਓਨਾਂ ਨੂੰ ਚੜ੍ਹਦੇ ਕਰੀਵਾਲੇ ਤੋਂ ਚੜ੍ਹਦੇ ਪਾਸੇ ਜਮੀਨਾਂ ਮਿਲੀਆਂ। ਲਹਿੰਦੇ ਪਾਸੇ ਵਾਲੇ ਜਿਮੀਦਾਰ ਆਪਣੇ ਡੰਗਰ ਅਤੇ ਹਰਨਾਲੀਆਂ ਲੈਕੇ ਚੜ੍ਹਦੇ ਕਰੀਵਾਲੇ ਵਿਚ ਦੀ ਲੰਘਕੇ ਜਾਇਆ ਕਰਨ ਅਤੇ ਇਸੇ ਤਰਾਂ ਚੜ੍ਹਦੇ ਵਾਲੇ ਲਹਿੰਦੇ ਵਿਚ ਦੀ।

ਤੁਲਸੀ ਦਾਸ ਜੀ ਨੇ ਲਿਖਿਆ ਹੈ–

ਐਸੋ ਕੋ ਜਨਮਿਓ ਭਵਮਾਹੀ।

ਪ੍ਰਭਤਾ ਪਾਇ ਜਾਸ ਮਦ ਨਾਹੀ।

ਭਾਵ- ਇਸ ਧਰਤੀ ਤੇ ਐਸਾ ਕੌਣ ਜੰਮਿਆ ਹੈ ਜਿਸਨੂੰ ਜਦੋਂ ਹਕੂਮਤ ਮਿਲ ਜਾਵੇ ਤਾਂ ਉਸਦਾ ਉਸਨੂੰ ਨਸ਼ਾ ਨਾ ਹੋਵੇ।

ਇਹ ਕਾਂਗ੍ਰਸੀ ਸ੍ਰੀ ਸਤਿਗੁਰੂ ਜੀ ਪਾਸੋਂ ਹਰ ਪ੍ਰਕਾਰ ਦੀ ਸਹਾਇਤਾ ਵੇਲੇ ਕੁਵੇਲੇ ਲੈਂਦੇ ਰਹੇ ਸਨ। ਵੋਟਾਂ ਵਾਸਤੇ ਸ੍ਰੀ ਸਤਿਗੁਰੂ ਜੀ ਵਲੋਂ ਸਭ ਨਾਮਧਾਰੀਆਂ ਨੂੰ ਆਦੇਸ਼ ਹੁੰਦਾ ਸੀ ਕਿ ਵੋਟ ਸਭ ਕਾਂਗ੍ਰਸ ਨੂੰ ਦੇਣੇ ਹਨ। ਅੰਗ੍ਰੇਜ਼ਾਂ ਦੇ ਰਾਜ ਵੇਲੇ ਅਜ ਵਰਗੀਆਂ ਸਹੂਲਤਾਂ ਨਹੀਂ ਸਨ ਕਿ ਪਿੰਡ ਪਿੰਡ ਵਿਚ ਪੋਲਿੰਗ ਸਟੇਸ਼ਨ ਬਣੇ ਹੋਣ। ਓਦੋਂ ਕਈ ਪਿੰਡਾਂ ਵਿਚੋਂ ਇਕ ਪਿੰਡ ਚੁਣਿਆ ਜਾਂਦਾ ਸੀ, ਓਥੇ ਪੋਲਿੰਗ ਸਟੇਸ਼ਨ ਬਣਦਾ ਸੀ ਅਤੇ ਕਈ ਕਈ ਮੀਲ ਤੋਂ ਚਲਕੇ ਜਾਕੇ ਲੋਕ ਓਥੇ ਵੋਟ ਪਾਉਂਦੇ ਸਨ। ਨਾਮਧਾਰੀ ਸਿੰਘਾਂ ਨੂੰ ਸ੍ਰੀ ਸਤਿਗੁਰੂ ਜੀ ਵਲੋਂ ਹੁਕਮ ਹੁੰਦਾ ਸੀ ਕਿ ਆਪਣੇ ਹੀ ਸਾਧਨ ਨਾਲ ਜਾਕੇ ਵੋਟ ਪਾਕੇ ਔਣਾ ਹੈ। ਕਿਸੇ ਉਮੀਦਵਾਰ ਤੋਂ ਕਿਰਾਇਆ ਨਹੀਂ ਲੈਣਾ।

ਓਸ ਕਾਂਗ੍ਰਸ ਪਾਰਟੀ ਦੇ ਹਥ ਜਦੋਂ ਹਕੂਮਤ ਆਈ ਤਾਂ ਓਨਾਂ ਨੂੰ ਸ੍ਰੀ ਸਤਿਗੁਰੂ ਜੀ ਦੇ ਸਭ ਉਪਕਾਰ ਭੁਲ ਗਏ। ਜਿਨਾਂ ਨੇ ਸ੍ਰੀ ਸਤਿਗੁਰੂ ਜੀ ਵਿਰੁਧ ਦਰਖਾਸਤਾਂ ਦਿਤੀਆਂ ਸਨ, ਦੇਵੀ ਲਾਲ ਵਲੋਂ ਸ੍ਰਕਾਰ ਰਾਹੀਂ ਓਨਾਂ ਨੂੰ ਹਰ ਪ੍ਰਕਾਰ ਦੀ ਸਹੂਲਤ ਮਿਲਦੀ।

ਘਸੀਟਾ ਸਿੰਘ ਦੀ ਬੁਧੀ ਐਸੀ ਮਲੀਨ ਹੋਈ ਕਿ ਆਪਣੇ ਕੀਤੇ ਹੋਏ ਲਿਖਤੀ ਇਕਰਾਰ ਤੋਂ ਉਲਟ ਉਸਨੇ ਆਪਣੀ ਅਲਾਟਮੇਂਟ ਵਾਲੀ ਜਮੀਨ ਸਾਰੀ (ਦੁਗਣੀ) ਲੈਣ ਵਾਸਤੇ ਦਰਖਾਸਤਾਂ ਦੇਣੀਆਂ ਸ਼ੁਰੂ ਕਰ ਦਿਤੀਆਂ। ਏਥੇ ਆਬਾਦ ਹੋਏ ਸਾਰੇ ਸਿੰਘਾਂ ਨੇ ਬੈਠਕੇ ਏਹ ਫੈਸਲਾ ਕੀਤਾ ਸੀ ਕਿ ਜਮੀਨਾਂ ਪੂਰੀਆਂ ਪੂਰੀਆਂ ਲਈਆਂ ਜਾਣ, ਯਾਨੀ ਦੁਗਣੀਆਂ ਨਾ ਲਈਆਂ ਜਾਣ। ਅਤੇ ਉਪਜ ਦਾ ਹਿਸਾ ਦੇਣ ਵਾਲਾ ਝੰਝਟ ਨਾ ਕੀਤਾ ਜਾਵੇ। ਏਹ ਫੈਸਲਾ ਕਰਕੇ ਸਾਰਿਆਂ ਨੇ ਲਿਖਕੇ ਸ੍ਰੀ ਸਤਿਗੁਰੂ ਜੀ ਨੂੰ ਦੇ ਦਿਤਾ ਸੀ। ਓਸ ਲਿਖਤ ਵਿਚ ਘਸੀਟਾ ਸਿੰਘ ਦੇ ਦਸਤਖਤ ਭੀ ਸਨ। ਫਰਕ ਇਨਾਂ ਹੀ ਸੀ, ਕਿ ਜਦੋਂ ਏਹ ਲਿਖਤ ਹੋਈ

ਸੀ ਓਦੋਂ ਅਲਾਟੀਆਂ ਨੂੰ ਪੂਰੇ ਅਧਿਕਾਰ ਨਹੀਂ ਸਨ ਮਿਲੇ। ਇਸ ਕਰਕੇ ਕਾਨੂੰਨ ਦਾ ਆਸਰਾ ਲੈਕੇ ਅਤੇ ਦੇਵੀ ਲਾਲ ਦੀ ਸ਼ਹਿ ਨਾਲ ਘਸੀਟਾ ਸਿੰਘ ਨੇ ਓਹ ਜਮੀਨ ਜੋ ਉਪ੍ਰੋਕਤ ਫੈਸਲੇ ਅਨੁਸਾਰ ਉਸਦੀ ਨਹੀਂ ਸੀ ਬਣਦੀ, ਲੈਣ ਵਾਸਤੇ ਦਰਖਾਸਤਾਂ ਪੰਜਾਬ ਸ੍ਰਕਾਰ ਅਤੇ ਭਾਰਤ ਸ੍ਰਕਾਰ ਨੂੰ ਦੇਣੀਆਂ ਸ਼ੁਰੂ ਕਰ ਦਿਤੀਆਂ। ਇਥੇ ਹੀ ਬਸ ਨਹੀਂ, ਦਰਖਾਸਤਾਂ ਸ੍ਰੀ ਸਤਿਗੁਰੂ ਜੀ ਦੇ ਅਤੇ ਲੇਖਕ ਦੇ ਵਿਰੁਧ ਦੇਣੀਆਂ ਸ਼ੁਰੂ ਕੀਤੀਆਂ ਕਿ ਏਹ ਮੈਨੂੰ ਕਤਲ ਕਰਵਾ ਦੇਣਗੇ।

ਜਮੀਨਾਂ ਦੀ ਵੰਡ ਕਰਨ ਤੇ ਸ੍ਰਕਾਰੀ ਤਫਤੀਸ਼

੧੨

ਕਰੀਵਾਲੇ ਦੀ ਅਲਾਟਮੈਂਟ ਤਾਂ ਸ੍ਰਕਾਰ ਨੇ ਕਰ ਦਿਤੀ ਪਰ ਜੇੜੇ ਪੰਜ ਸਤ ਅਲਾਟੀ ਸਣੇ ਬਿਕ੍ਰਮ ਸਿੰਘ ਜੰਜਾਤੇ ਵਾਲੇ, ਜਿਸਦਾ ਵਰਣਨ ਉਪਰ ਆ ਚੁਕਾ ਹੈ, ਪਹਿਲਾਂ ਸ੍ਰਕਾਰ ਪਾਸੋਂ ਜਮੀਨ ਦੀ ਅਲਾਟਮੈਂਟ ਬਾਰੇ ਦਰਖਾਸਤਾਂ ਦੇ ਚੁਕੇ ਸਨ ਓਹਨਾਂ ਨੂੰ ਦੇਵੀ ਲਾਲ ਨੇ ਠੰਢੇ ਨਹੀਂ ਸੀ ਹੋਣ ਦਿਤਾ। ਓਨਾਂ ਵਿਚੋਂ ਕੁਛ ਐਸੇ ਸਨ, ਜਿਨਾਂ ਨੇ ਏਹ ਦਰਖਾ-ਸਤਾਂ ਦੇਣ ਦੀ ਮੁਹਿੰਮ ਜਾਰੀ ਰਖੀ ਕਿ ਸਤਿਗੁਰੂ ਜੀ ਨੇ ਜਮੀਨਾਂ ਦੀ ਅਲਾਟਮੈਂਟ ਵਿਚ ਬਹੁਤ ਹੇਰਾ ਫੇਰੀ ਕੀਤੀ ਹੈ। ਸਾਡੇ ਕਈ ਰਿਸਤੇ-ਦਾਰਾਂ ਦੀਆਂ ਜਮੀਨਾਂ ਖਾ ਗਏ ਹਨ। ਇਨਾਂ ਦੀ ਅਲਾਟਮੈਂਟ ਦੀ ਤਫਤੀਸ਼ ਹੋਣੀ ਚਾਹੀਦੀ ਹੈ। ਦਰਖਾਸਤਾਂ ਤੇ ਹੀ ਨਹੀਂ ਰੁਕੇ, ਜਾ ਜਾਕੇ ਅਫਸਰਾਂ ਨੂੰ ਮਿਲਕੇ ਖ਼ੂਬ ਪੈਰਵੀ ਕੀਤੀ।

ਇਨਾਂ ਦਿਨਾਂ ਵਿਚ ਮੁੜ ਵਸਾਉ ਮਹਿਕਮੇ ਦਾ ਡਾਇਰੈਕਟਰ ਜਨਰਲ ਰੰਧਾਵਾ ਬਦਲ ਚੁਕਾ ਸੀ। ਉਸਦੀ ਜਗਾ ਡਾਇਰੈਕਟਰ ਠਾਕੁਰ ਬਿਕ੍ਰਮ ਸਿੰਘ ਲਗ ਗਏ ਸਨ। ਏਹ ਬੜੇ ਸਖਤ ਸੁਭਾਉ ਵਾਲੇ ਅਫਸਰ ਸਨ। ਮਹਿਕਮੇ ਦੇ ਕਰਮਚਾਰੀ ਇਨਾਂ ਤੋਂ ਡਰਦੇ ਸਨ। ਏਹ

ਕਦ ਕਾਠ ਵਿਚ ਭੀ ਉਚੇ ਲੰਬੇ ਆਕਾਰ ਦੇ ਸਨ। ਕਰਮਚਾਰੀਆਂ ਨੇ ਇਨਾਂ ਦਾ ਨਾਮ "ਰਾਵਣ" ਰਖਿਆ ਹੋਇਆ ਸੀ। ਇਹ ਜਲੰਧਰ ਤੋਂ ਉਚੇਚਾ ਨਾਮਧਾਰੀ ਪਿੰਡਾਂ ਵਿਚ ਸ੍ਰਨਾਰਥੀ ਜਮੀਨਾਂ ਦੀ ਹੋਈ ਅਲਾਟ– ਮੈਂਟ ਦੀ ਤਫਤੀਸ਼ ਕਰਨ ਆਏ ਸਨ। ਏਹ ਰਾਣੀਏ ਠਹਿਰੇ ਹੋਏ ਸਨ ਓਥੇ ਸ੍ਰ. ਅਵਤਾਰ ਸਿੰਘ ਝਬਰ ਜੋ ਸ੍ਰੀ ਸਤਿਗੁਰੂ ਜੀ ਵਲੋਂ ਅਲਾਟ– ਮੈਂਟ ਵਾਸਤੇ ਨਿਯੁਕਤ ਕੀਤੇ ਹੋਏ ਸਨ, ਕਾਰਣ ਵਸ ਗਏ ਹੋਏ ਸਨ। ਓਨਾਂ ਨੂੰ ਪਤਾ ਲਗਾ ਓਹਜਾਕੇ ਮਿਲੇ। ਠਾਕੁਰ ਬਿਕ੍ਰਮ ਸਿੰਘ ਨੇ ਆਖਿਆ ਕਿ ਹੁਣੇ ਮੇਰੇ ਨਾਲ ਬੈਠੋ ਅਤੇ ਚਲਕੇ ਦਿਖਾਓ ਤੁਸੀਂ ਕਿਸ– ਤਰ੍ਹਾਂ ਦੀ ਅਲਾਟਮੈਂਟ ਕੀਤੀ ਹੈ।

ਅਲਾਟਮੈਂਟ ਦਾ ਕੰਮ ਏਡਾ ਵਡਾ ਸੀ ਜਿਸ ਸਾਰੇ ਨੂੰ ਸੰਭਾਲਣਾ ਆਸਾਨ ਨਹੀਂ ਸੀ। ਇਸ ਕੰਮ ਵਾਸਤੇ ਸ੍ਰੀ ਸਤਿਗੁਰੂ ਜੀ ਵਲੋਂ ਬਾਂਗਾ ਰਾਮ ਨਾਮ ਦਾ ਇਕ ਪਟਵਾਰੀ ਨੌਕਰ ਰਖਿਆ ਹੋਇਆ ਸੀ। ਸ੍ਰੀ ਜੀਵਨ ਨਗਰ ਵਡੀ ਡਿਓਢੀ ਤੋਂ ਬਾਹਰ ਆਗਤ ਭਾਗਤ ਵਾਸਤੇ ਛੋਟਾ ਜਿਹਾ ਕਮਰਾ ਬਣਾਇਆ ਹੋਇਆ ਹੈ। ਉਸ ਕਮਰੇ ਵਿਚ ਸਾਰੇ ਕਾਗਜ ਖਿਲਰੇ ਪਏ ਸਨ ਅਤੇ ਬਾਂਗਾਰਾਮ ਕੰਮ ਕਰ ਰਿਹਾ ਸੀ। ਅਚਾਨਕ ਠਾਕੁਰ ਬਿਕ੍ਰਮ ਸਿੰਘ ਅਤੇ ਸ੍ਰ. ਅਵਤਾਰ ਸਿੰਘ ਆਏ। ਠਾਕੁਰ ਨੇ ਇਕ ਕਿਸਮ ਦਾ ਏਹ ਛਾਪਾ ਮਾਰਿਆ ਸੀ। ਉਨਾਂ ਦੇ ਪੁਛਣ ਤੇ ਪਟਵਾਰੀ ਦੇ ਨਾਲ ਹੋਕੇ ਸ੍ਰ. ਅਵਤਾਰ ਸਿੰਘ ਨੇ ਸਭ ਕਾਗਜ ਵਿਖਾਏ। ਕ੍ਰੀਬ ਇਕ ਘੰਟਾ ਕਾਗਜਾਂ ਦੀ ਪੁਣ-ਛਾਣ ਹੁੰਦੀ ਰਹੀ। ਠਾਕੁਰ ਬਿਕ੍ਰਮ ਸਿੰਘ ਦੀ ਐਸੀ ਤਸਲੀ ਹੋਈ, ਸਾਰਾ ਕੁਛ ਦੇਖਕੇ ਉਨਾਂ ਨੇ ਆਖਿਆ ਕਿ ਜਿਸਤਰਾਂ ਦੀ ਨਯਾਯ ਪੂਰਨ ਅਲਾਟਮੈਂਟ ਸ੍ਰੀ ਸਤਿਗੁਰੂ ਜੀ ਨੇ ਕੀਤੀ ਹੈ ਐਸੀ ਅਸੀਂ (ਸ੍ਰਕਾਰ) ਭੀ ਨਹੀਂ ਕਰ ਸਕੇ ਓਹ ਐਸੇ ਪ੍ਰਭਾ- ਵਿਤ ਹੋ ਕੇ ਗਏ ਇਸਤੋਂ ਬਾਦ ਜਲੰਧਰ ਸ੍ਰੀ ਸਤਿਗੁਰੂ ਜੀ ਨੂੰ ਮਿਲੇ ਅਤੇ ਘਰ ਸਦਕੇ ਚਰਨ ਪਵਾਏ। ਏਥੋਂ ਜਾਣ ਲਗੇ ਦਰਖਾਸਤਾਂ ਦੇਣ ਵਾਲਿਆਂ ਨੂੰ ਆਖ ਗਏ ਕਿ ਤੁਹਾਡੀ ਕੋਈ ਗਲ ਸਚੀ ਨਹੀਂ ਨਿਕਲੀ। ਤੁਸੀਂ ਸਭ ਝੂਠੇ ਹੋ।

ਜਮੀਨਾਂ ਮਾਲਕਾਂ ਦੇ ਨਾ ਕਰੌਣੀਆਂ ਅਤੇ ਰੁਕਾਵਟ

੧੩

ਖ੍ਰੀਦਾਰਾਂ ਨੇ ਸ੍ਰੀ ਜੀਵਨ ਨਗਰ ਅਤੇ ਨਾਲ ਲਗਦੇ ਪਿੰਡਾਂ ਵਿਚ ਜੋ ਜਮੀਨਾਂ ਖ੍ਰੀਦੀਆਂ ਸਨ ਓਹ ਅਜੇ ਸ੍ਰੀ ਸਤਿਗੁਰੂ ਜੀ ਦੇ ਨਾਮ ਸਨ। ਜਮੀਨ ਸ੍ਰੀ ਸਤਿਗੁਰੂ ਜੀ ਦੇ ਨਾਮ ਇਸ ਕਰਕੇ ਖ੍ਰੀਦੀ ਗਈ ਸੀ ਕਿ ਹਕ ਸ਼ੁਭਾ ਦਾ ਡਰ ਸੀ ਅਤੇ ਇਸਤੋਂ ਭੀ ਵਡਾ ਕਾਰਣ ਏਹ ਸੀ ਕਿ ਕੇਵਲ ਚੌਥਾ ਹਿਸਾ ਸਾਰੀ ਵਿਚੋਂ ਵਗਦੀ ਜਮੀਨ ਸੀ। ਦੂਜੀ ਬੰਜਰ ਜਾਂ ਬੇਕਾਰ ਪਈ ਹੋਈ ਸੀ। ਚਾਰ ਪੰਜ ਸੌ ਆਦਮੀਆਂ ਨੂੰ ਬਿਨਾਂ ਦੇਖੇ ਜਮੀਨ ਦੀ ਵੰਡ ਕਰਨੀ ਏਹ ਕੁਛ ਪਹਿਲਾਂ ਹੋ ਨਹੀਂ ਸੀ ਸਕਦਾ। ਸ੍ਰੀ ਸਤਿਗੁਰੂ ਜੀ ਇਸਤੇ ਬਹੁਤ ਚਿੰਤਿਤ ਸਨ ਕਿ ਜਿਨਾਂ ਜਿਨਾਂ ਨੇ ਜਮੀਨਾਂ ਜਿਤਨੀਆਂ ਜਿਤਨੀਆਂ ਖ੍ਰੀਦੀਆਂ ਹਨ, ਓਨਾਂ ਦੇ ਨਾਮ ਛੇਤੀ ਲਗ ਜਾਣ। ਜੇ ਨਵੇਂ ਸਿਰੇ ਸਭ ਦੇ ਨਾਮ ਰਜਿਸਟ੍ਰੀਆਂ ਕੀਤੀਆਂ ਜਾਂਦੀਆਂ ਤਦ ਬੇਕਾਰ ਖਰਚਾ ਹੋਣਾ ਸੀ ਅਤੇ ਓਹ ਭੀ ਏਡਾ ਵਡਾ, ਕਿ ਕਈ ਇਸ ਖਰਚੇ ਨੂੰ ਦੇਣ ਦੀ ਸਮਰਥਾ ਨਹੀਂ ਸਨ ਰਖਦੇ। ਵਕੀਲਾਂ ਨੂੰ ਪੁਛਿਆ ਗਿਆ। ਓਨਾਂ ਆਖਿਆ ਕਿ ਖ੍ਰੀਦਾਰਾਂ ਪਾਸੋਂ ਸਤਿਗੁਰੂ ਜੀ ਦੇ ਵਿਰੁਧ ਅਦਾਲਤ ਵਿਚ ਦਾਵੇ ਕਰਵਾ ਦਿਓ ਅਤੇ ਸਤਿਗੁਰੂ ਜੀ ਬਿਆਨ ਦੇ ਦੇਣ। ਇਸ ਨਾਲ ਖ੍ਰੀਦਾਰ ਦੇ ਨਾਮ ਡਿਕਰੀ ਹੋ ਜਾਇਗੀ ਅਤੇ ਓਹ ਮਾਲਕ ਬਣ ਜਾਇਗਾ। ਓਸ ਵੇਲੇ ਸਿੰਘਾਂ ਦੇ ਮਨ ਵਿਚ ਏਹ ਭਾਵਨਾ ਸੀ ਕਿ ਇਹ ਕਿਵੇਂ ਹੋ ਸਕਦਾ ਹੈ ਕਿ ਅਸੀਂ ਆਪਣੇ ਸਤਿਗੁਰੂ ਜੀ ਦੇ ਵਿਰੁਧ ਦਾਵਾ ਕਰੀਏ ? ਇਸ ਕਰਕੇ, ਨਾਮ ਲਗਣ ਵਾਲਾ ਕੰਮ ਲਟਕ ਲਟਕਾਈ ਵਿਚ ਚਲਦਾ ਰਿਹਾ।

ਇਸ ਸੰਬੰਧ ਵਿਚ ਲੁਦਿਹਾਣੇ ਦੇ ਇਕ ਕਾਂਗ੍ਰਸੀ ਵਕੀਲ ਹਰਿ ਭਗਵਾਨ ਨਾਲ ਵੀਚਾਰ ਕੀਤਾ ਗਿਆ। ਓਸਨੇ ਇਕ ਹੋਰ ਬਹੁਤ ਲਾਇਕ ਵਕੀਲ ਅਨੰਦ ਦੇਵ ਕੌਸ਼ਲ ਦੀ ਦਸ ਪਾਈ। ਇਸ ਤੇ ਸ੍ਰੀ ਕੌਸ਼ਲ ਨੂੰ ਮਿਲਕੇ ਸਾਰੀ ਸਥਿਤੀ ਦਸੀ ਗਈ। ਓਨਾਂ ਨੇ ਇਕ ਮਜ-ਮੂਨ ਤਿਆਰ ਕੀਤਾ ਜਿਸ ਵਿਚ ਸ੍ਰੀ ਸਤਿਗੁਰੂ ਜੀ ਵਲੋਂ ਲਿਖਿਆ ਗਿਆ ਕਿ ਇਸ ਇਤਨੀ ਜਮੀਨ ਦਾ ਅਸਲ ਖ੍ਰੀਦਾਰ ਅਮਕਾ ਸਿੰਘ ਹੈ। ਮੇਰੇ ਨਾਮ ਓਸ ਵੇਲੇ ਖ੍ਰੀਦੀ ਗਈ ਸੀ ਦਰਅਸਲ ਓਹ ਹੀ ਇਸਦਾ ਕਾਸ਼ਤਕਾਰ ਅਤੇ ਮਾਲਕ ਹੈ ਮੈਂ ਇਸਤੋਂ "ਬਰਤਰਫ" ਹੁੰਦਾ ਹਾਂ। ਇਸ ਲਿਖਤ ਅਨੁਸਾਰ ਧਰਮਪੁਰੇ ਦੇ ਕੁਛ ਸਿੰਘਾਂ ਦੇ ਨਾਮ ਜਮੀਨਾਂ ਲਗ ਗਈਆਂ ਜੋ ਕਿ ਇਕ ਤਰਾਂ ਦਾ ਰਜਿਸਟਰੀ ਹੋਣ ਵਗਰਾ ਕੰਮ ਹੋ ਗਿਆ ਕਿਉਂਕਿ ਇਹ ਲਿਖਿਤ ਰਜਿਸਟਰ ਵਿਚ ਰਜਿਸਟਰੀ ਦੀ ਤਰਾਂ ਦਰਜ ਹੁੰਦੀ ਸੀ। ਏਸ ਕਾਗਜ (ਬਰਤਰਫ ਨਾਮੇ) ਦੀ ਕੀਮਤ (ਅਸਟਾਮ) ਦਸ ਰੁਪੈ ਸੀ।

ਮੁਲ ਵਾਲੀਆਂ ਜਮੀਨਾਂ ਨਾਮ ਲਗਵਾਉਣ ਦਾ ਕੰਮ ਕੋਈ ਆਸਾਨ ਨਹੀਂ ਸੀ। ਇਸ ਕੰਮ ਵਾਸਤੇ ਕਾਂਸ਼ੀ ਰਾਮ ਨਾਮ ਦਾ ਇਕ ਪਟਵਾਰੀ ਨੌਕਰ ਰਖਿਆ ਹੋਇਆ ਸੀ। ਖ੍ਰੀਦ ਵਾਲੀਆਂ ਅਤੇ ਖ੍ਰੀਦ ਵਾਲੇ ਪਿੰਡਾਂ ਵਿਚ ਅਲਾਟਮੈਂਟ ਵਾਲੀਆਂ ਜਮੀਨਾਂ ਦਾ ਬੜਾ ਉਲਝਿਆ ਹੋਇਆ ਮਸਲਾ ਸੀ। ਭਾਵੇਂ ਮੌਕੇ ਤੇ ਸਭ ਮਾਲਕ ਅਤੇ ਅਲਾਟੀ ਆਪਣੀ ਪੂਰੀ ਪੂਰੀ ਜਮੀਨ, ਮਾਲਕ ਦੇ ਅਧਿਕਾਰ ਰਖਦੇ ਹੋਏ ਕਾਸ਼ਤ ਕਰੀ ਜਾ ਰਹੇ ਸਨ। ਪਰ ਕਾਗਜਾਂ ਵਿਚ ਸਭ ਹਿਸਾਬ ਪੂਰਾ ਕਰਕੇ ਹਰ ਇਕ ਦੇ ਨਾਮ ਜਮੀਨ ਲਗਾਉਣੀ ਬੜਾ ਕਠਿਨ ਕੰਮ ਸੀ। ਪਟਵਾਰੀ ਕਾਂਸ਼ੀਰਾਮ ਕਈ ਸਾਲ ਸ੍ਰੀ ਸਤਿਗੁਰੂ ਜੀ ਪਾਸ ਰਿਹਾ। ਰਹਿੰਦੇ ਰਹਿੰਦੇ ਉਸਦੀ ਨੀਯਤ ਠੀਕ ਨ ਰਹੀ। ਕਈ ਸੁਾਰਥੀਆਂ ਨੇ ਆਪਣੀਆਂ ਚੰਗੀਆਂ ਨਹਿਰੀ ਜਮੀਨਾਂ ਦੇ ਨੰਬਰ ਜੋਕਿ ਆਪਸ ਵਿਚ ਕੀਤੀ ਵੰਡ ਅਨੁਸਾਰ ਓਨਾਂ ਦੇ ਨਹੀਂ ਸਨ ਬਣਦੇ, ਕਾਂਸ਼ੀਰਾਮ ਨਾਲ ਮਿਲਕੇ ਆਪਣੇ ਨਾਮ ਪਵਾ ਲਏ।

ਓਧਰ, ਦੇਵੀ ਲਾਲ ਨੂੰ ਪਤਾ ਲਗ ਗਿਆ ਕਿ ਜਮੀਨ ਨਾਮ ਲਗ-ਵੌਣ ਦਾ ਕੰਮ ਸ਼ੁਰੂ ਹੋ ਗਿਆ ਹੈ ਅਤੇ ਇਹ ਕੇਵਲ ਦਸ ਰੁਪੈ ਦੇ ਖਰਚੇ ਨਾਲ ਹੀ ਇਕ ਖਰੀਦਾਰ ਦੇ ਨਾਮ ਲਗਾਈ ਜਾਂਦੀ ਹੈ। ਸਰਸੇ ਓਸ ਵੇਲੇ ਵਡਾ ਤਸੀਲਦਾਰ ਸ੍ਰ. ਹਰਦਿਆਲ ਸਿੰਘ ਸੀ। ਦੇਵੀ ਲਾਲ ਨੇ ਆਖਕੇ ਇਸ ਬਰਤਰਫ ਨਾਮੇ ਵਾਲੀ ਕਾਰਵਾਈ ਰੋਕ ਦਿਤੀ। ਭਾਵੇਂ ਕਾਨੂੰਨੀ ਪਖ ਤੋਂ ਇਹ ਸਾਰਾ ਕੁਛ ਠੀਕ ਸੀ ਪਰ, ਇਸ ਰੋਕ ਨੂੰ ਦੂਰ ਕਰਨ ਵਾਸਤੇ, ਸ੍ਰਕਾਰ ਦੇ ਵਿਰੁਧ ਹਾਈਕੋਰਟ ਵਿਚ ਜਾਂ ਹੋਰ ਕਿਥੇ ਕਿਥੇ ਦਾ ਅਵੇ ਕਰਕੇ ਤਕੜੀ ਲੜਾਈ ਲੜਨੀ ਪੈਣੀ ਸੀ। ਓਧਰ ਓਸ ਵੇਲੇ ਦੇਵੀ ਲਾਲ ਦੇ ਕਾਰਨ ਪੰਜਾਬ ਦੇ ਮੁਖ ਮੰਤ੍ਰੀ ਸ੍ਰ. ਪ੍ਰਤਾਪ ਸਿੰਘ ਕੈਰੋਂ ਸ੍ਰੀ ਸਤਿਗੁਰੂ ਜੀ ਅਤੇ ਨਾਮਧਾਰੀਆਂ ਦੇ ਵਿਰੁਧ ਵੀਚਾਰ ਬਣਾ ਬੈਠੇ ਸਨ। ਇਹ ਓਹੀ ਸ੍ਰ. ਪ੍ਰਤਾਪ ਸਿੰਘ ਕੈਰੋਂ ਸੀ ਜਿਸਨੇ ਦੇਸ਼ ਵੰਡਾਰਾ ਹੰਦੇ ਹੀ ਆਖਿਆ ਸੀ, ਕੂਕਿਓ 'ਤੁਸੀਂ ਸਚੇ, ਤੁਸੀਂ ਸਚੇ, ਤੁਸੀਂ ਸਚੇ, ਇਹ ਕਲਮ ਤੁਹਾਡੀ ਹੈ।

ਸਮਾਂ ਅਣ-ਸੁਖਾਵੇਂ ਝੁਕਾਓ ਵਲ

੧੪

ਜਦੋਂ ਕਿਸੇ ਦਾ ਮਨ ਟਿਕਾਣੇ ਤੋਂ ਹਿਲ ਜਾਵੇ ਤਾਂ ਉਸ ਨੂੰ ਕੋਈ ਗਲ ਆਖੀ ਅਸਰ ਨਹੀਂ ਕਰਦੀ। ਸ੍ਰੀ ਜੀਵਨ ਨਗਰ ਇਲਾਕੇ ਦੇ ਪਿੰਡਾਂ ਵਿਚੋਂ ਕਈ ਸਿੰਘ, ਏਨਾਂ ਕੁਛਕੁ ਬੇ-ਸਰਧਕ ਹੋ ਚੁਕੇ ਹੋਏ ਨਾਮਧਾਰੀਆਂ ਦੀਆਂ ਕਰਤੂਤਾਂ ਤੋਂ ਬੜੇ ਅਵਾਜਾਰ ਸਨ। ਬੜੇ ਬੜੇ ਸਿਆਣੇ ਬੰਦਿਆਂ ਨੇ ਘਸੀਟਾ ਸਿੰਘ ਨੂੰ ਸਮਝਾਇਆ, ਪਰ ਓਹ ਐਸੀ ਸ਼ਹਿ ਤੇ ਲਗਾ ਹੋਇਆ ਸੀ ਕਿ ਕਿਸੇ ਦੀ ਆਖੀ ਕੋਈ ਗ਼ਲ ਉਸ ਤੇ ਅਸਰ ਨਹੀਂ ਸੀ ਕਰਦੀ। ਜੋ ਅਲਾਟਮੈਂਟ ਵਾਲੀ ਜਮੀਨ ਵਾਧੂ(ਦੁਗਣੀ) ਕਾਗਜ਼ਾਂ ਵਿਚ ਉਸਦੇ ਨਾਮ ਸੀ ਓਹ ਲੈਣ ਵਾਸਤੇ ਓਸਨੇ ਮੁਹਿੰਮ ਚਲਾ ਰਖੀ ਹੋਈ ਸੀ। ਇਧਰ, ਇਥੋਂ ਦੀ ਸਾਧ ਸੰਗਤ

ਨੇ ਮਿਲਕੇ ਜੋ ਫੈਸਲਾ ਕੀਤਾ ਸੀ, ਓਹ ਓਸਨੂੰ ਪੂਰੀਤਰਾਂ ਬਹਾਲ ਰਖਣਾ ਚਾਹੁੰਦੇ ਸਨ। ਫੈਸਲਾ ਕਰਨ ਵੇਲੇ ਘਸੀਟਾ ਸਿੰਘ ਭੀ ਨਾਲ ਸੀ। ਇਸ ਜਮੀਨ ਦੇ ਲੈਣ ਵਾਸਤੇ ਘਸੀਟਾ ਸਿੰਘ ਨੇ ਡਾਂਗ ਸੋਟੇ ਨਾਲ ਇਕ ਲੜਾਈ ਭੀ ਕੀਤੀ। ਸਾਧ ਸੰਗਤ ਵਾਲੇ ਪਾਸੇ ਕੰਧਾਰਾ ਸਿੰਘ ਵਰਨ ਗੁਰਬਖਸ਼ ਸਿੰਘ ਨੰਬੜਦਾਰ(ਕਕੜ ਜਿਲਾ ਲਾਇਲਪੁਰ) ਆਦਿ ਸਨ। ਕੰਧਾਰਾ ਸਿੰਘ ਦੀ ਉਂਗਲ ਤੇ ਕਾਫੀ ਸਟ ਵਜੀ। ਠਾਣੇ ਜਾਕੇ ਪਰਚਾ ਦਰਜ ਕਰਵਾਇਆ ਜੋ ਕਿ ਧਾਰਾ ੩੨੩-੨੪ ਦੇ ਅਧੀਨ ਹੋਇਆ। ਇਸ ਲੜਾਈ ਹੋਣ ਵੇਲੇ ਸ੍ਰੀ ਸਤਿਗੁਰੂ ਜੀ ਸ੍ਰੀ ਜੀਵਨ ਨਗਰ ਨਹੀਂ ਸਨ। ਕੰਧਾਰਾ ਸਿੰਘ ਦੇ ਕੁਛ ਸਾਥੀਆਂ ਨੇ ਆਖਿਆ ਕਿ ਜਿਤਨਾਂ ਚਿਰ ਘਸੀਟਾ ਸਿੰਘ ਨੂੰ ਕੁਛ ਪੀੜ ਨਹੀਂ ਹੁੰਦੀ, ਓਨਾਂ ਚਿਰ ਏਹ ਨਹੀਂ ਟਲਦਾ। ਏਹ ਸੋਚਕੇ ਓਨਾਂ ਕੰਧਾਰਾ ਸਿੰਘ ਦੀ ਉਂਗਲ ਤੇ ਜਖਮ ਹੋਰ ਡੂੰਘਾ ਕਰ ਦਿਤਾ ਅਤੇ ਐਕਸਰੇ ਕਰਵਾਕੇ ਧਾਰਾ ੩੨੬ ਲਗਵਾ ਦਿਤੀ। ਇਸ ਤੋਂ ਘਸੀਟਾ ਸਿੰਘ ਦਾ ਲੜਕਾ ਸਰਜੀਤ ਸਿੰਘ ਜੋ ਲੜਾਈ ਦੇ ਵਿਚ ਸੀ, ਗ੍ਰਿਫਤਾਰ ਹੋ ਗਿਆ। ਅਤੇ ਉਸਦੀ ਜਮਾਨਤ ਹੋਣੀ ਅਸੰਭਵ ਹੋ ਗਈ। ਜਦੋਂ ਏਹ ਖਬਰ ਸ੍ਰੀ ਸਤਿਗੁਰੂ ਜੀ ਪਾਸ ਪਹੁੰਚੀ ਤਦ ਓਨਾਂ ਹੁਕਮ ਦਿਤਾ ਕੋਈ ਝੂਠ ਨਾ ਲਿਖਾਓ। ਇਸ ਹੁਕਮ ਅਨੁਸਾਰ ਧਾਰਾ ੩੨੬ ਵਾਲੀ ਕਾਰਵਾਈ ਵਾਪਸ ਕਰਵਾਈ ਗਈ ਅਤੇ ਘਸੀਟਾ ਸਿੰਘ ਦੇ ਲੜਕੇ ਦੀ ਜਮਾਨਤ ਹੋ ਗਈ। ਘਸੀਟਾ ਸਿੰਘ ਨੇ ਜਮਾਨਤਾਂ ਦੀਆਂ ਦਰਖਾਸਤਾਂ ਦੀ ਮੁਹਿੰਮ ਚਲਾ ਦਿਤੀ। ਕੰਧਾਰਾ ਸਿੰਘ ਅਤੇ ਉਸਦੇ ਪਰਿਵਾਰ ਨੂੰ ਖਾਸ ਕਰਕੇ ਨਿਸ਼ਾਨਾ ਬਣਾਇਆ। ਏਹ ਇਕ ਕੇਸ ਵਿਚੋਂ ਨਿਕਲਦੇ,ਓਹ ਹੋਰ ਝੂਠੀ ਦਰਖਾ-ਸਤ ਦੇਕੇ ਝਟ ਦੂਜੇ ਕੇਸ ਵਿਚ ਫਸਾ ਦਿੰਦਾ। ਏਨਾਂ ਦੀ ਸੁਣਵਾਈ ਨਹੀਂ ਸੀ ਹੁੰਦੀ ਕਿਉਂਕਿ ਦੇਵੀ ਲਾਲ ਦੇ ਇਸ਼ਾਰੇ ਤੇ ਪੋਲੀਸ ਇਨਾਂ ਨੂੰ ਝਟ ਅੰਦਰ ਕਰ ਦਿੰਦੀ ਸੀ। ਇਨਾਂ ਨੂੰ ਏਨਾਂ ਤੰਗ ਕੀਤਾ ਕਿ ਏਹ ਗ਼ੀਬ ਹਰ ਰੋਜ ਸਰਸੇ ਹੀ ਰਹਿਣ ਜਾਂ ਰਾਣੀਏ ਠਾਣੇ।

ਸ੍ਰੀ ਜੀਵਨ ਨਗਰ ਨਹਿਰ ਦੇ ਪੁਲ ਦੇ ਨੇੜੇ ਇਕ ਕਿਕਰ ਸੀ ਸ੍ਰੀ ਜੀਵਨ ਨਗਰ ਜਮੀਨਾਂ ਦਾ ਜਦੋਂ ਸਾਝੇ ਰੂਪ ਵਿਚ ਕਬਜਾ ਲਿਆ ਸੀ, ਤਾਂ ਓਸ ਕਿਕਰ ਨਾਲ ਇਕ ਫਟਾ ਲਗਾ ਦਿਤਾ ਸੀ। ਜਿਸ ਉਪਰ ਲਿਖਿਆ ਹੋਇਆ ਸੀ ਕਿ ਇਸ ਨਾਮਧਾਰੀ ਇਲਾਕੇ ਵਿਚ ਕੋਈ ਸ਼ਿਕਾਰ ਨਾ ਖੇਡੇ।

ਜਿਨਾਂ ਨੂੰ ਇਹ ਚੁਕ ਸੀ ਕਿ ਸ੍ਰੀ ਸਤਿਗੁਰੂ ਜੀ ਦੇ ਖਿਲਾਫ ਕੁਛ ਨਾ ਕੁਛ ਕਰੀ ਜਾਣਾ ਹੈ, ਓਹ ਬਦਅਮਨੀ ਫੈਲਾਉਣ ਅਤੇ ਨਿਯਮਾ ਵਿਰੁਧ ਕੁਛ ਨਾ ਕਛ ਕਰਦੇ ਰਹਿਣ ਦੀ ਤਾਕ ਵਿਚ ਸਦਾ ਰਹਿੰਦੇ ਸਨ। ਪੰਡੋਰੀ ਵਾਲੇ ਤੇਜਾ ਸਿੰਘ ਜੋ ਬਾਬਾ ਆਸਾ ਸਿੰਘ ਢੋਟੀਆਂ ਵਾਲੇ ਦੇ ਲੜਕੇ ਸੰਮਾਂ ਸਿੰਘ ਦੇ ਸਬੰਧੀ ਸਨ। ਓਨਾਂ ਦੇ ਪਰਿਵਾਰ ਵਿਚੋਂ ਇਕ ਨੇ ਸੰਤ ਨਗਰ ਬਾਹਰ ਖੇਤਾਂ ਵਿਚ ਗੋਲੀ ਮਾਰਕੇ ਇਕ ਹਰਨ ਮਾਰ ਦਿਤਾ। ਓਸ ਦਿਨ ਸ੍ਰੀ ਸਤਿਗੁਰੂ ਜੀ ਸ੍ਰੀ ਜੀਵਨ ਨਗਰ ਨਹੀਂ ਸਨ। ਇਸ ਹਰਨ ਮਾਰਨ ਤੇ ਬਹੁਤ ਗਰਮਾ ਗਰਮੀ ਹੋਈ। ਲੜਾਈ ਤਾਂ ਨਾ ਹੋਈ ਪਰ ਹੁੰਦੀ ਹੁੰਦੀ ਟਲ ਗਈ। ਪੰਡੋਰੀ ਵਾਲੇ ਭੀ ਘਸੀਟਾ ਸਿੰਘ ਦੇ ਸਾਥੀ ਬਣੇ ਹੋਏ ਸਨ। ਏਨਾਂ ਸਰਸੇ ਜਾਕੇ ਅਫਸਰਾਂ ਨੂੰ ਆਖਿਆ ਕਿ ਏਹ ਨਾਮਧਾਰੀ ਕੌਣ ਹੁੰਦੇ ਹਨ ਸ਼ਿਕਾਰ ਰੋਕਨ ਵਾਲੇ। ਇਸ ਤੇ ਹਿਸਾਰ ਤੋਂ ਐਸ. ਪੀ ਅਤੇ ਕੁਛ ਹੋਰ ਅਫਸਰ ਸਰਸੇ ਤੋਂ ਚਲਕੇ ਸ੍ਰੀ ਜੀਵਨ ਨਗਰ ਆਏ। ਇਤਫਾਕ ਨਾਲ ਸ੍ਰੀ ਸਤਿਗੁਰੂ ਜੀ ਭੀ ਸ੍ਰੀ ਜੀਵਨ ਨਗਰ ਦਰਸ਼ਨ ਦੇ ਰਹੇ ਸਨ। ਓਨਾਂ ਆਕੇ ਅੰਦਰ ਖਬਰ ਭੇਜੀ। ਸ੍ਰੀ ਸਤਿਗੁਰੂ ਸਚੇ ਪਾਤਸ਼ਾਹ ਜੀ ਬਾਹਰ ਆਕੇ ਮਿਲੇ। ਐਸ. ਪੀ. ਨੇ ਆਖਿਆ ਕਿ ਕਿਸੇ ਜਗਾ ਸ਼ਿਕਾਰ ਖੇਡਣ ਤੋਂ ਰੋਕਣ ਦਾ ਅਧਿਕਾਰ ਸ੍ਰਕਾਰ ਨੂੰ ਹੀ ਹੈ। ਫੇਰ ਜੇ ਕੋਈ ਆਪਣੇ ਖੇਤਾ ਵਿਚ ਖੇਡਦਾ ਹੈ ਤਾਂ ਤੁਸੀਂ ਓਸਨੂੰ ਨਹੀਂ ਰੋਕ ਸਕਦੇ। ਤੁਸੀਂ ਏਥੇ ਏਸ ਤਰਾਂ ਕਿਉਂ ਕਰਦੇ ਹੋ ?

ਸ੍ਰੀ ਸਤਿਗੁਰੂ ਜੀ ਨੇ ਉਤਰ ਦਿਤਾ ਕਿ ਜੋ ਕੁਛ ਸਾਡੇ ਧਰਮ ਦੇ ਵਿਰੁਧ ਹੈ, ਓਹ ਅਸੀਂ ਕਿਸੇ ਹਾਲਤ ਵਿਚ ਭੀ ਨਹੀਂ ਹੋਣ ਦਿਆਂਗੇ। ਇਸ ਤੋਂ ਅਗੇ ਸ੍ਰੀ ਸਤਿਗੁਰੂ ਜੀ ਤੇਜੀ ਵਿਚ ਹੋਕੇ ਬਚਨ ਕੀਤਾ ਕਿ ਮੈਂ ਉਸ ਵੇਲੇ ਏਥੇ ਨਹੀਂ ਸਾਂ। ਨਹੀਂ ਤਾਂ ਜਿਸਨੇ ਹਰਨ ਮਾਰਿਆ ਹੈ, ਮੈਂ ਓਸਨੂੰ ਆਪ ਗੋਲੀ ਮਾਰ ਦੇਣੀ ਸੀ।

ਐਸ. ਪੀ. ਅਤੇ ਐਸ. ਡੀ: ਐਮ. ਸਰਸਾ ਅਤੇ ਕੁਛ ਹੋਰ ਅਫਸਰ ਉਸ ਵੇਲੇ ਸ੍ਰੀ ਸਤਿਗੁਰੂ ਜੀ ਦਾ ਲਾਲ ਚੇਹਰਾ ਅਤੇ ਤੇਜੀ ਵਾਲੇ ਬਚਨ ਸੁਣਕੇ ਠਰ ਗਏ। ਓਨਾਂ ਵਿਚੋਂ ਕੋਈ ਕੁਸਕਿਆ ਨਹੀਂ। ਠੰਢੇ ਹੋਕੇ ਸਭ ਵਾਪਸ ਚਲੇ ਗਏ।

ਵਰਤਮਾਨ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਅਤੇ ਏਨਾਂ ਸਤਰਾਂ ਦਾ ਲੇਖਕ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਆਗਿਆ ਅਨੁਸਾਰ ਸ੍ਰ. ਪ੍ਰਤਾਪ ਸਿੰਘ ਕੈਰੋਂ ਨੂੰ ਜਾਕੇ ਮਿਲੇ ਓਸਨੂੰ ਏਥੋਂ ਦੀ ਸਾਰੀ ਸਥਿਤੀ ਦੀ ਜਾਣਕਾਰੀ ਦਿਤੀ। ਪਰ ਉਸਦੇ ਤੌਰ ਬਦਲੇ ਹੋਏ ਸਨ। ਓਹ ਦੇਵੀ ਲਾਲ ਦੇ ਵਿਰੁਧ ਕੋਈ ਗਲ ਸੁਣਨ ਨੂੰ ਤਿਆਰ ਨਹੀਂ ਸੀ।

ਉਤਰੀ ਘਘਰ ਨਹਿਰ ਤੇ ਸ੍ਰੀ ਜੀਵਨ ਨਗਰ ਤੋਂ ਲੈਕੇ ਓਟੂ ਹੈਡ ਤਕ ਨਹਿਰ ਦੀ ਪਟੜੀ ਤੇ ਫਾਟਕ ਲਗੇ ਹੋਏ ਸਨ। ਇਨਾਂ ਦੀ ਚਾਬੀ (ਮਾਸਟਰ ਕੀ) ਸ੍ਰਕਾਰ ਵਲੋਂ ਸ੍ਰੀ ਸਤਿਗੁਰੂ ਜੀ ਨੂੰ ਮਿਲੀ ਹੋਈ ਸੀ। ਸ੍ਰੀ ਜੀਵਨ ਨਗਰ ਤੋਂ ਸਰਸੇ ਜਾਣ ਵਾਸਤੇ ਓਟੂ ਤਕ ਕਾਰ ਦਾ ਰਸਤਾ ਕੇਵਲ ਨਹਿਰ ਦੀ ਪਟੜੀ ਹੀ ਹੁੰਦੀ ਸੀ। ਇਕ ਦਿਨ ਸਰਸੇ ਦੇ ਐਸ. ਡੀ. ਐਮ. ਚੌ. ਭੀਮ ਸਿੰਘ ਅਤੇ ਡੀ. ਐਸ. ਪੀ ਸ੍ਰ. ਬਹਾਲ ਸਿੰਘ ਇਕਠੇ ਹੀ ਕਰੀਵਾਲੇ ਵਲੋਂ ਦੌਰਾ ਕਰਦੇ ਆਏ ਸ੍ਰੀ ਜੀਵਨ ਨਗਰ ਦੇ ਪਾਸ ਵਾਲੇ ਨਹਿਰ ਦੇ ਫਾਟਕ ਦੀ ਚਾਬੀ ਲੈਣ ਵਾਸਤੇ ਸ੍ਰੀ ਜੀਵਨ ਨਗਰ ਆਏ। ਸ੍ਰੀ ਸਤਿਗੁਰੂ ਸਚੇ ਪਾਤਸ਼ਾਹ ਜੀ ਏਥੇ ਹੀ ਸਨ। ਇਹ ਦੋਵੇਂ ਅਫਸਰ ਸ੍ਰੀ ਸਤਿਗੁਰੂ ਜੀ ਨੂੰ ਮਿਲੇ। ਕਿਉਂਕਿ ਘਸੀਟਾ ਸਿੰਘ ਬਾਰ ਬਾਰ ਸ੍ਰੀ ਸਤਿਗੁਰੂ ਜੀ ਅਤੇ ਲੇਖਕ ਦੇ ਵਿਰੁਧ ਦਰਖਾਸਤਾਂ ਦੇਈ ਜਾ ਰਿਹਾ ਸੀ ਇਸ

ਸਬੰਧ ਵਿਚ ਗਲ ਬਾਤ ਚਲ ਪਈ। ਸ੍ਰੀ ਸਤਿਗੁਰੂ ਸਚੇ ਪਾਤਸ਼ਾਹ ਜੀ ਨੇ ਦੋਹਾਂ ਅਫਸਰਾਂ ਨਾਲ ਬੜੀ ਤੇਜ਼ੀ ਵਿਚ ਬਚਨ ਕੀਤੇ ਅਤੇ ਆਖਿਆ ਕਿ ਘਸੀਟਾ ਸਿੰਘ ਏਨੀਆਂ ਝੂਠੀਆਂ ਦਰਖਾਸਤਾਂ ਦੇਈ ਜਾ ਰਿਹਾ ਹੈ ਤੁਸੀਂ ਇਸ ਸੰਬੰਧ ਵਿਚ ਕੀ ਕਰ ਰਹੇ ਹੋ ? ਏਸ ਮੁਲਾਕਾਤ ਤੋਂ ਪਹਿਲੋਂ ਚੌ: ਭੀਮ ਸਿੰਘ ਕੁਛ ਅਸਹਿਮਤੀ ਵਾਲੇ ਵੀਚਾਰ ਰਖਦਾ ਸੀ। ਇਸ ਦਿਨ ਤੋਂ ਓਹ ਐਸਾ ਪ੍ਰਭਾਵਿਤ ਹੋਇਆ ਕਿ ਸ੍ਰੀ ਸਤਿਗੁਰੂ ਜੀ ਬਾਰੇ ਮਨ ਵਿਚ ਸ਼ਰਧਾ ਧਾਰਨ ਕਰ ਲਈ। ਸ੍ਰ. ਬਹਾਲ ਸਿੰਘ ਡੀ. ਐਸ. ਪੀ. ਦੇਵੀ ਲਾਲ ਦੇ ਭਰਾ ਸਾਹਿਬ ਰਾਮ ਨਾਲ ਬਹੁਤ ਨੇੜ ਰਖਦਾ ਸੀ। ਪਰ ਏਹ ਭੀ ਉਸ ਦਿਨ ਤੋਂ ਬਾਦ ਬਹੁਤ ਸਹਯੋਗ ਵਾਲਾ ਵਰਤਾਓ ਕਰਦਾ ਰਿਹਾ।

ਪਿਛਲੇ ਕ੍ਰੀਬ ਪੰਜਾਂ ਸਾਲਾਂ ਵਿਚ ਦੇਵੀ ਲਾਲ ਆਦਿਕ ਸ੍ਵਾਰਥੀ ਕਾਂਗ੍ਰਸੀਆਂ ਨੇ ਕਾਂਗ੍ਰਸ ਹਾਈ ਕਮਾਂਡ ਵਿਚ ਸ੍ਰੀ ਸਤਿਗੁਰੂ ਜੀ ਦੇ ਵਿਰੁਧ ਇਹ ਹਵਾ ਫੈਲਾਓਣ ਦਾ ਭਰਪੂਰ ਜਤਨ ਕੀਤਾ ਕਿ ਏਹ ਕਾਂਗ੍ਰਸ ਦੇ ਵਿਰੁਧ ਹਨ। ਸ੍ਰੀ ਸਤਿਗੁਰੂ ਜੀ ਨੂੰ ਸਭ ਤੋਂ ਵਧ ਏਹ ਨਾਰਾਜਗੀ ਸੀ ਕਿ ਅਸੀਂ ਹੁਣ ਤਕ ਕਾਂਗ੍ਰਸ ਤੋਂ ਬਿਨਾਂ ਕਿਸੇ ਰਾਜਨੀਤਿਕ ਪਾਰਟੀ ਦਾ ਸਾਥ ਨਹੀਂ ਦਿਤਾ। ਫੇਰ ਸਾਡੇ ਵਿਰੁਧ ਇਹ ਗਲ ਕਿਓਂ ਆਖੀ ਜਾਂਦੀ ਹੈ ?

ਲੋਕ ਸਭਾ ਦੇ ਇਸ ਹਲਕੇ ਦੀ ਮਧਕਾਲੀ ਚੋਣ

੧੫

ਪਾਰਲੀਮੈਂਟ ਦੇ ਨਾਮਧਾਰੀ ਮੈਂਬਰ ਸ੍ਰਦਾਰ ਆਤਮਾ ਸਿੰਘ ਜੀ ਰਾਵਲ ਪਿੰਡੀ ਵਾਲੇ ੭ ਜਨਵਰੀ ਸਨ ੧੯੫੪ ਈ: ਨੂੰ ਚੜ੍ਹਾਈ ਕਰ ਗਏ। ਓਹ ਸੀਟ ਖਾਲੀ ਹੋ ਗਈ। ਸ੍ਰੀ ਸਤਿਗੁਰੂ ਜੀ ਨੇ ਜਤਨ ਕੀਤਾ ਕਿ ਏਹ ਸੀਟ ਨਾਮਧਾਰੀ ਨੂੰ ਹੀ ਮਿਲੇ। ਕਿਉਂ ਕਿ ਕਾਂਗ੍ਰਸ ਪਾਰਟੀ ਨੇ ਆਪਣਾ ਏਹ ਨਿਯਮ ਆਪ ਹੀ ਭੰਗ ਕਰ ਦਿਤਾ ਸੀ ਕਿ ਪੁਰਾਣੇ ਕਾਂਗ੍ਰਸੀਆਂ ਤੋਂ ਬਿਨਾ ਕਾਂਗ੍ਰਸ ਟਿਕਟ ਹੋਰ ਕਿਸੇ ਨੂੰ ਨਹੀਂ ਦੇਣੀ। ਪੰਜਾਬ ਦੇ ਅਕਾਲੀ ਪਾਰਟੀ ਦੇ ਮੰਤ੍ਰੀ ਸ੍ਰ. ਸਵਰਨ ਸਿੰਘ ਭਾਰਤ ਆਜ਼ਾਦ ਹੋਣ ਤੋਂ ਬਾਦ ਝਟ ਕਾਂਗ੍ਰਸੀ ਬਣਕੇ ਖਦਰ ਦੇ ਲੀੜੇ ਪਾਕੇ ਪੰਜਾਬ ਮੰਤ੍ਰੀ ਮੰਡਲ ਵਿਚ ਸ਼ਾਮਲ ਹੋਏ। ਮਜੀਠੀਆਂ ਦਾ ਅੰਗਰੇਜ਼ ਪ੍ਰਸਤ ਖਾਨਦਾਨ ਸੀ ਜੋ ਕਿਸੇ ਤੋਂ ਛੁਪਿਆ ਨਹੀਂ ਹੋਇਆ ਸੀ। ਏਹ ਲੋਕ ਓਹ ਸਨ ਜਿਨਾਂ ਚੋਧ ਦੇ ਗਦਰ(ਸਨ ੧੮੫੭ ਦੇ ਗਦਰ)ਵਿਚ ਦੇਸ਼ ਭਗਤਾਂ ਵਿਰੁਧ ਅੰਗਰੇਜਾਂ ਦੀ ਭਰਪੂਰ ਸਹਾਇਤਾ ਕੀਤੀ ਸੀ। ਇਨਾਂ ਦੇ ਪ੍ਰਵਾਰ ਵਿਚੋਂ ਸ੍ਰ. ਸਰਜੀਤ ਸਿੰਘ ਮਜੀਠੀਆ ਜੋ ਅੰਗਰੇਜ਼ੀ ਸ੍ਰਕਾਰ ਵੇਲੇ ਹਵਾਈ ਸੈਨਾਂ ਵਿਚ ਸਨ, ਨੂੰ ਲੋਕ ਸਭਾ ਲਈ ਕਾਂਗ੍ਰਸ ਟਿਕਟ ਮਿਲੀ ਅਤੇ ਰਾਜ ਰਖਿਆ ਮੰਤ੍ਰੀ ਨਿਯੁਕਤ ਕੀਤੇ ਗਏ।

ਸ੍ਰ. ਆਤਮਾ ਸਿੰਘ ਜੀ ਵਾਲੀ ਸੀਟ ਵਾਸਤੇ ਸ੍ਰੀ ਸਤਿਗੁਰੂ ਜੀ ਵਲੋਂ ਸੇਠ ਸੁਹੇਲ ਸਿੰਘ ਧੀਰ ਦਾ ਨਾਮ ਪੇਸ਼ ਕੀਤਾ ਗਿਆ। ਸ੍ਰੀ ਸਤਿਗੁਰੂ ਜੀ ਵਲੋਂ ਦਸਿਆ ਗਿਆ ਕਿ ਏਹ ਓਸ ਖਾਨਦਾਨ ਵਿਚੋਂ ਹਨ ਜਿਨਾਂ ਨੇ ਸਿਆਮ ਵਿਚ ਆਜ਼ਾਦ ਹਿੰਦ ਫੌਜ ਵਿਚ ਭਰਪੂਰ ਯੋਗ-ਦਾਨ ਪਾਇਆ। ਪਰ ਕਾਂਗ੍ਰਸ ਹਾਈ ਕਮਾਂਡ ਵਿਚ ਜੋ ਹਵਾ ਫੈਲਾਈ ਗਈ ਸੀ ਓਹ ਇਸ ਗਲ ਤੇ ਅੜ ਗਏ ਕਿ ਸੁਹੇਲ ਸਿੰਘ ਨੇ ਪਿਛਲੇ

ਜੀਵਨ ਵਿਚ ਦੇਸ਼ ਸੇਵਾ ਵਿਚ ਕੋਈ ਹਿਸਾ ਨਹੀਂ ਪਾਇਆ, ਇਸ ਕਰਕੇ ਏਹ ਇਸ ਟਿਕਟ ਦਾ ਅਧਿਕਾਰੀ ਨਹੀਂ ਬਣ ਸਕਦਾ। ਹੋਰ ਤਾਂ ਹੋਰ ਗਿ: ਗੁਰਮੁਖ ਸਿੰਘ ਮੁਸਾਫਿਰ ਦੇ ਤੌਰ ਐਸੇ ਬਦਲੇ ਜਦੋਂ ਜਾਕੇ ਓਨਾਂ ਨੂੰ ਆਖਿਆ ਤਾਂ ਏਹ ਜਵਾਬ ਦਿਤਾ ਕਿ ਸੁਹੇਲ ਸਿੰਘ ਦਾ ਨਾਮ ਕੰਨਾਂ ਨੂੰ ਅਪੀਲ ਨਹੀਂ ਕਰਦਾ। ਬਲਵੰਤ ਰਾਇ ਮਹਿਤਾ ਕਾਂਗ੍ਰਸ ਦੇ ਜਨਰਲ ਸੈਕਟਰੀ ਸਨ, ਏਨਾਂ ਨੂੰ ਭੀ ਸਾਰਾ ਕੁਛ ਚੰਗੀਤਰਾਂ ਦਸਿਆ ਕਿ ਤੁਸਾਂ ਓਨਾਂ ਆਦਮੀਆਂ ਨੂੰ ਟਿਕਟ ਦਿਤੇ ਹਨ ਜੋ ਕਦੇ ਕਾਂਗ੍ਰਸ ਵਿਚ ਨਹੀਂ ਸਨ। ਨਾਮਧਾਰੀਆਂ ਨੇ ਹੁਣਤਕ ਕਾਂਗ੍ਰਸ ਦਾ ਸਾਥ ਦਿਤਾ ਹੈ ਏਹ ਸਤਿਗੁਰੂ ਪ੍ਰਤਾਪ ਸਿੰਘ ਜੀ ਕਰਕੇ ਹੀ ਹੈ ਅਤੇ ਓਨਾਂ ਵਲੋਂ ਹੁਣ ਸੁਹੇਲ ਸਿੰਘ ਉਮੀਦਵਾਰ ਬਣਾਇਆ ਜਾਣ ਲਈ ਟਿਕਟ ਦਿਤੀ ਜਾਵੇ। ਬਹੁਤ ਕੁਛ ਆਖਿਆ ਪਰ ਕੋਈ ਅਸਰ ਨਹੀਂ ਕੀਤਾ। ਟਿਕਟ ਸ੍ਰ. ਇਕਬਾਲ ਸਿੰਘ ਕਿਲਿਆਂ ਵਾਲੀ ਜਿ: ਫੀਰੋਜਪੁਰ ਵਾਲਿਆਂ ਨੂੰ ਦਿਤੀ ਗਈ।

ਇਸ ਤੇ ਸ੍ਰੀ ਸਤਿਗੁਰੂ ਜੀ ਬਹੁਤ ਨਾਰਾਜ ਹੋ ਗਏ। ਸ੍ਰੀ ਜੀਵਨ ਨਗਰ ਦੇ ਇਲਾਕੇ ਦੀ ਸਾਧ ਸੰਗਤ ਨੂੰ ਹੁਕਮ ਹੋਇਆ ਕਿ ਵੋਟ ਪਾਉਣ ਕੋਈ ਨਾ ਜਾਵੇ। ਏਹ ਹਲਕਾ ਬੜਾ ਵਡਾ ਸੀ, ਸ੍ਰੀ ਜੀਵਨ ਨਗਰ ਇਲਾਕੇ ਦੇ ਵੋਟ ਨਾ ਪੈਣ ਨਾਲ ਭੀ, ਸ੍ਰ. ਇਕਬਾਲ ਸਿੰਘ ਨੂੰ ਮੈਂਬਰ ਬਣਨ ਜੋਗੀਆਂ ਵੋਟਾਂ ਪੈ ਗਈਆਂ। ਸ੍ਰ. ਪ੍ਰਤਾਪ ਸਿੰਘ ਕੈਰੋਂ ਅਤੇ ਹੋਰ ਕਛ ਸ੍ਵਾਰਥੀ ਕਾਂਗ੍ਰਸੀਆਂ ਨੇ, ਪੰ: ਜਵਾਹਰ ਲਾਲ ਨਹਿਰੂ ਦੇ ਕੰਨ ਚੰਗੀ ਤਰਾਂ ਏਹ ਆਖ ਆਖਕੇ ਭਰੇ ਕਿ ਵੇਖੋ ਇਨਾਂ ਨੇ ਕਾਂਗ੍ਰਸ ਨੂੰ ਵੋਟਾਂ ਨਹੀਂ ਦਿਤੀਆਂ। ਪੰ: ਜਵਾਹਰ ਲਾਲ ਭਾਰਤ ਦੇ ਪ੍ਰਧਾਨ ਮੰਤ੍ਰੀ ਸਨ। ਇਡੀ ਵਡੀ ਪ੍ਰਭਤਾ ਮਿਲੀ ਹੋਈ ਸੀ। ਸ਼ਿਮਲੇ ਵੇਵਲ ਕਾਨਫਰੰਸ ਵੇਲੇ ਜਦੋਂ ਸ੍ਰੀ ਸਤਿਗੁਰੂ ਜੀ ਨੇ ਆਖਿਆ ਸੀ ਕਿ "ਆਪਨੇ ਹਮ ਕੋ ਭੂਲ ਨਾ ਜਾਣਾ"। ਤਦ ਅਗੋਂ ਪੰਡਿਤ ਜੀ ਨੇ ਆਸ਼ਵਾਸਨ ਦਿਤਾ ਸੀ ਕਿ "ਆਪ ਕੋ ਭੀ ਯਹ ਕਹਨੇ ਕੀ ਜਰੂਰਤ ਹੈ?" ਓਹ ਸਭ ਕੁਛ ਭੁਲ ਗਏ। ਵਰਤਮਾਨ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਅਤੇ ਮੈਂ ਪੰਡਿਤ

ਜੀ ਨੂੰ ਜਾਕੇ ਮਿਲੇ। ਦੇਵੀ ਲਾਲ ਬਾਰੇ ਸਾਰੀ ਸਥਿਤੀ ਦਸੀ। ਪਰ ਓਥੇ ਰੰਚਕ ਮਾਤ੍ਰ ਭੀ ਅਸਰ ਨਹੀਂ ਹੋਇਆ। ਸਾਡੀ ਗਲ ਸੁਣਦੇ ਵਿਚੋਂ ਹੀ ਉਠਕੇ ਚਲੇ ਗਏ।

ਸ਼ਰਾਬ ਦਾ ਨਸ਼ਾ ਅਪਣੇ ਪਰਾਏ ਦੀ ਪਹਿਚਾਣ ਭੁਲਾ ਦਿੰਦਾ ਹੈ। ਰਾਜ ਸਤਾ ਦਾ ਨਸ਼ਾ ਭੀ ਅਪਨੇ ਸਹਯੋਗੀਆਂ ਦੇ ਕੀਤੇ ਉਪਕਾਰ ਭੁਲਾ ਦਿੰਦਾ ਹੈ। ਰਾਜ ਸਤਾ ਪ੍ਰਾਪਤ ਹੋਣ ਤੇ ਸੰਨ ੧੯੪੭ ਤੋਂ ਬਾਦ ਕਾਂਗ੍ਰਸੀ ਆਗੂ ਭੀ ਰਾਜ ਦੇ ਨਸ਼ੇ ਵਿਚ ਐਸੇ ਮਗਨ ਹੋ ਗਏ ਜਿਸਦੇ ਪ੍ਰਭਾਵ ਨਾਲ ਇਨਾਂ ਨੇ ਅਪਨੇ ਸਹਯੋਗੀਆਂ ਦੇ ਦਿਤੇ ਹੋਏ ਸਹਯੋਗ, ਓਨਾਂ ਦੀ ਦਿਲੀ ਸਦਭਾਵਨਾ ਅਸਲੋਂ ਹੀ ਭੁਲਾ ਦਿਤੀ। ਏਥੇ ਹੀ ਬਸ ਨਹੀਂ ਅਪਣੇ ਜਥੇਬੰਦਕ ਨਿਯਮਾਂ ਦੀ ਉਲੰਘਣਾਂ ਕਰਨ ਤੋਂ ਵਡੇ ਨੇਤਾਵਾਂ ਨੇ ਰਤਾ ਭਰ ਸੰਕੋਚ ਨਹੀਂ ਕੀਤਾ। ਪੰਜਾਬ ਕਾਂਗ੍ਰਸ ਦੇ ਮੰਨੇ ਹੋਏ ਨੇਤਾ ਸ੍ਰ. ਪ੍ਰਤਾਪ ਸਿੰਘ ਕੈਰੋਂ ਦੇ ਮੰਤ੍ਰੀ ਮੰਡਲ ਦੇ ਗ੍ਰਹਿ ਵਿਭਾਗ ਦੇ ਮੰਤ੍ਰੀ ਪੰਡਿਤ ਮੋਹਣ ਲਾਲ ਜੀ ਦੇ ਨਿਮਨ ਲਿਖਿਤ ਸ਼ਬਦਾਂ ਰਾਹੀਂ ਕਾਂਗ੍ਰਸ ਦੀ ਇਸ ਕੁਨੀਤੀ ਦੀ ਵਿਆਖਯਾ ਪਾਠਕਾਂ ਦੀ ਜਾਣਕਾਰੀ ਲਈ ਏਥੇ ਦਿਤੀ ਜਾਂਦੀ ਹੈ:-

> ਕਾਂਗ੍ਰਸ ਹਾਈਕਮਾਂਡ, ਜਿਸ ਵਿਚ ਪਾਰਟੀ ਦਾ ਪ੍ਰਧਾਨ ਪਾਰਲੀਮਾਨੀ ਬੋਰਡ ਅਤੇ ਵਰਕਿੰਗ ਕਮੇਟੀ ਸ਼ਾਮਲ ਹੁੰਦੇ ਹਨ, ਪਾਰਟੀ ਦੀ ਸਰਵ ਉਤਰ ਸੀਟ ਹੁੰਦੀ ਹੈ। ਇਸ ਦਾ ਅਧਿਕਾਰ ਵਿਸ਼ਾਲ ਹੁੰਦਾ ਹੈ ਅਤੇ ਨਿਤ-ਪ੍ਰਤੀ-ਦਿਨ ਦੇ ਸਾਰੇ ਪ੍ਰਸ਼ਾਸਨਿਕ ਮਾਮਲਿਆਂ ਵਿਚ ਇਹ ਜੁਆਬ ਦੇਹ ਰਹੀ ਹੈ, ਤਕਨੀਕੀ ਤੌਰ ਤੇ ਏਹ ਆਲ ਇੰਡੀਆ ਕਾਂਗ੍ਰਸ ਕਮੇਟੀ ਨੂੰ ਜਵਾਬ ਦੇਹ ਹੈ ਪਰ ਆਲਇੰਡੀਆਂ ਕਾਂਗ੍ਰਸ ਕਮੇਟੀ ਦੀ ਮੀਟਿੰਗ ਸਾਲ ਵਿਚ ਸਿਰਫ ਦੋ ਜਾਂ ਤਿਨ ਵਾਰ ਹੋਣ ਕਰਕੇ ਏਹ ਸਿਰਫ ਕੌਮੀ ਜਾਂ ਕੌਮਾਂਤਰੀ ਮਹੱਤਵ ਵਾਲੇ ਮਸਲਿਆਂ ਉਤੇ ਜਾਂ ਫਿਰ ਆਮ ਨੀਤੀ ਅਤੇ ਕੁਝ ਖਾਸ ਖਾਸ ਮਸਲਿਆਂ ਉਤੇ ਵੀਚਾਰ ਕਰਦੀ

ਹੈ। ਇਸ ਲਈ ਹਾਈਕਮਾਂਡ ਮਨ ਮਰਜੀ ਅਨੁਸਾਰ ਕੰਮ ਕਰ ਸਕਦੀ ਹੈ। ਇਸ ਦੀਆਂ ਕਾਰਵਾਈਆਂ ਧਕੜ ਕਿਸਮ ਦੀਆਂ ਜਾਂ ਮਨਮਾਨੀ ਵਾਲਿਆਂ ਵੀ ਕਿਓਂ ਨਾਂ ਹੋਣ ਇਸਦੇ ਵਿਰੁਧ ਕੋਈ ਅਪੀਲ ਨਹੀਂ ਕੀਤੀ ਜਾ ਸਕਦੀ। ਦੇਸ਼ ਦੀ ਹਾਕਮ ਪਾਰਟੀ ਦੀ ਰਾਜਨੀਤਿਕ ਸੱਤਾ ਦੀ ਸਰਵੋਚ ਸੀਟ ਹੁੰਦੇ ਹੋਏ ਵੀ ਏਹ ਪੂਰੀਤਰਾਂ ਵਜਕਤੀਗਤ ਜਾਂ ਸਮੂਹਿਕ ਤੌਰ ਤੇ ਅਸਰ ਅੰਦਾਜ ਨਹੀਂ ਹੈ। ਕਈ ਵਾਰੀ ਏਹ ਵੀ ਸੰਭਵ ਹੁੰਦਾ ਹੈ ਕਿ ਇਸ ਦੇ ਫੈਸਲੇ ਉਲਾਰੂ ਕਿਸਮ ਦੇ ਵੀ ਹੋ ਸਕਦੇ ਹਨ, ਜਮਹੂਰੀ ਢਾਂਚੇ ਵਿਚ ਅਸਰ ਰਸੂਖ ਤੇ ਦਬ-ਦਬਾਅ ਵਾਲੀਆਂ ਗਲਾਂ ਚਲਦੀਆਂ ਰਹਿੰਦੀਆਂ ਹਨ । ਤੇ ਜਿਵੇਂ ਕਿ ਮਨੁਖੀ ਫਿਤਰਤ ਹੈ, ਰਾਜਨੀਤਕ ਮਾਮਲਿਆਂ ਵਿਚ ਇਸਤਰਾਂ ਦੇ ਦਬ-ਦਬਾਅ ਨੂੰ ਹੋਰ ਬਲ ਮਿਲਦਾ ਹੈ। ਆਜ਼ਾਦੀ ਤੋਂ ਪਿਛੋਂ ਅਤੇ ਖਾਸ ਕਰਕੇ ਪਹਿਲੀਆਂ ਆਮ ਚੋਣਾਂ ਵਿਚ ਏਹ ਗਲ ਚੰਗੀਤਰਾਂ ਸਾਬਤ ਵੀ ਹੋ ਗਈ।

('ਹਸ਼ਰ ਪੰਜਾਬ ਦਾ'ਲੇਖਕ ਪੰ. ਮੋਹਣ ਲਾਲ ਪੰਨਾ ੨੧-੨੨)

ਪੰਡਿਤ ਮੋਹਣ ਲਾਲ, ਜਿਨਾਂ ਪਾਸ ਪੰਜਾਬ ਦੇ ਮੰਤ੍ਰੀ ਮੰਡਲ ਵਿਚ ਗ੍ਰਹ ਵਿਭਾਗ ਰਹਿ ਚੁਕਾ ਹੈ, ਕੋਈ ਸਾਧਾਰਨ ਵਜਕਤੀ ਨਹੀਂ। ਰਾਜਨੀਤਿਕ ਸਤਾ ਵਿਚ ਏਹ ਪੰਜਾਬ ਦੇ ਪ੍ਰਮੁਖ ਅਧਿਕਾਰੀਆਂ ਵਿਚ ਰਹਿ ਚੁਕੇ ਹਨ। ਓਸ ਵੇਲੇ ਭਾਵੇਂ ਇਹੋ ਜੇਹੇ ਸ਼ਬਦ ਲਿਖਣ ਦਾ ਸਾਹਸ ਏਹ ਨਹੀਂ ਕਰ ਸਕੇ। ਪਰ ਇਹ ਪੁਸਤਕ ਜੋ ਸਨ ੧੯੮੭ ਵਿਚ ਛਪੀ ਹੈ, ਵਿਚ ਪੰਡਿਤ ਜੀ ਨੇ ਪਾਠਕਾਂ ਨੂੰ ਬੀਤੇ ਸਮੇਂ ਦੀ ਨਪ ਘੁਟਕੇ ਰਖੀ ਹੋਈ ਸਚੀ ਕੁੜਤਣ ਪੇਸ਼ ਕਰਦਿਆਂ ਸੰਕੋਚ ਨਹੀਂ ਕੀਤਾ ਤਾਂ ਭੀ ਇਨਾਂ ਨੂੰ ਇਸ ਸ੍ਰੋਤ ਦੇ ਅਧਿਕਾਰੀ ਮੰਨ ਲੈਣਾਂ ਚਾਹੀਦਾ ਹੈ। ਕਿਓਂਕਿ ਅਜੇ ਭੀ ਪੰਜਾਬ ਵਿਚ ਕਾਂਗ੍ਰਸ(ਆਈ) ਪਾਰਟੀ ਦੇ ਏਹ ਡਿਪਟੀ ਲੀਡਰ ਹਨ।

ਉਪ੍ਰੋਕਤ ਸ਼ਬਦਾਂ ਤੋਂ ਥੋੜਾ ਅਗੇ ਜਾਕੇ ਪੰਡਿਤ ਜੀ ਕੁਛ ਹੋਰ ਸਪ-ਸ਼ਪਸ਼ਟ ਰੂਪ ਵਿਚ ਕਾਂਗ੍ਰਸ ਦੇ ਉਚ ਅਧਿਕਾਰੀਆਂ ਦੀ ਮਨ ਮਾਨੀ ਦਾ ਵਰਣਨ ਕਰਦੇ ਹਨ। ਉਹ ਇਸਤਰਾਂ ਹੈ:-

ਤੇ ਇਸ ਮਾਮਲੇ ਵਿਚ ਕਾਂਗ੍ਰਸ ਹਾਈਕਮਾਂਡ ਨੇ ਕੁਛ ਜਮਹੂਰੀ ਰਵਾਇਤਾਂ ਦੀ ਪ੍ਰਵਾਹ ਨਾਂ ਕੀਤੀ। ਸਗੋਂ ਜਿਸ ਢੰਗ ਨਾਲ ਇਸਨੇ ਅਪਣੀ ਕਾਰਵਾਈ ਕੀਤੀ ਉਹ ਉਕਾ ਹੀ ਮਨਮਾਂਨੀ ਵਾਲਾ ਸੀ 'ਕਾਂਗ੍ਰਸ ਹਾਈਕਮਾਂਡ' ਦੇ ਨਾਮਤੋਂ ਜਾਣਿਆ ਜਾਂਦਾ ਹੈ ਕਾਂਗ੍ਰਸ ਪਾਰਟੀ ਦੇ ਉਚ ਅਧਿਕਾਰੀ ਹੋਣ ਜਿਨਾਂ ਦੇ ਹਥ ਵਿਚ ਰਾਜਸਤਾ ਹੁੰਦੀ ਹੈ ਓਨਾਂ ਸਾਮਣੇ ਪਾਰਟੀ ਦੇ ਉਚ ਅਧਿਕਾ-ਰੀਆਂ ਦੀ ਕੋਈ ਨਹੀਂ ਚਲ ਸਕਦੀ।

ਇਕ ਪਾਸੇ ਸ੍ਰੀ ਨਿਜਲੰਗਪਾ ਪ੍ਰਧਾਨ ਸਰਬ ਹਿੰਦ ਕਾਂਗ੍ਰਸ ਪਾਰਟੀ ਦੂਜੇ ਪਾਸੇ ਸ੍ਰੀ ਮਤੀ ਇੰਦ੍ਰਾ ਗਾਂਧੀ ਪ੍ਰਧਾਨ ਮੰਤ੍ਰੀ ਰਾਜ ਸਤਾ ਅਧਿ-ਕਾਰੀ ਨੇ ਪਾਰਟੀ ਦੀ ਮਰਜਾਦਾ ਭੰਗ ਕੀਤੀ। ਪਰ ਤਾਕਤ ਹਥ ਵਿਚ ਸੀ ਜਿਸ ਕਰਕੇ ਸ੍ਰੀ ਨਿਜਲੰਗਪਾ ਹੋਰੀਂ ਠੰਢੇ ਹੋ ਗਏ। ਇਸਤਰਾਂ ਦੇ ਹੋਰ ਭੀ ਉਦਾਹਰਣ ਦਿਤੇ ਜਾ ਸਕਦੇ ਹਨ। ਪਰ ਵਿਸਥਾਰ ਦੇ ਭੈ ਤੋਂ ਇਤਨਾਂ ਹੀ ਕਾਫੀ ਹੈ।

ਉਪ੍ਰੋਕਤ ਚਰਚਾ ਤੋਂ ਇਹ ਸਮਝਣ ਵਿਚ ਸ਼ਕ ਨਹੀਂ ਰਹਿ ਜਾਂਦਾ ਕਿ ਤਾਕਤ ਹਥ ਵਿਚ ਔਣ ਤੇ ਮਨਮਾਨੀ ਕਰਨਵਾਸਤੇ ਮਨ ਵਿਚ ਪਾਰਟੀ ਮਰਜਾਦਾ ਦੀ ਕੋਈ ਕੀਮਤ ਨਹੀਂ ਰਹਿ ਜਾਂਦੀ। ਪੰਡਿਤ ਮੋਹਣ ਲਾਲ ਨੇ ਓਨਾਂ ਦੇ ਅਪਣੇ ਨਾਲ ਵਾਪਰੀ ਹੋਈ ਘਟਨਾਂ ਨੂੰ ਕ੍ਰੀਬ ੩੪ ਸਾਲ ਨਪੀ ਘੁਟੀ ਰਖਿਆ । ਹੁਣ ਲਿਖ ਦਿਤੀ ਇਹ ਵਿਦਿਤ ਹੈ ਕਿ ਹਾਈ-ਕਮਾਂਡ ਦੇ ਸਿਰਤੇ ਪੰਡਿਤ ਜਵਾਹਰ ਲਾਲ ਨਹਿਰੂ ਓਸ ਵੇਲੇ ਬੈਠਕੇ ਅਪਣੀ ਇਛਾ ਅਨੁਸਾਰ ਇਸਨੂੰ ਚਲਾਉਂਦੇ ਸਨ, ਓਨਾਂ ਦਾ ਨਾਮ ਲਿਖਣ ਤੋਂ ਪੰਡਿਤ ਮੋਹਣ ਲਾਲ ਫਿਰ ਭੀ ਸੰਕੋਚ ਕਰ ਹੀ ਗਏ ਹਨ।

ਕੀ ਸੰਕੁਚਿਤ ਫਿਕਰਿਆਂ ਨੂੰ ਪੜਕੇ ਰਾਜਨੀਤਗਜ਼ ਪਾਠਕ ਏਹ ਸਮਝ ਨਹੀਂ ਸਕਣਗੇ ਕਿ "ਹਾਈਕਮਾਂਡ" ਤਾਂ ਇਕ ਵਾਹਨ ਹੀ ਹੈ, ਕਿਸੇ ਤਰਾਂ ਦੀ ਭੀ ਜਿਮੇਵਾਰੀ ਇਸਦੇ ਚਾਲਕ ਦੀ ਹੀ ਹੈ ?

ਸੁਤੰਤ੍ਰ ਭਾਰਤ ਦੀਆਂ ਦੂਜੀਆਂ ਚੋਣਾਂ ਸੰਨ ੧੯੫੭ ਈ:

੧੬

ਇਤਨੇ ਨੂੰ ਪੰਜ ਸਾਲ ਪੂਰੇ ਹੋ ਗਏ। ਆਜ਼ਾਦ ਭਾਰਤ ਦੀਆਂ ਦੂਜੀਆਂ ਆਮ ਚੋਣਾ (ਜਨਰਲ ਇਲੈਕਸ਼ਨ) ਆ ਗਈਆਂ। ਪੰਜਾਬ ਵਿਧਾਨ ਸਭਾ ਲਈ ਕਾਂਗ੍ਰਸ ਟਿਕਟਾਂ ਵਾਸਤੇ ਦਰਖਾਸਤਾਂ ਮੰਗੀਆਂ ਗਈਆਂ। ਰੋੜੀ ਸਰਸਾ-ਸ੍ਰੀ ਜੀਵਨ ਨਗਰ ਇਲਾਕੇ ਦੀ ਪੰਜਾਬ ਅਸੈਂ-ਬਲੀ ਦੀ ਟਿਕਟ ਵਾਸਤੇ ਭਾਵੇਂ ਹੋਰ ਭੀ ਦਰਖਾਸਤਾਂ ਸਨ ਪਰ ਮੁਖ ਰੂਪ ਵਿਚ ਦੋ ਹੀ ਸਨ। ਇਕ ਚੌ: ਦੇਵੀ ਲਾਲ ਵਲੋਂ, ਦੂਜੀ ਵੈਦ ਰਾਮ ਦਿਆਲ ਦਭਵਾਲੀ ਵਲੋਂ। ਸ੍ਰ. ਪ੍ਰਤਾਪ ਸਿੰਘ ਕੈਰੋਂ ੨੩ ਜਨਵਰੀ ਸਨ ੧੯੫੬ ਤੋਂ ਪੰਜਾਬ ਦੇ ਮੁਖ ਮੰਤ੍ਰੀ ਬਣ ਚੁਕੇ ਸਨ ਅਤੇ ਸ੍ਰਕਾਰ ਦੇ ਹਰ ਵਿਭਾਗ ਅਤੇ ਪੰਜਾਬ ਕਾਂਗ੍ਰਸ ਪਾਰਟੀ ਵਿਚ ਓਨਾਂ ਦਾ ਪ੍ਰਭਾਵ ਸੀ। ਵੈਦ ਰਾਮ ਦਿਆਲ ਪੰਜਾਬ ਕਾਂਗ੍ਰਸ ਦੇ ਜਨਰਲ ਸੈਕਟਰੀ ਸਨ ਅਤੇ ਦੇਵੀ ਲਾਲ ਦੇ ਮੁਕਾਬਲੇ ਵਿਚ ਇਨਾਂ ਦਾ ਰਾਜਨੀਤਿਕ ਕਿਰਦਾਰ ਕਿਤੇ ਚੰਗਾ ਸੀ। ਸ੍ਰ. ਪ੍ਰਤਾਪ ਸਿੰਘ ਨੂੰ ਵੈਦ ਰਾਮ ਦਿਆਲ ਨੂੰ ਟਿਕਟ ਦੇਣ ਵਾਸਤੇ ਬੜਾ ਜੋਰ ਲਾਇਆ। ਓਨਾਂ ਏਹ ਆਖਕੇ ਟਾਲ ਦਿਤਾ ਕਿ ਵੈਦ ਰਾਮ ਦਿਆਲ ਜਨ ਸੰਘ ਨਾਲ ਸਬੰਧ ਰਖਦਾ ਹੈ।

ਦੂਜਾ ਉਮੀਦਵਾਰ ਚੋ: ਦੇਵੀ ਲਾਲ ਸੀ। ਸ੍ਰ. ਪ੍ਰਤਾਪ ਸਿੰਘ ਕੈਰੋਂ ਦੇਵੀ ਲਾਲ ਨੂੰ ਟਿਕਟ ਦੇਣ ਲਈ ਫੈਸਲਾ ਕਰੀ ਬੈਠੇ ਸਨ। ਓਹ ਇਸ ਕੰਮ ਵਿਚ ਸਫਲ ਨਾ ਹੋ ਸਕੇ। ਕਾਰਣ ਏਹ ਸੀ ਕਿ ਦੇਵੀ ਲਾਲ ਬਿਨਾ

ਟਿਕਟ ਸਫਰ ਕਰਦਿਆਂ ਰੇਲ ਵਿਚੋਂ ਪਕੜਿਆ ਗਿਆ ਸੀ ਅਤੇ ਦੋਸ਼ੀ ਠਹਿਰਾਇਆ ਗਿਆ ਸੀ। ਏਹ ਚਰਚਾ ਅਖਬਾਰਾਂ ਵਿਚ ਆ ਚੁਕੀ ਸੀ। ਦੇਵੀ ਲਾਲ ਆਪ ਤਾਂ ਨਿਰਾਸ ਹੋ ਗਿਆ ਪਰ ਆਪਣੇ ਹੀ ਇਕ ਬੰਦੇ ਸੰਤ ਲਾਲ ਨੂੰ ਟਿਕਟ ਲੈ ਦਿਤੀ। ਟਿਕਟ ਦੇਣ ਵਿਚ ਸ੍ਰ. ਪ੍ਰਤਾਪ ਸਿੰਘ ਦਾ ਵਡਾ ਅਧਿਕਾਰ ਸੀ। ਸੋ ਦੇਵੀ ਲਾਲ ਦੇ ਆਖੇ ਸੰਤ ਲਾਲ ਨੂੰ ਟਿਕਟ ਦੇ ਦਿਤੀ। ਸੰਤ ਲਾਲ ਦਾ ਕੋਈ ਰਾਜਨੀਤਿਕ ਜਾਂ ਸਮਾਜਿਕ ਜੀਵਨ ਅਸਲੋਂ ਹੀ ਨਹੀਂ ਸੀ। ਵੈਦ ਰਾਮ ਦਿਆਲ ਅੰਗਰੇਜ ਸ੍ਰਕਾਰ ਵੇਲੇ ਤੋਂ ਦੇਸ਼ ਆਜਾਦੀ ਲਈ ਸੰਘਰਸ਼ ਕਰਨ ਵਾਲਿਆਂ ਵਿਚ ਵਿਸ਼ੇਸ਼ ਵਜਕਤੀਆਂ ਵਿਚੋਂ ਸਨ। ਨਾਮਜਦਗੀ ਦੇ ਕਾਗਜ ਦਾਖਲ ਕੀਤੇ ਗਏ। ਵੈਦ ਰਾਮ ਦਿਆਲ ਆਜ਼ਾਦ ਅਤੇ ਸੰਤ ਲਾਲ ਕਾਂਗ੍ਰਸ ਟਿਕਟ ਤੇ ਦੋ ਪ੍ਰਮੁਖ ਉਮੀਦਵਾਰ ਸਨ। ਖੈਰਪੁਰ(ਸਰਸਾ ਸ਼ਹਿਰ ਦੇ ਪਾਸ) ਹਰਨਾਮ ਸਿੰਘ ਦੇ ਘਰ ਆਸਾ ਦੀ ਵਾਰ ਦਾ ਕੀਰਤਨ ਹੋਇਆ। ਸ੍ਰੀ ਸਤਿਗੁਰੂ ਸਚੇ ਪਾਤਸ਼ਾਹ ਜੀ ਨੇ ਦਰਸ਼ਨ ਦਿਤੇ। ਸਰਸਾ ਸ਼ਹਿਰ ਦੇ ਬਹੁਤ ਸਾਰੇ ਪ੍ਰਮੁਖ ਵਜਕਤੀ ਖਾਸ ਕਰਕੇ ਰਾਜਨੀਤੀ ਨਾਲ ਸਬੰਧਿਤ ਵਜਕਤੀ ਏਥੇ ਆਏ ਹੋਏ ਸਨ।

ਭੋਗ ਪੈਣ ਉਪ੍ਰੰਤ ਸ੍ਰੀ ਸਤਿਗੁਰੂ ਜੀ ਨੇ ਬਚਨ ਕੀਤਾ ਕਿ ਸਰਸਾ ਨਿਵਾਸੀਓ ! ਇਸ ਇਲੈਕਸ਼ਨ ਵਿਚ ਤੁਸੀਂ ਕੀ ਕਰਨਾ ਚਾਹੁੰਦੇ ਹੋ ? ਥੋੜਾ ਚਿਰ ਚੁਪ ਰਹਿਣ ਤੋਂ ਬਾਦ ਕੁਛ ਸਜਣਾ ਨੇ ਆਖਿਆ ਕਿ ਅਸੀਂ ਤੁਹਾਡੇ ਵਲ ਵੇਖਦੇ ਹਾਂ। ਜਿਧਰ ਤੁਸੀਂ ਹੋਵੋਗੇ ਓਧਰ ਹੀ ਅਸੀਂ ਹੋਵਾਂਗੇ। ਏਹ ਸੁਣਕੇ ਸ੍ਰੀ ਸਤਿਗੁਰੂ ਜੀ ਨੇ ਓਨਾਂ ਨੂੰ ਸਾਰੀ ਸਥਿਤੀ ਦਸ ਦਿਤੀ ਅਤੇ ਆਖ ਦਿਤਾ ਕਿ ਅਸੀਂ ਵੈਦ ਰਾਮ ਦਿਆਲ ਦੀ ਸਹਾਇਤਾ ਕਰਨੀ ਚਾਹੰਦੇ ਹਾਂ। ਸਭ ਨੇ ਸਤਿਗੁਰੂ ਜੀ ਦੇ ਇਸ ਬਚਨ ਤੇ ਚਲਣ ਦਾ ਭਰੋਸਾ ਦਿਤਾ।

ਸ੍ਰੀ ਸਤਿਗੁਰੂ ਜੀ ਨੇ ਪੰਜਾਬ ਕਾਂਗ੍ਰਸ ਅਤੇ ਕੇਂਦਰੀ ਕਾਂਗ੍ਰਸ ਮੁਖੀਆਂ ਨੂੰ ਏਹ ਕਹਿ ਦਿਤਾ ਸੀ ਕਿ ਅਸੀਂ ਕਾਂਗ੍ਰਸ ਦੇ ਸਾਥੀ ਹਾਂ। ਪਰ ਜਿਨਾਂ

ਬੰਦਾ ਜਿਨਾਂ ਨੇ ਸਾਡਾ ਵਿਰੋਧ ਕੀਤਾ ਹੈ,ਓਨਾਂ ਦਾ ਅਸੀਂ ਭੀ ਕਰਾਂਗੇ। ਏਹ ਸਨ ਸਰਸਾ-ਸ੍ਰੀ ਜੀਵਨ ਨਗਰ ਹਲਕੇ ਵਿਚ ਚੌ: ਦੇਵੀ ਲਾਲ ਦਾ ਸੰਤ ਲਾਲ ਅਤੇ ਹਲਕਾ ਨਕੋਦਰ ਤੋਂ ਸ੍ਰ. ਦਰਬਾਰਾ ਸਿੰਘ।

ਸ੍ਰ. ਦਰਬਾਰਾ ਸਿੰਘ ਨੇ ਉਸ ਵੇਲੇ ਏਹ ਆਖਣ ਵਿਚ ਅਗਵਾਈ ਕੀਤੀ ਸੀ ਕਿ ਏਹ(ਸ੍ਰੀ ਸਤਿਗੁਰੂ ਜੀ) ਕਾਂਗ੍ਰਸ ਦੇ ਵਿਰੋਧੀ ਹਨ। ਸਰਬ ਹਿੰਦ ਕਾਂਗ੍ਰਸ ਕਮੇਟੀ ਦੇ ਮੁਖੀਆਂ ਤਕ ਇਨਾਂ ਨੇ ਇਹ ਹਵਾ ਵਿਗਾੜਨ ਵਿਚ ਪੂਰਾ ਹਿਸਾ ਲਿਆ। ਇਸ ਵਿਰੋਧ ਵਿਚ ਇਨਾਂ ਦੇ ਹਲਕੇ ਵਿਚ ਇਨਾਂ ਦੀ ਵਿਰੋਧਤਾ ਕੀਤੀ। ਏਥੇ ਏਨਾਂ ਦੇ ਵਿਰੋਧੀ ਉਮੀਦਵਾਰ ਸ੍ਰ. ਹਰਕਿਸ਼ਨ ਸਿੰਘ ਸੁਰਜੀਤ ਮਾਰਕਸਿਸਟ ਕਮਿਊਨਿਸਟ ਪਾਰਟੀ ਦੇ ਨੇਤਾ ਸਨ।

ਹਲਕਾ ਸਰਸਾ-ਸ੍ਰੀ ਜੀਵਨ ਨਗਰ ਰੋੜੀ ਵਿਚ ਕਾਂਗ੍ਰਸ ਟਿਕਟ ਤੇ ਚੌ:ਦੇਵੀਲਾਲ ਦਾ ਆਦਮੀ ਸੰਤ ਲਾਲ ਅਤੇ ਦੂਜੇ ਪਾਸੇ ਆਜ਼ਾਦਉਮੀਦ ਵਾਰ ਵੈਦ ਰਾਮ ਦਿਆਲ। ਏਹ ਚੋਣ ਹਲਕਾ ਏਧਰ ਨਾਮਧਾਰੀ ਸਾਧ ਸੰਗਤ ਵਾਸਤੇ, ਦੂਜੇ ਪਾਸੇ ਦੇਵੀ ਲਾਲ ਅਤੇ ਸ੍ਰ. ਪ੍ਰਤਾਪ ਸਿੰਘ ਕੈਰੋਂ ਵਾਸਤੇ ਇਜਤ ਦਾ ਸਵਾਲ ਬਣ ਗਿਆ ਸੀ। ਸ੍ਰੀ ਸਤਿਗੁਰੂ ਜੀ ਨੇ ਇਨਾਂ ਆਮ ਚੋਣਾਂ ਵਿਚ ਉਪ੍ਰੋਕਤ ਦੋ ਹਲਕਿਆਂ ਤੋਂ ਬਿਨਾ ਸਭ ਜਗਾ ਕਾਂਗ੍ਰਸੀ ਉਮੀਦਵਾਰਾਂ ਦੀ ਸਹਾਇਤਾ ਕੀਤੀ ਅਤੇ ਕਾਂਗ੍ਰਸ ਪਾਰਟੀ ਦੇ ਮੁਖੀਆਂ ਤਕ ਏਹ ਖਬਰ ਪਹੁੰਚਾ ਦਿਤੀ ਕਿ ਅਸੀਂ ਤੁਹਾਡੇ ਨਾਲ ਹਾਂ ਪਰ ਇਹ ਦੋ ਵਯਕਤੀਆਂ, ਜਿਨਾਂ ਨੇ ਸਾਡੇ ਨਾਲ ਅਕਾਰਣ ਵਿਰੋਧ ਕੀਤਾ ਹੈ, ਇਨਾਂ ਦੀ ਮੁਖਾਲਫਤ ਜ਼ਰੂਰ ਕਰਾਂਗੇ।

ਸਰਸੇ ਸ੍ਰੀ ਜੀਵਨ ਨਗਰ ਦੇ ਚੋਣ ਸੰਗ੍ਰਾਮ ਵਿਚ ਵੈਦ ਰਾਮ ਦਿਆਲ ਵਿਰੁਧ ਸ੍ਰਕਾਰੀ ਅਸਰ ਰਸੂਖ ਵਰਤਿਆ ਗਿਆ।

ਇਕ ਸਿਖ ਠਾਣੇਦਾਰ ਜੋ ਦੇਵੀ ਲਾਲ ਦਾ ਅਨੁਚਿਤ ਦਬਾਉ ਸਹਿਨ ਨਹੀਂ ਸੀ ਕਰਦਾ ਉਸਦੀ ਸ਼ਿਕਾਇਤ ਮੁਖ ਮੰਤ੍ਰੀ ਸ੍ਰ. ਪ੍ਰਤਾਪ ਸਿੰਘ ਪਾਸ ਕੀਤੀ ਗਈ। ਸ੍ਰਦਾਰ ਜੀ ਨੇ ਇਸਨੂੰ ਓਥੇ ਰੈਸਟ ਹਾਊਸ

(ਏਹ ਪਿੰਡ ਸਰਸਾ ਤੋਂ ਦਬਵਾਲੀ ਸੜਕ ਤੇ ਸਰਸਾ ਦਬਵਾਲੀ ਦੇ ਦਰਮਿਆਨ ਹੈ) ਬੁਲਾਇਆ, ਪੁਛ ਗਿਛ ਕੀਤੀ। ਓਸਨੇ ਆਖਿਆ ਕਿ ਮੈਂ ਕੋਈ ਕੰਮ ਨਾਜਾਇਜ ਨਹੀਂ ਕਰਦਾ। ਨਾਜਾਇਜ ਕਰੌਣ ਲਈ ਇਸਦਾ ਰੋਭ ਮੈਂ ਨਹੀਂ ਝਲ ਸਕਦਾ। ਪਰ ਸ੍ਰਦਾਰ ਜੀ ਓਸ ਵੇਲੇ ਦੇਵੀ ਲਾਲ ਦਾ ਆਖਿਆ ਅਖਰ ਅਖਰ ਮਨਵਾਉਣਾ ਚਾਹੁੰਦੇ ਸਨ। ਠਾਣੇ-ਦਾਰ ਨੇ ਲਾਹਕੇ ਪੇਟੀ ਅਗੇ ਰਖ ਦਿਤੀ ਅਤੇ ਆਖਿਆ ਕਿ ਹੁਣ ਤਕ ਤੁਹਾਡਾ ਮੁਲਾਜਮ ਸਾਂ। ਹੁਣ ਤੋਂ ਮੈਨੂੰ ਤਮੀਜ ਨਾਲ ਬੁਲਾਉਣਾ। ਮੈਂ ਕੋਈ ਨੰਗਾ ਭੁਖਾ ਨਹੀਂ ਮੇਰੀ ਜਾਇਦਾਦ ਹੈ। ਨੌਕਰੀ ਤੋਂ ਬਿਨਾ ਭੀ ਮੈਂ ਆਪਣਾ ਨਿਰਬਾਹ ਕਰ ਸਕਦਾ ਹਾਂ। ਇਹ ਆਖਕੇ ਮੋਟਰ ਸਾਈ-ਕਲ ਨੂੰ ਕਿਕ ਮਾਰੀ ਤੇ ਚਲਾ ਗਿਆ। ਇਸਤੇ ਸ੍ਰਦਾਰ ਜੀ ਨੂੰ ਹੋਸ਼ ਆਈ ਕਿ ਇਹ ਕੰਮ ਠੀਕ ਨਹੀਂ ਹੋਇਆ। ਓਨਾਂ ਓਸੇ ਵੇਲੇ ਮਗਰ ਜੀਪ ਭੇਜਕੇ, ਉਸਨੂੰ ਵਾਪਸ ਮੰਗਵਾਕੇ ਠੰਢਾ ਕਰਕੇ ਆਖਿਆ ਕਿ ਤੂੰ ਸਰਵਿਸ ਕਰੀ ਚਲ ਏਨਾ ਗੁਸਾ ਨਹੀਂ ਕਰੀਦਾ।

ਮਹਾਰਾਜ ਨਿਹਾਲ ਸਿੰਘ ਜੀ ਨੂੰ ਭੇਜਿਆ ਗਿਆ ਓਨਾਂ ਭੀ ਅਪਣੇ ਵਲੋਂ ਕਸਰ ਨਹੀਂ ਰਖੀ। ਸ੍ਰੀ ਸਤਿਗੁਰੂ ਸਚੇ ਪਾਤਸ਼ਾਹ ਜੀ ਸ੍ਰੀ ਭੈਣੀ ਸਾਹਿਬ ਸਨ। ਪਾਠ ਤੁਰੇ ਹੋਏ ਸਨ ਹੋਲਾ ਆਰੰਭ ਹੋਣ ਵਿਚ ਕੁਛ ਹੀ ਦਿਨ ਬਾਕੀ ਸਨ। ਸਾਧ ਸੰਗਤ ਨੇ ਬੜੀ ਕਿਰਪਾ ਕੀਤੀ ਅਤੇ ਦੇਵੀ ਲਾਲਦੇ ਉਮੀਦਵਾਰ ਸੰਤ ਲਾਲ ਨੂੰ ਕ੍ਰੀਬ ਪੰਜ ਹਜਾਰ ਵੋਟਾਂ ਤੇ ਪਰਾਜਿਤ ਕਰ ਦਿਤਾ। ਇਸਤੇ ਦੇਵੀ ਲਾਲ ਨੂੰ ਅਤੇ ਸ. ਪ੍ਰਤਾਪ ਸਿੰਘ ਕੈਰੋਂ ਨੂੰ ਬਹੁਤ ਰੋਹ ਚੜ੍ਹਿਆ।

ਬੀੜ ਰਿਆਸਤ ਨਾਭਾ

੧੭

ਇਕ ਹੋਰ ਘਟਨਾ, ਜੋ ਇਸ ਲੇਖ ਨਾਲ ਘਨਿਸ਼ਟ ਸੰਬੰਧ ਰਖਦੀ ਹੈ, ਉਸਦਾ ਵਰਣਨ ਕਰਨਾ ਅਤਿ ਜਰੂਰੀ ਹੈ। ਦੇਸ਼ ਆਜਾਦ ਹੋਣ ਉਪ੍ਰੰਤ ਸ੍ਰਦਾਰ ਵਲਭ ਭਾਈ ਪਟੇਲ ਭਾਰਤ ਦੇ ਗ੍ਰਹਿ ਮੰਤ੍ਰੀ ਬਣੇ। ਓਨਾਂ ਇਕ ਆਂਦੋਲਨ ਚਲਾਇਆ ਕਿ ਰਿਆਸਤਾਂ ਨਹੀਂ ਰਹਿਣੀਆਂ ਚਾਹੀ-ਦੀਆਂ। ਇਹ ਛੋਟੇ ਵਡੇ ਸਭ ਰਾਜ ਭਾਰਤ ਦੇ ਪ੍ਰਾਂਤਾਂ ਵਿਚ ਹੀ ਮਿਲਾਏ ਜਾਣੇ ਚਾਹੀਦੇ ਹਨ। ਪਹਿਲਾਂ ਰਿਆਸਤਾਂ ਨੂੰ ਆਪਸ ਵਿਚ ਮਿਲਾਕੇ ਉਨਾਂ ਦੇ ਆਪਣੇ ਨਾਮ ਤੇ ਛੋਟੇ ਛੋਟੇ ਪ੍ਰਾਂਤ ਬਣਾਏ। ਪੰਜਾਬ ਵਿਚ ਸਭ ਤੋਂ ਵਡੀ ਰਿਆਸਤ ਪਟਿਆਲਾ ਸੀ। ਪਟਿਆਲਾ, ਨਾਭਾ, ਜੀਂਦ (ਸੰਗਰੂਰ) ਫਰੀਦਕੋਟ, ਕਪੂਰਥਲਾ ਅਤੇ ਮਾਲੇਰ ਕੋਟਲਾ, ਏਨਾਂ ਰਿਆਸਤਾਂ ਦਾ ਇਕ ਵਖਰਾ ਯੂਨਿਟ ਛੋਟਾ ਸੂਬਾ ਬਣਾ ਦਿਤਾ। ਇਸਦਾ ਨਾਮ "ਪਟਿਆਲਾ ਅਤੇ ਪੂਰਬੀ ਪੰਜਾਬ ਰਿਆਸਤੀ ਸੰਘ" ਰਖਿਆ। (Patiala and East Punjab States Union) ਜਿਸ ਦਾ ਪ੍ਰਸਿਧ ਨਾਮ ਪੈਪਸੂ ਪ੍ਰਚਲਿਤ ਹੋਇਆ, । ਜਿਵੇਂ ਹੋਰ ਪ੍ਰਾਂਤਾਂ ਦੇ ਗਵਰਨਰ ਸਨ, ਏਥੇ ਰਿਆਸਤੀ ਸੰਘ ਦੇ ਰਾਜ ਪ੍ਰਮੁਖ (ਜਾਂ ਕਿਤੇ ਬਹੁਤੀਆਂ ਰਿਆਸਤਾਂ ਦੇ ਮਹਾਰਾਜ ਪ੍ਰਮੁਖ) ਨਿਯੁਕਤ ਹੋਏ। ਪਟਿਆਲਾ ਦੇ ਮਹਾਰਾਜਾ ਯਾਦਵਿੰਦਰ ਸਿੰਘ, ਪੈਪਸੂ ਦੇ ਰਾਜ ਪ੍ਰਮੁਖ ਨਿਯੁਕਤ ਹੋਏ ਅਤੇ ਮੁਖ ਮੰਤ੍ਰੀ ਕਰਨਲ ਰਘਬੀਰ ਸਿੰਘ ਬਣੇ। ਗਿਆਨੀ ਜ਼ੈਲ ਸਿੰਘ ਜੀ ਖੇਤੀਬਾੜੀ ਮੰਤ੍ਰੀ ਨਿਯੁਕਤ ਹੋਏ।

ਮਹਾਰਾਜਾ ਰਿਪੁਦਮਨ ਸਿੰਘ ਨਾਭਾ ਪਤਿ ਦੇ ਪੁਤਰ ਕੋਈ ਨਹੀਂ ਸੀ। ਏਹ ਮਹਾਰਾਜਾ ਦੂਜੇ ਰਾਜਿਆਂ ਨਾਲੋਂ ਵਧ ਸਿਖੀ ਵੀਚਾਰਾਂ ਦਾ ਸੀ। ਦਾੜ੍ਹਾ ਖੁਲਾ ਰਖਦਾ ਸੀ। ਇੰਗਲੈਂਡ ਜਾ ਆਇਆ ਸੀ ਅਤੇ

ਇਸਦੇ ਵੀਚਾਰਾਂ ਦਾ ਝੁਕਾਉ ਅੰਗ੍ਰੇਜ਼ਾਂ ਦੇ ਵਿਰੁਧ ਸੀ। ਇਕ ਨਾਮਧਾਰਨ ਮਾਈ ਹੁਕਮੀ (ਪਿੰਡ ਵਰਿਆਂਹ ਜ਼ਿ: ਅੰਮ੍ਰਿਤਸਰ) ਜਿਸਦਾ ਪ੍ਰਸਿਧ ਨਾਮ ਮਾਈ ਮਹਾਤਮਾ ਸੀ, ਸਰਧਾ ਨਾਲ ਰਾਜੇ ਨੇ ਮਹਲਾਂ ਵਿਚ ਰਖੀ ਹੋਈ ਸੀ। ਏਹ ਮਾਈ ਬਹੁਤ ਭਜਨ ਬਾਣੀ ਕਰਨ ਵਾਲੀ ਸੀ। ਇਸਨੇ ਰਾਜੇ ਨੂੰ ਪ੍ਰੇਰਨਾ ਦਿਤੀ ਕਿ ਪੁਤਰ ਲੈਣਾਂ ਹੈ ਤਾਂ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਪਾਸ ਅਰਜ਼ ਕਰੋ। ਰਾਜੇ ਨੇ ਬਚਨ ਮੰਨ ਲਿਆ। ਸ੍ਰੀ ਸਤਿਗੁਰੂ ਜੀ ਪਾਸ ਅਰਜ ਕੀਤੀ। ਸ੍ਰੀ ਭੈਣੀ ਸਾਹਿਬ ਅਰਦਾਸ ਕੀਤੀ ਗਈ। ਰਾਜੇ ਦੇ ਘਰ ੫ ਅਸੂ ੧੯੭੬ ਨੂੰ ਪੁਤਰ ਜਨਮਿਆ। ਬੜੀ ਖੁਸ਼ੀ ਹੋਈ । ਇਸ ਖੁਸ਼ੀ ਵਿਚ ਰਾਜੇ ਨੇ ਸ੍ਰੀ ਸਤਿਗੁਰੂ ਜੀ ਨੂੰ ਇਕ ਰੋਲਜ਼ਰਾਇਸ ਕਾਰ ਕਿਤਨੀ ਮਾਇਆ, ਇਕ ਘੋੜਾ ਅਤੇ ਇਕ ਬੀੜ ਜਿਸਦਾ ਰਕਦਾ ੫੮੬੦ ਵਿਘੇ (ਖਾਮ) ਜਿਸਦੇ ਕ੍ਰੀਬ ੧੨੯੧ ਏਕੜ ਬਣਦੇ ਹਨ, ੫ ਭਾਦਰੋਂ ੧੯੭੮ ਨੂੰ ਮਥਾ ਟੇਕਿਆ। ਬਾਕੀ ਸਭ ਚੀਜ਼ਾਂ ਸ੍ਰੀ ਭੈਣੀ ਸਾਹਿਬ ਪਹੁੰਚ ਗਈਆਂ ਅਤੇ ਬੀੜ ਦਾ ਕਬਜਾ ਭੀ ਦੇ ਦਿਤਾ। ਇਸ ਵਿਚ ਭਠਾ ਲਗਾ ਹੋਇਆ ਸੀ ਜਿਸ ਵਿਚ ਕਾਫੀ ਇਟਾਂ ਸਨ ਅਤੇ ਕੁਛ ਇਮਾਰਤ ਭੀ ਬਣੀ ਹੋਈ ਸੀ। ਬੀੜ ਦੀ ਸੁਰਖਿਆ ਵਾਸਤੇ ਕੰਡਿਆਲੀ ਤਾਰ ਅਤੇ ਖੰਭੇ ਭੀ ਭੇਟਾ ਕੀਤੇ ਸਨ।

ਏਹ ਪੁਤ੍ਰ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਕਿਰਪਾ ਨਾਲ ਹੋਇਆ ਸੀ। ਸੋ ਇਸਦਾ ਨਾਮ ਪ੍ਰਤਾਪ ਸਿੰਘ ਰਖਿਆ ਗਿਆ।

ਏਨਾਂ ਦਿਨਾਂ ਵਿਚ ਮਹਾਰਾਜਾ ਰਿਪੁਦਮਨ ਸਿੰਘ ਦਾ ਮਹਾਰਾਜ ਭੂਪਿੰਦਰ ਸਿੰਘ ਪਟਿਆਲਾ ਪਤਿ ਨਾਲ ਕਿਸੇ ਗਲੋਂ ਝਗੜਾ ਛਿੜ ਪਿਆ। ਮਹਾਰਾਜਾ ਨਾਭਾ ਦੇ ਸਿਖੀ ਭਾਵਨਾ ਅਤੇ ਦੇਸ਼ ਪਿਆਰ ਵਾਲੇ ਵੀਚਾਰਾਂ ਤੋਂ ਅੰਗ੍ਰੇਜ਼ ਚੰਗੀ ਤਰਾਂ ਜਾਣੂ ਸਨ। ਇਸ ਕਰਕੇ ਓਨਾਂ ਨੂੰ ਇਹ ਇਕ ਮੌਕਾ ਲਭਾ। ਓਨਾਂ ਇਸ ਝਗੜੇ ਵਿਚ ਮਹਾਰਾਜਾ ਪਟਿਆਲਾ ਦਾ ਪਖ ਲਿਆ। ਐਸੀ ਖੇਡ ਖੇਡੀ ਕਿ ੨੫ ਹਾੜ ੧੯੮੦ (੯ ਜੁਲਾਈ ੧੯੨੩) ਨੂੰ ਮਹਾਰਾਜਾ ਰਿਪੁਦਮਨ ਸਿੰਘ ਪਾਸੋਂ

ਲਿਖਵਾਕੇ,ਕਿ ਇਹ ਗਦੀ ਆਪਣੇ ਆਪ ਛਡ ਰਿਹਾ ਹਾਂ, ਓਸਨੂੰ ਨਾਭੇ ਦੀ ਰਾਜ ਗਦੀ ਤੋਂ ਨਿਰਵਾਸਤ ਕਰ ਦਿਤਾ। ਮਹਾਰਾਜਾ ਅਤੇ ਟਿਕਾ ਪ੍ਰਤਾਪ ਸਿੰਘ ਨੂੰ ਹਿਰਾਸਤ ਵਿਚ ਲੈ ਕੇ ਸਿਧੇ ਦੇਹਰਾਦੂਨ ਲੈ ਗਏ। ਮਹਾਰਾਜਾ ਦੇ ਆਪਣੇ ਕ੍ਰਮਚਾਰੀ ਜਿਨਾਂ ਵਿਚ ਇਕ ਗੁਰਦਿਆਲ ਸਿੰਘ ਖਾਸ ਸੀ, ਅੰਗ੍ਰੇਜ਼ਾਂ ਨਾਲ ਮਿਲੇ ਹੋਏ ਸਨ ਏਧਰ ਅਕਾਲੀ ਦਲ ਵਲੋਂ ਗੁਰਦਵਾਰਿਆਂ ਤੇ ਕਬਜੇ ਕਰਨ ਵਾਸਤੇ ਜਗਾ ਜਗਾ ਤੇ ਮੋਰਚੇ ਲਗ ਰਹੇ ਸਨ। ਗੁਰੂ ਕੇ ਬਾਗ ਘੁਕੇਵਾਲੀ ਦਾ ਮੋਰਚਾ ਫੇਰ ਜੈਤੋ ਦਾ ਮੋਰਚਾ ਲਗਾ। ਇਸ ਮੋਰਚੇ ਤੇ ਭਾਵੇਂ ਥਹੁਤੀ ਗਰਮਾ ਗਰਮੀ ਬਾਦ ਵਿਚ ਵਧੀ ਜਦੋਂ ੧੪ ਸਤੰਬਰ ੧੯੨੩ ਨੂੰ ਅਕਾਲੀਆਂ ਨੇ ਅਖੰਡ ਪਾਠ ਰਖਿਆ। ਪਰ ਛੇੜ ਛਾੜ ਪਹਿਲਾਂ ਤੋਂ ਹੀ ਚਲ ਰਹੀ ਸੀ। ਇਸ ਵਿਚ ਮਹਾਰਾਜਾ ਦੀ ਹਮਦਰਦੀ ਅਕਾਲੀਆਂ ਨਾਲ ਸੀ। ਦੂਜੇ ਪਾਸੇ ਅੰਗ੍ਰੇਜ਼ਾਂ ਦਾ ਹਥ ਸੀ।

ਮਹਾਰਾਜੇ ਦਾ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੂੰ ਬੀੜ ਦੇਣਾਂ ਅਕਾ-ਲੀਆਂ ਨਾਲ ਸਹਯੋਗ ਹੋਣਾ ਅੰਗ੍ਰੇਜ਼ੀ ਸ੍ਰਕਾਰ ਨੂੰ ਬਹੁਤ ਚੁਭਦਾ ਸੀ। ਮਹਾਰਾਜਾ ਦੇ ਰਾਜ ਗਦੀ ਤੋਂ ਨਿਰਵਾਸਤ ਹੁੰਦੇ ਹੀ, ਨਾਭੇ ਦਾ ਹਾਕਮ ਵਿਲਸਨ ਜਾਨਸਨ, ਐਡਮਿਨਿਸਟ੍ਰੇਟਰ ਅਤੇ ਉਪ੍ਰੋਕਤ ਗੁਰਦਿਆਲ ਸਿੰਘ ਅੰਗ੍ਰੇਜ਼ਾਂ ਵਲੋਂ ਨਿਯੁਕਤ ਹੋਇਆ। ਇਸ (ਗੁਰਦਿਆਲ ਸਿੰਘ) ਨੂੰ "ਖਾਨਗੀ ਕਾਰੋਬਾਰੀ" ਦੀ ਪਦਵੀ ਮਿਲੀ ਹੋਈ ਸੀ। ਇਸ ਨੇ ਅੰਗ੍ਰੇਜ਼ ਅਫਸਰਾਂ ਦੇ ਨਾਲ ਹੋਕੇ ਜੈਤੋ ਦੇ ਮੋਰਚੇ ਵਿਚ ਅਕਾਲੀਆਂ ਤੇ ਗੋਲੀ ਚਲਵਾਈ ਸੀ।

ਗਿ: ਪ੍ਰਤਾਪ ਸਿੰਘ ਜੀ ਲਿਖਦੇ ਹਨ:

"ਨਾਭੇ ਦੇ ਹਾਕਮਾਂ 'ਚੋ ਮਿ. ਵਿਲਸਨ ਜਾਨਸਨ, ਐਡਮਿਨ-ਸਟ੍ਰੇਟਰ ਸਰਦਾਰ ਗੁਰਦਿਆਲ ਸਿੰਘ ਮੀਤ ਐਡਮਿਨਸਸਟ੍ਰੇਟਰ ਮਿ: ਗਰੇਕਸਨ ਸੁਪ੍ਰਿੰਟੈਂਡੈਂਟ ਫੀਰੋਜਪੁਰ, ਰਾਇ ਸਾਹਿਬ ਨਥੂ

ਰਾਮ ਚੀਫ ਪੋਲੀਸ ਅਫਸਰ ਨਾਭਾ ਕਰਨਲ ਬਚਨ ਸਿੰਘ ਤੇ ਫੌਜੀ ਅਫਸਰ ਮੌਕੇ ਤੇ ਮੌਜੂਦ ਸਨ"।

(ਅਕਾਲੀ ਲਹਿਰ ਪੰਨਾ ੩੩੩-੩੪)

ਮਹਾਰਾਜਾ ਰਿਪੁਦਮਨ ਸਿੰਘ ਨੂੰ ਨਾਭੇ ਦੀ ਰਾਜ ਗਦੀ ਤੋਂ ਨਿਰਵਾਸਤ ਕਰਕੇ ੨੫ ਹਾੜ ੧੯੮੦(੯ ਜੁਲਾਈ ਸੰਨ ੧੯੨੩) ਨੂੰ ਦੇਹਰਾਦੂਨ ਲੈਜਾਇਆ ਗਿਆ ਸੀ ਤਿਨ ਲਖ ਰੁਪੈ ਵਾਰਸ਼ਿਕ ਖਰਚਾ ਨਿਸ਼ਚਿਤ ਕੀਤਾ ਗਿਆ ਸੀ। ਪਰ ਓਨਾਂ ਦੇ ਵੀਚਾਰ ਅੰਗਰੇਜ਼ ਵਿਰੋਧੀ ਹੋਣ ਕਰਕੇ ੧੯ ਫਰਵਰੀ ਸੰਨ ੧੯੨੮ ਨੂੰ ਦੋ ਲਖ ਦੀ ਥਾਂ ੧ ਲਖ ੨੫ ਹਜਾਰ ਕਰ ਦਿਤਾ ਅਤੇ ਮਹਾਰਾਜਾ ਦੀ ਪਦਵੀ ਤੋਂ ਨਿਰਵਾਸਤ ਕਰਕੇ ਮਦਰਾਸ ਦੇ ਇਲਾਕੇ ਕੋਡਾਈ ਕਨਾਲ ਲੈ ਜਾਕੇ ਹਿਰਾਸਤ ਵਿਚ ਰਖੇ ਗਏ ਜਿਥੇ ੧੩ ਦਸੰਬਰ ੧੯੪੩ ਨੂੰ ਓਨਾਂ ਦਾ ਦੇਹਾਂਤ ਹੋਇਆ।

ਅੰਗਰੇਜੀ ਸ੍ਰਕਾਰ ਦਾਸਹਯੋਗੀਹੋਣਕਰਕੇਅਤੇ ਜੈਤੋ ਦੇ ਮੋਰਚੇ ਤੇ ਗੋਲੀ ਚਲਾਉਣ ਵੇਲੇ ਅੰਗਰੇਜ਼ ਅਫਸਰਾਂ ਦੇ ਨਾਲ ਹੋਕੇ ਗੋਲੀ ਚਲਵਾਉਣ ਕਰਕੇ ਅਕਾਲੀਆਂ ਵਲੋਂ ਗੁਰਦਿਆਲ ਸਿੰਘ ਨੂੰ"ਗੁਰਦਿਆਲੂ" ਆਖਿਆ ਗਿਆ ਇਸਤੋਂ ਅੰਗਰੇਜੀ ਸ੍ਰਕਾਰ ਵਲੋਂ ਕੋਈ ਵਜਕਤੀ ਸ੍ਰੀ ਭੈਣੀ ਸਾਹਿਬ ਸ੍ਰੀ ਸਤਿਗਰੂ ਜੀ ਪਾਸ ਆਇਆ ਜਿਸਨੇ ਅਰਜ ਕੀਤੀ ਕਿ ਤੁਸੀਂ ਏਲਾਨ ਕਰ ਦਿਓ ਕਿ ਏਹ ਗੁਰਦਿਆਲ ਸਿੰਘ ਹੈ ਏਹ ਸਿਖ ਹੈ ਇਸ ਨੂੰ "ਗੁਰਦਿਆਲੂ" ਆਖਣਾ ਠੀਕ ਨਹੀਂ ਇਸ ਨਾਲ ਤੁਹਾਨੂੰ ਬੀੜ ਦੇ ਪੂਰਨ ਅਧਿਕਾਰ ਮਿਲ ਜਾਣਗੇ।

ਸ੍ਰੀ ਸਤਿਗੁਰੂ ਸਚੇ ਪਾਤਸ਼ਾਹ ਜੀ ਨੇ ਉਤ੍ਰ ਦਿਤਾ ਕਿ ਬੀੜ ਰਹੇ ਜਾਂ ਨਾ ਰਹੇ, ਚਾਹੇ ਸਾਡੇ ਕੋਈ ਮਤਭੇਦ ਹੋਣ ਪਰ ਅਕਾਲੀ ਸਾਡੇ ਭਰਾ ਹਨ, ਇਸ ਨੇ ਓਨਾਂ ਤੇ ਜੋ ਅਤਿਆਚਾਰ ਕੀਤਾ ਹੈ, ਇਸ ਕਰਕੇ ਇਹ ਗੁਰਦਿਆਲੂ ਹੀ ਹੈ। ਅਸੀਂ ਇਸ ਨੂੰ ਗੁਰਦਿਆਲ ਸਿੰਘ ਆਖਣ ਵਾਲਾ ਏਲਾਨ ਬਿਲਕੁਲ ਨਹੀਂ ਕਰਾਂਗੇ।

ਬਲਕਿ ਜੈਤੋ ਵਿਚ ਹੋਏ ਅੰਗਰੇਜ਼ਾਂ ਵਲੋਂ ਅਕਾਲੀਆਂ ਉਪਰ ਜਬਰ ਵਿਰੁਧ ਨਾਮਧਾਰੀ ਦ੍ਰਬਾਰ ਵਲੋਂ ਪ੍ਰਸਤਾਵ ਪਾਸ ਕੀਤਾ ਗਿਆ ਜਿਸਦੇ ਸ਼ਬਦ ਏਹ ਹਨ:-

ਨਾਮਧਾਰੀ ਦ੍ਰਬਾਰ ਨੂੰ ਜੈਤੋ ਦੀ ਦੁਖ ਦਾਇਕ ਵਿਥਿਆ ਸੁਣਕੇ ਬੜਾ ਦੁਖ ਹੋਇਆ ਹੈ ਅਤੇ ਦ੍ਰਬਾਰ ਰਿਆਸਤੀ ਕਾਰਰਵਾਈ ਨੂੰ ਅਤਿ ਘ੍ਰਿਣਾ ਸਹਿਤ ਦੇਖਦਾ ਹੈ। ਇਹ ਤਾਂ ਸਾਫ ਪ੍ਰਗਟ ਸੀ ਕਿ ਅਕਾਲੀਆਂ ਦਾ ਉਦੇਸ਼ ਕੇਵਲ ਅਖੰਡ ਪਾਠ ਕਰਨ ਵਾਸਤੇ ਜਾਣਾ ਸੀ। ਅਤੇ ਰਿਆਸਤ ਕਿਸੇ ਅਜੇਹੇ ਹੁਕਮ ਨੂੰ ਜੋ ਓਨਾਂ ਦੀ ਧਾਰਮਿਕ ਆਜ਼ਾਦੀ ਵਿਚ ਰੁਕਾਵਟ ਪਾਉਂਦਾ ਓਨਾਂ ਨੇ ਸ਼ਾਂਤਮਈ ਮੰਨਣਾ ਸੀ। ਸ੍ਰਕਾਰ ਦਾ ਕਮਿਊਨੀਕੇ ਕਹਿੰਦਾ ਹੈ ਕਿ ਪਹਿਲਾਂ ਅਕਾਲੀਆਂ ਨੇ ਗੋਲੀ ਚਲਾਈ ਅਤੇ ਜ਼ੋਰ ਨਾਲ ਇਸ ਨੂੰ ਜਾਰੀ ਰਖਿਆ। ਜੇ ਏਹ ਸਚ ਹੁੰਦਾ ਤਾਂ ਅਕਾਲੀਆਂ ਦੇ ਹਥਿਆਰ ਜਰੂਰ ਰਿਆਸਤ ਦੇ ਹਥ ਔਂਦੇ। ਪਰ ਗਵਰਮੈਂਟ ਦੇ ਚਲਾਣ ਵਿਚ ਅਜੇਹਾ ਕੋਈ ਜਿਕਰ ਨਹੀਂ ਹੈ। ਨਾਂ ਹੀ ਰਿਆਸਤ ਦੀ ਫੌਜ ਵਿਚੋਂ ਕਿਸੇ ਦਾ ਨੁਕਸਾਨ ਹੋਇਆ। ਅਸਲ ਗਲ ਏਹ ਹੈ ਕਿ ਰਿਆਸਤੀ ਹਾਕਮਾਂ ਨੇ ਅਪਣੀ ਕਾਰਰਵਾਈ ਨੂੰ ਹਰ ਤਰਾਂ ਛੁਪੌਣ ਦੀ ਕੋਸ਼ਸ਼ ਕੀਤੀ ਹੈ। ਅਸੈਂਬਲੀ ਦੇ ਮੈਂਬਰਾਂ ਨੂੰ ਸਟੇਸ਼ਨ ਪਰ ਉਤਰਨ ਨਹੀਂ ਦਿਤਾ ਗਿਆ। ਪ੍ਰਿੰਸੀਪਲ ਗਿਡਵਾਨੀ ਤੇ ਡਾ. ਕਿਚਲੂ ਨੂੰ ਗ੍ਰਿਫਤਾਰ ਕੀਤਾ ਗਿਆ। ਦਵਾਈਆਂ ਤੇ ਡਾਕਟਰਾਂ ਨੂੰ ਜੋ ਜਥੇ ਨਾਲ ਸਨ ਗ੍ਰਿਫਤਾਰ ਕਰਕੇ ਰਿਆਸਤੀ ਹਾਕਮਾਂ ਨੇ ਹੋਰ ਵੀ ਬੇ-ਰਹਿਮੀ ਦਾ ਸਬੂਤ ਦਿਤਾ ਹੈ। ਨਾਮਧਾਰੀ ਦ੍ਰਬਾਰ ਦੀ ਸਮਿਤੀ ਵਿਚ ਇਸ ਮਾਮਲੇ ਵਿਚ ਖੁਲੀ ਤਹਿਕੀਕਾਤ ਤੋਂ ਬਿਨਾਂ ਤਸਲੀ ਨਹੀਂ ਹੋ ਸਕਦੀ। ਅਤੇ ਦ੍ਰਬਾਰ ਅਕਾਲੀਆਂ ਦੇ ਸ਼ਹੀਦੀ ਜਥੇ ਨੂੰ ਉਸਦੀ ਬਹਾਦਰੀ ਲਈ ਵਧਾਈ ਦਿੰਦਾ ਹੈ। ਅਤੇ ਅਕਾਲ

ਪੁਰਖ ਪਾਸ ਉਨਾਂ ਦੀਆਂ ਆਤਮਾ ਨੂੰ ਅਪਣੇ ਚਰਨਾ ਵਿਚ ਨਿਵਾਸ ਦੇਣ ਵਾਸਤੇ ਅਰਦਾਸ ਕਰਦਾ ਹੈ।

(ਇਹ ਮਤਾ "ਵਰਤਮਾਨ ਸਿਖ ਇਤਹਾਸ" ਹਿਸਾ ੬-ਕ੍ਰਿਤ ਗਿ: ਤ੍ਰਲੋਕ ਸਿੰਘ ਦੇ ਪੰਨਾ ੨੯੭ ਤੇ ਹੈ)

ਇਸ ਤੋਂ ਅੰਗਰੇਜ਼ ਨੂੰ ਹੋਰ ਚਿੜ ਹੋਈ। ਵਿਲਸਨ ਜਾਨਸਨ, ਐਡਮਿਨਿਸਟ੍ਰੇਟਰ ਦੀਆਂ ਚਿਠੀਆਂ ਪਹਿਲੇ ਹੀ ਆ ਚੁਕੀਆਂ ਸਨ ਕਿ ਤੁਹਾਨੂੰ ਮਹਾਰਾਜਾ ਨੇ ਇਹ ਬੀੜ ਕੇਵਲ ਪਸ਼ੂ-ਚਰਾਂਦ ਲਈ ਅਤੇ ਲੋੜ ਅਨੁਸਾਰ ਲੰਗਰ ਲਈ ਲਕੜੀਆਂ ਲਈ ਦਿਤਾ ਸੀ। ਤੁਸੀਂ ਏਨਾਂ ਸ਼ਰਤਾਂ ਦਾ ਉਲੰਘਨ ਕਿਓਂ ਕੀਤਾ ਹੈ। ਤੁਸੀਂ ਖੂਹ ਲਾਇਆ ਹੈ ਇਮਾਰਤ ਬਣਾਈ ਹੈ ਏਹ ਸਭ ਢਾਹ ਦਿਓ। ਫਸਲ ਵਢਕੇ ਪੈਲੀ ਖਾਲੀ ਕਰ ਦਿਓ। ਮੈਂ ਮਾਲ ਮਹਿਕਮੇ ਦੇ ਕ੍ਰਮਚਾਰੀਆਂ ਨੂੰ ਆਦੇਸ਼ ਦਿੰਦਾ ਹਾਂ ਕਿ ਤੁਹਾਨੂੰ ਬੀੜ ਦੁਆਲੇ ਲਗੌਣ ਵਾਸਤੇ ਖੰਭੇ ਅਤੇ ਤਾਰ ਦਿਤੀ ਗਈ ਸੀ ਓਹ ਤਹਾਡੇ ਪਾਸੋਂ ਲਈ ਜਾਵੇ ਅਤੇ ਲੋਕ ਨਿਰਮਾਣ ਵਿਭਾਗ ਨੂੰ ਦਿਤੀ ਜਾਵੇ(ਵਿਲਸਨ ਜਾਨਸਨ ਦੀ ਚਿਠੀ ਨੰ: ੨੭੭ ਤਾਰੀਖ ੧੮ ਜਨਵਰੀ ੧੯੨੪)

ਮਹਾਰਾਜਾ ਰਿਪੁਦਮਨ ਸਿੰਘ ਨਾਲੋਂ ਉਸਦੇ ਪੁਤਰਾਂ ਅਤੇ ਮਹਾ-ਰਾਣੀ ਨੂੰ ਅਲਗ ਕਰ ਦਿਤਾ ਗਿਆ ਅਤੇ ੨੩ ਫਰਵਰੀ ੧੯੨੮ ਨੂੰ ਟਿਕਾ ਪ੍ਰਤਾਪ ਸਿੰਘ ਨੂੰ ਨਾਭੇ ਦਾ ਮਹਾਰਾਜਾ ਹੋਣ ਦਾ ਐਲਾਨ ਅੰਗ੍ਰੇਜ਼ੀ ਸ੍ਰਕਾਰ ਵਲੋਂ ਕੀਤਾ ਗਿਆ। ਏਹ ਸਭ ਕੁਛ ਇਸ ਕਰਕੇ ਹੋਇਆ ਕਿ ਪਤਰਾਂ ਵਿਚ, ਕਿਤੇ ਪਿਤਾ ਵਾਲੀ ਭਾਵਨਾ ਦਾ ਅੰਸ਼ ਮਾਤਰ ਭੀ ਨਾ ਆ ਜਾਵੇ। ਫੇਰ ਮਾਰਚ੧੯੩੪ ਵਿਚ ਰਾਜਮਾਤਾ ਸਰੋਜਨੀ ਦੇਵੀ ਤੇ ਉਸਦਾ ਪੁਤਰ ਮਹਾਰਾਜਾ ਪ੍ਰਤਾਪ ਸਿੰਘ ਸਮੇਤ ਭਾਈਆਂ ਵਲੈਤ ਭੇਜੇ ਗਏ ਤਾਂ ਕਿ ਅੰਗ੍ਰੇਜ਼ੀ ਰਾਜ ਪ੍ਰਸਤੀ ਇਨਾਂ ਅੰਦਰ ਪਕੀ ਤਰਾਂ ਭਰੀ ਜਾਵੇ।

ਨਾਭੇ ਦੇ ਮੁਖੀ ਰਾਜ ਕਰਮਚਾਰੀਆਂ ਵਿਚੋਂ ਜਨਰਲ ਸ਼ਿਵਦੇਵ ਸਿੰਘ, ਦੀਵਾਨ ਗੁਰਬਚਨ ਸਿੰਘ ਅਤੇ ਸ੍ਰ. ਸੰਤ ਸਿੰਘ ਸਨ, ਜਿਨਾਂ ਨੂੰ ਮਿਲਣ ਦਾ ਮੌਕਾ ਇਸ ਲੇਖਕ ਨੂੰ ਭੀ ਕਈ ਵਾਰੀ ਮਿਲਿਆ ਹੈ। ਏਹ ਤਿੰਨੇ ਹੀ ਅੰਗ੍ਰੇਜ਼ੀ ਸਰਕਾਰ ਦੇ ਮਨੋ ਸ਼ੁਭ ਚਿੰਤਕ ਅਤੇ ਮੁਖ ਪੁਰਜੇ ਸਨ।

ਮਹਾਰਾਜਾ ਕਈ ਸਾਲਾਂ ਬਾਦ ਵਲੈਤੋਂ ਵਾਪਸ ਆਇਆ। ਓਥੇ ਕੇਸ ਦਾੜ੍ਹੀ ਨਹੀਂ ਸਨ ਰਖੇ ਪਰ ਭਾਰਤ ਔਣ ਤੇ ਬਹੁਤ ਸਾਰੇ ਸਿਖਾਂ ਨੇ ਜ਼ੋਰ ਦਿਤਾ ਕਿ ਇਕ ਸਿਖ ਰਿਆਸਤ ਦਾ ਮਹਾਰਾਜਾ ਹੈ। ਕੇਸ ਦਾੜ੍ਹੀ ਰਖਣੇ ਚਾਹੀਦੇ ਹਨ। ਸੋ ਮਹਾਰਾਜੇ ਨੇ ਕੇਸ ਦਾੜ੍ਹੀ ਰਖ ਲਏ।

ਮਹਾਰਾਜੇ ਨੇ ਨਾਭੇ ਆਕੇ ਆਪਣਾ ਘਰ ਸੰਭਾਲਿਆ ਪਰ ਉਪ੍ਰੋਕਤ ਤਿਨ ਸ੍ਰਦਾਰਾਂ ਨੇ ਮਹਾਰਾਜੇ ਨੂੰ ਐਸੇ ਦਾਇਰੇ ਵਿਚ ਘੇਰੀ ਰਖਿਆ ਕਿ ਇਸਨੂੰ ਇਸਦੇ ਪਿਛੋਕੜ ਦਾ ਪਤਾ ਲਗਣ ਹੀ ਨਹੀਂ ਦਿਤਾ। ਸ੍ਰ. ਸੰਤ ਸਿੰਘ ਨਾਭੇ ਦਾ ਵਡਾ ਵਜੀਰ ਨਿਯੁਕਤ ਹੋਇਆ। ਮਹਾਰਾਜਾ ਇਸਦੇ ਆਸ਼ੇ ਤੋਂ ਬਾਹਰ ਜਾ ਨਹੀਂ ਸੀ ਸਕਦਾ।

ਸ੍ਰੀ ਸਤਿਗੁਰੂ ਸਚੇ ਪਾਤਸ਼ਾਹ ਜੀ ਬਹੁਤ ਵੇਰ ਨਾਭੇ ਜਾਂਦੇ। ਮਹਾਰਾਜੇ ਨੂੰ ਮਿਲਦੇ, ਓਸਨੂੰ ਬੀੜ ਦੇ ਸੰਬੰਧਾਂ ਬਾਰੇ ਦਸਦੇ। ਏਹ ਸੁਣੀ ਜਾਂਦਾ ਰਿਹਾ ਪਰ ਅਪ੍ਰਭਾਵਿਤ ਹੀ ਰਿਹਾ। ਇਕ ਵਾਰੀ ਮਹਾਰਾਜੇ ਨੂੰ ਬੀੜ ਵਿਚ ਸਦਿਆ ਆਕੇ ਥੋੜਾ ਚਿਰ ਬੈਠਕੇ ਗਲਾਂ ਬਾਤਾਂ ਸੁਣਕੇ ਚਲਾ ਗਿਆ। ਫੇਰ ਇਕ ਵਾਰੀ ਸਨ ੪੩-੪੪ ਦੇ ਕ਼ਰੀਬ ਐਸਾ ਮੌਕਾ ਬਣਿਆ ਕਿ ਸ੍ਰੀ ਸਤਿਗੁਰੂ ਜੀ ਕਸ਼ਮੀਰ ਦਰਸ਼ਨ ਦੇ ਰਹੇ ਸਨ। ਮਹਾਰਾਜਾ ਭੀ ਕਸ਼ਮੀਰ ਗਿਆ। ਪਤਾ ਲਗਣ ਤੇ ਓਥੇ ਮਿਲਣ ਵਾਸਤੇ ਬੜਾ ਜਤਨ ਕੀਤਾ। ਦੀਵਾਨ ਗੁਰਬਚਨ ਸਿੰਘ ਨਾਲ ਸੀ। ਇਸਨੇ ਮੁਲਾਕਾਤ ਨਹੀਂ ਹੋਣ ਦਿਤੀ।

ਇਸ ਬੀੜ ਦਾ ਮਾਮਲਾ ਵਿਚੇ ਲਟਕਦਾ ਰਿਹਾ। ਕਬਜਾ ਸ੍ਰੀ ਸਤਿਗੁਰੂ ਜੀ ਵਲੋਂ ਸਾਧ ਸੰਗਤ ਨੇ ਜਮਾਈ ਰਖਿਆ।

ਏਧਰ ਭਾਰਤ ਸੁਤੰਤਰ ਹੋ ਗਿਆ। ਪਟਿਆਲਾ, ਨਾਭਾ, ਜੀਂਦ, ਫਰੀਦਕੋਟ, ਮਲੇਰ ਕੋਟਲਾ, ਏਨਾਂ ਰਿਆਸਤਾਂ ਦਾ ਇਕ ਵਖਰਾ ਪੈਪਸੂ ਨਾਮ ਦਾ ਪ੍ਰਾਂਤ (ਪਟਿਆਲਾ ਅਤੇ ਪੂਰਬੀ ਪੰਜਾਬ ਰਿਆਸਤੀ ਸੰਘ) ਬਣ ਗਿਆ। ਪਟਿਆਲਾ ਦੇ ਮਹਾਰਾਜਾ ਯਾਦਵਿੰਦਰ ਸਿੰਘ ਨੂੰ ਰਾਜ ਪ੍ਰਮੁਖ ਨਿਯੁਕਤ ਕੀਤਾ ਗਿਆ। ਰਾਜ ਪ੍ਰਮੁਖ ਦੀ ਹੈਸੀਅਤ ਗਵ੍ਰਨ੍ਰ (ਰਾਜਪਾਲ) ਵਰਗੀ ਰਖੀ ਗਈ। ਲੋੜ ਪੈਣ ਤੇ ਸੂਬੇ ਦੀ ਸਰਕਾਰ ਤੋੜ ਦੇਵੇ ਪਰ ਕੇਂਦਰੀ ਸ੍ਰਕਾਰ ਦੀ ਇਛਾ ਅਨੁਸਾਰ ਸ਼ਾਸਨਿਕ ਅਧਿਕਾਰ ਕੋਈ ਨਹੀਂ।

ਸ੍ਰਕਾਰੀ ਕਰਮਚਾਰੀਆਂ ਵਿਚ ਜਨਰਲ ਸ਼ਿਵਦੇਵ ਸਿੰਘ ਆਦਿਕ ਦਾ ਕਾਫੀ ਅਸਰ ਰਸੂਖ ਸੀ। ਪੈਪਸੂ ਦੀ ਸ੍ਰਕਾਰ ਬਣਦਿਆਂ ਹੀ ਏਨਾਂ ਨੇ ਬੀੜ ਵਿਚ ਲੋਕਾਂ ਦੇ ਡੰਗਰ ਚੁਗਣੇ ਛਡਵਾ ਦਿਤੇ। ਪੈਪਸੂ ਦੇ ਖੇਤੀ ਬਾੜੀ ਮੰਤ੍ਰੀ ਗਿ: ਜੈਲ ਸਿੰਘ ਜੀ ਨਿਯੁਕਤ ਹੋਏ। ਸ੍ਰੀ ਸਤਿਗੁਰੂ ਜੀ ਵਲੋਂ ਗਿਆਨੀ ਜੀ ਨੂੰ ਆਖਿਆ ਗਿਆ ਕਿ ਭਾਰਤ ਸੁਤੰਤਰ ਹੋਣ ਤੇ ਅਸੀਂ ਤਾਂ ਏਹ ਆਸ ਲਾਈ ਬੈਠੇ ਸਾਂ ਕਿ ਬੀੜ ਦੇ ਪੂਰਨ ਅਧਿਕਾਰ ਸਾਨੂੰ ਮਿਲਣਗੇ। ਸਗੋਂ ਉਲਟਾ ਏਥੇ ਲੋਕਾਂ ਦੇ ਡੰਗਰ ਛਡਵਾ ਦਿਤੇ ਹਨ। ੧ ਦਸੰਬਰ ੧੯੫੧ ਨੂੰ ਦਰਖਾਸਤ ਦਿਤੀ ਗਈ। ਗਿਆਨੀ ਜੀ ਨੇ ਹੁਕਮ ਲਿਖ ਦਿਤਾ ਕਿ ਡੰਗਰ ਬੰਦ ਕਰਵਾਏ ਜਾਣ। ਇਸ ਵਿਭਾਗ ਦਾ ਸੈਕਟਰੀ, ਸੋਢੀ ਜੈ ਦੇਵ ਸਿੰਘ ਸੀ, ਓਹ ਭੀ ਪੁਰਾਣਾ ਅੰਗਰੇਜੀ ਰਾਜ ਦਾ ਪੁਰਜਾ ਸੀ। ਉਸਨੇ ਗਿਆਨੀ ਜੀ ਦੇ ਹੁਕਮ ਤੇ ਨੋਟ ਲਿਖਕੇ ਵਾਪਸ ਭੇਜ ਦਿਤਾ ਕਿ ਏਨਾਂ ਲੋਕਾਂ ਤੋਂ ਪੈਸੇ ਲਏ ਜਾ ਚੁਕੇ ਹਨ। ਜੋ ਖਜਾਨੇ ਜਮਾਂ ਕੀਤੇ ਗਏ ਹਨ। ਓਹ ਹੁਣ ਏਨਾਂ ਨੂੰ ਵਾਪਸ ਨਹੀਂ ਕੀਤੇ ਜਾ ਸਕਦੇ ਇਸ ਕਰਕੇ ਏਨਾਂ ਦੇ ਡੰਗਰ ਬੰਦ ਨਹੀਂ ਕੀਤੇ ਜਾ ਸਕਦੇ। ਗਿਆਨੀ ਜੀ ਦੀ ਸਾਡੇ ਨਾਲ ਹਮਦਰਦੀ ਤਾਂ ਸੀ। ਪਰ ਸ੍ਰਕਾਰੀ ਕਰਮ-

ਕਾਰੀਆਂ ਵਿਚ ਜਨ: ਸ਼ਿਵਦੇਵ ਸਿੰਘ ਦਾ ਐਸਾ ਅਸਰ ਸੀ ਕਿ ਓਨਾਂ ਅਗੇ ਗਿਆਨੀ ਜੀ ਆਪਣੇ ਹੁਕਮ ਦੀ ਤਾਮੀਲ ਕਰਵਾਉਣ ਤੋਂ ਅਸਮਰਥ ਰਹੇ।

ਏਸ ਤੋਂ ਬਾਅਦ ਸ੍ਰੀ ਸਤਿਗੁਰੂ ਜੀ ਦੀ ਆਗਿਆ ਅਨੁਸਾਰ ਸ੍ਰ. ਦਇਆ ਸਿੰਘ ਜੀ, ਸ੍ਰ. ਬੂਟਾ ਸਿੰਘ ਜੀ ਰਾਇਪੁਰ ਸੰਤ ਇੰਦਰ ਸਿੰਘ ਜੀ ਚਕ੍ਰਵਰਤੀ ਅਤੇ ਮੈਂ ਪੈਪਸੂ ਦੇ ਵਖ ਵਖ ਮੰਤ੍ਰੀਆਂ ਨੂੰ ਕਈ ਵਾਰ ਜਾ ਜਾ ਕੇ ਮਿਲੇ। ਬੀੜ ਦੇ ਸਬੰਧ ਵਿਚ ਪਿਛੇ ਤੋਂ ਲੈਕੇ ਸਭ ਸਮਾਚਾਰ ਦਸੇ ਪਰ ਉਤ੍ਰ ਟਾਲਮਟੋਲ ਵਿਚ ਹੀ ਮਿਲਦੇ ਰਹੇ।

ਓਹ ਲੋਕ ਜਿਨਾਂ ਨੂੰ ਬੀੜ ਵਿਚ ਪੈਰ ਰਖਣ ਦੀ ਜੁਰਅਤ ਨਹੀਂ ਸੀ ਪੈਂਦੀ, ਆਪਣੇ ਡੰਗਰ ਲੈਕੇ ਚਾਰਨ ਆਇਆ ਕਰਨ ਅਤੇ ਬੀੜ ਵਿਚ ਡੇਰੇ ਦੇ ਨੇੜੇ ਆਕੇ ਚਾਂਗਰਾਂ ਮਾਰਿਆ ਕਰਨ। ਇਸ ਬੀੜ ਵਿਚ ਸੰਤਾ ਸਿੰਘ ਸ੍ਰੀ ਸਤਿਗੁਰੂ ਜੀ ਵਲੋਂ ਦਰੋਗਾ ਨਿਯੁਕਤ ਸੀ। ਏਸ ਸੰਤਾ ਸਿੰਘ ਨੇ ਓਨਾਂ ਲੋਕਾਂ ਦਾ ਓਸ ਵਕਤ ਜਿਸਤਰ੍ਹਾਂ ਸਾਮਣਾ ਕੀਤਾ, ਇਸ ਨਾਜਕ ਵਕਤ ਨੂੰ ਜਿਨਾਂ ਵੇਖਿਆ ਹੈ, ਓਹ ਹੀ ਜਾਣਦੇ ਹਨ। ਓਹ ਸਮਾਂ ਸੰਤਾ ਸਿੰਘ ਨੇ ਜਿਸਤਰ੍ਹਾਂ ਸੰਭਾਲਿਆ, ਓਹ ਭਾਰੀ ਪ੍ਰਸ਼ੰਸਾ ਦਾ ਪਾਤ੍ਰ ਹੈ।

ਪੈਪਸੂ ਬਣਨ ਤੋਂ ਲੈਕੇ ਕਰਨਲ ਰਘਬੀਰ ਸਿੰਘ, ਸ੍ਰ. ਗਿਆਨ ਸਿੰਘ ਰਾੜੇ ਵਾਲਾ ਅਤੇ ਬ੍ਰਿਸ਼ਭਾਨ ਵਾਰੀ ਵਾਰੀ ਮੁਖ ਮੰਤ੍ਰੀ ਪਦ ਤੇ ਔਂਦੇ ਰਹੇ। ਏਨਾਂ ਦੇ ਆਪਸ ਵਿਚ ਵਿਰੋਧ ਭੀ ਬੜੇ ਤੀਬ੍ਰ ਸਨ। ਏਨਾਂ ਨੂੰ ਇਸ ਬੀੜ ਬਾਰੇ ਸਾਰਾ ਕੁਛ ਕਈ ਵਾਰੀ ਜਾ ਜਾ ਕੇ ਦਸਿਆ। ਕਈ ਵਾਰੀ ਇਨਾਂ ਦੇ ਨਿਕਟ ਵਰਤੀ ਅਸਰ ਰਸੂਖ ਵਾਲਿਆਂ ਨੂੰ ਨਾਲ ਲੈ ਜਾ ਜਾ ਕੇ ਬਹੁਤ ਕੁਛ ਆਖਿਆ ਕਿ ਹੁਣ ਭਾਰਤ ਸੁਤੰਤਰ ਹੈ, ਨਾਮਧਾਰੀਆਂ ਦਾ ਭਾਰਤ ਦੀ ਸੁਤੰਤਰਤਾ ਵਿਚ ਮਹਾਨ ਯੋਗਦਾਨ ਹੈ; ਇਹ ਜਮੀਨ ਮਹਾਰਾਜਾ ਨੇ ਦਿਤੀ ਹੋਈ ਹੈ, ਤੁਸੀਂ ਇਸਦੀ ਪ੍ਰਵਾਨਗੀ

ਕਾਗਜ਼ਾਂ ਵਿਚ ਪੂਰੀ ਕਰੋ। ਮੈਨੂੰ ਯਾਦ ਹੈ, ਖੰਨੇ ਦੇ ਮਹਿਤਾ ਰਨਬੀਰ ਸਿੰਘ ਅਤੇ ਉਨਾਂ ਦੇ ਭਾਈ ਮਹਿਤਾ ਦੇਸ ਰਾਜ ਨੇ ਭੀ ਵਰਤਮਾਨ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਨਾਲ ਜਾ ਕੇ ਬ੍ਰਿਸ਼ਭਾਨ ਨੂੰ ਆਖਿਆ ਸੀ ਕਿ ਏਨਾਂ ਦਾ ਕੰਮ ਜਰੂਰ ਕਰੋ। ਪੇਪਸੂ ਸ੍ਰਕਾਰ ਪਾਸ ਦਰਖਾਸਤਾਂ ਦਿੰਦਿਆਂ ਅਤੇ ਸਫਾਰਸ਼ਾਂ ਪਵਾਉਂਦਿਆਂ ੪-੫ ਸਾਲ ਬੀਤ ਗਏ। ਇਥੇ ਹੀ ਬਸ ਨਹੀਂ, ਕੇਂਦਰੀ ਸ੍ਰਕਾਰ ਦੇ ਓਨਾਂ ਮੰਤ੍ਰੀਆਂ ਪਾਸੋਂ ਭੀ ਬ੍ਰਿਸ਼ਭਾਨ ਨੂੰ ਅਖਵਾਇਆ, ਜੋ ਇਸਤੇ ਥੋੜਾ ਬਹੁਤ ਪ੍ਰਭਾਵ ਰਖਦੇ ਸਨ। ਓਨਾਂ ਆਖ ਤਾਂ ਭਾਵੇਂ ਦਿਤਾ, ਨਾਂ ਤਾਂ ਓਨਾਂ ਨੂੰ ਦੇਸ਼ ਵੰਡਾਰੇ ਤੋਂ ਪਹਿਲਾਂ ਨਾਮਧਾਰੀਆਂ ਦਾ ਸੁਤੰਤਰਤਾ ਲਈ ਦਿਤਾ ਸਹਯੋਗ ਯਾਦ ਰਿਹਾ, ਨਾਂ ਹੀ ਬ੍ਰਿਸ਼ਭਾਨ ਨੇ ਓਨਾਂ ਦਾ ਰੰਚਕ ਮਾਤ੍ਰ ਕੋਈ ਅਸਰ ਕੀਤਾ। ਸਗੋਂ ਪੰਜਾਬੀ ਦੀ ਓਹ ਕਹਾਵਤ ਵਾਲੀ ਗਲ ਬਣ ਗਈ।

ਓਹ ਫਿਰੇ ਨਥ ਘੜੌਣ ਨੂੰ ਤੇ ਓਹ ਫਿਰੇ ਨਕ ਵਢੌਣ ਨੂੰ।

ਬੀੜ ਵਿਚ ਬਹੁਤ ਪੁਰਾਣੀਆਂ ਅਤੇ ਕੀਮਤੀ ਕਿਕਰਾਂ ਖਲੋਤੀਆਂ ਸਨ। ਬ੍ਰਿਸ਼ਭਾਨ ਨੇ ਓਨਾਂ ਦੀ ਨੀਲਾਮੀ ਦਾ ਹੁਕਮ ਦੇ ਦਿਤਾ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਆਗਿਆ ਅਨੁਸਾਰ ਮੈਂ ਜਾਕੇ ਮਿਲਿਆ। ਮੈਂ ਆਖਿਆ ਕਿ ਅਸੀ ਤੁਹਾਡੇ ਪਾਸ ਦਰਖਾਸਤਾਂ ਦਿਤੀਆਂ ਹੋਈਆਂ ਹਨ ਕਿ ਏਹ ਬੀੜ ਮਹਾਰਾਜਾ ਰਿਪੁਦਮਨ ਸਿੰਘ ਨੇ ਸ੍ਰੀ ਸਤਿਗੁਰੂ ਜੀ ਨੂੰ ਭੇਟ ਕੀਤਾ ਸੀ, ਓਸਦੇ ਸਾਰੇ ਸਬੂਤ ਲਿਖਕੇ ਦਿਤੇ ਹੋਏ ਹਨ। ਤੁਸੀਂ ਓਨਾਂ ਦਾ ਅਜੇ ਕੋਈ ਫੈਸਲਾ ਨਹੀਂ ਕੀਤਾ ਸਗੋਂ ਬੀੜ ਵਿਚ ਖਲੋਤੀਆਂ ਕਿਕਰਾਂ ਨੀਲਾਮ ਕਰਨ ਦਾ ਹੁਕਮ ਦੇ ਦਿਤਾ ਹੈ। ਅਗੋਂ ਬ੍ਰਿਸ਼ਭਾਨ ਨੇ ਕਿਹਾ ਕਿ ਜੇ ਫੈਸਲਾ ਤੁਹਾਡੇ ਹਕ ਵਿਚ ਹੋ ਜਾਇਗਾ ਤਦ ਜੋ ਕੀਮਤ ਵਟੀ ਜਾਇਗੀ, ਓਹ ਤੁਹਾਨੂੰ ਮਿਲ ਜਾਇਗੀ। ਮੈਂ ਆਖਿਆ ਕਿ ਤੁਹਾਨੂੰ ਓਨਾਂ ਕਿਕਰਾਂ ਦੀ ਕੀਮਤ ਦਾ ਕੀ ਫਿਕਰ ਹੈ ਕਿਤਨੇ ਭੀ ਮਿਲ ਜਾਣ ਤੁਸਾਂ ਓਹ ਵਟਤ ਹੀ ਆਖਣੀ

ਹੈ। ਸਾਡਾ ਪੰਜ ਹਜਾਰ ਦਾ ਮਾਲ ਤੁਸੀਂ ਪੰਜ ਸੌ ਵਿਚ ਦੇ ਦਿਓਗੇ, ਤੁਹਾਡਾ ਕੀ ਜਾਣਾ ਹੈ। ਦਰਖਾਸਤ ਨਾਲ ਦਿਤੀ ਕਿ ਏਹ ਨੀਲਾਮੀ ਬੰਦ ਕਰੋ। ਪਰ ਓਥੇ ਹਕੂਮਤ ਦਾ ਨਸ਼ਾ ਸੀ। ਕੋਈ ਅਸਰ ਨਾ ਹੋਇਆ।

ਏਨਾਂ ਦਿਨਾਂ ਵਿਚ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਆਦੇਸ਼ ਅਨੁਸਾਰ ਵਰਤਮਾਨ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਭਾਰਤ ਸ੍ਰਕਾਰ ਦੇ ਕ੍ਰਿਸ਼ੀ ਮੰਤ੍ਰੀ ਡਾ: ਕੈਲਾਸ਼ਨਾਥ ਕਾਟਜੂ ਨੂੰ ਮਿਲੇ ਅਤੇ ਕਿਕਰਾਂ ਦੀ ਨੀਲਾਮੀ ਰੋਕਣ ਲਈ ਆਖਿਆ। ਓਨਾਂ ਪੈਪਸੂ ਦੇ ਮੁਖ ਮੰਤ੍ਰੀ ਬ੍ਰਿਸ਼-ਭਾਨ ਨੂੰ ਫੋਨ ਕੀਤਾ। ਬ੍ਰਿਸ਼ਭਾਨ ਨੇ ਉਤ੍ਰ ਦਿਤਾ ਕਿ ਅਸੀਂ ਕਿਕਰਾਂ ਦੀ ਨੀਲਾਮੀ ਦਾ ਹੁਕਮ ਦਿਤਾ ਹੀ ਨਹੀਂ। ਬ੍ਰਿਸ਼ਭਾਨ ਦੇ ਝੂਠ ਬੋਲਣ ਦਾ ਲਿਖਤੀਸਬੂਤਡਾ: ਕਾਟਜੂ ਨੂੰ ਜਾਕੇ ਦਿਖਾਉਂਦੇ ਇਸ ਸਮੇਂ ਵਿਚ ਨੀਲਾਮੀ ਹੋ ਜਾਣੀ ਸੀ। ਏਹ ਸੋਚਕੇ ਸ੍ਰੀ ਸਤਿਗੁਰੂ ਜੀ ਪਾਸ ਅਰਜ ਕੀਤੀ ਕਿ ਇਨਾਂ ਨੂੰ ਐਸ ਵੇਲੇ ਸਾਡੀ ਕੋਈ ਕਦਰ ਨਹੀਂ। ਏਹ ਹੋਰ ਨੁਕਸਾਨ ਕਰਨਗੇ। ਤਾਂ ਤੇ ਆਪ ਕਿਰਪਾ ਕਰੋ, ਆਗਿਆ ਦਿਓ, ਦੀਵਾਨੀ ਅਦਾਲਤ ਵਿਚ ਸ੍ਰਕਾਰ ਵਿਰੁਧ ਮੁਕਦਮਾ ਕੀਤਾ ਜਾਏ। ਸ੍ਰੀ ਸਤਿਗੁਰੂ ਜੀ ਵਲੋਂ ਪ੍ਰਵਾਨਗੀ ਮਿਲ ਗਈ। ਨਾਲ ਹੀ ਆਗਿਆ ਕੀਤੀ ਕਿ ਇਸਦੇ ਅਰਜੀ ਦਾਵੇ ਦਾ ਮਜ਼ਮੂਨ ਲਾਹੌਰ ਵਾਲੇ ਰਾਇ ਬਹਾਦਰ ਬਦਰੀ ਦਾਸ ਪਾਸੋਂ ਤਿਆਰ ਕਰਾਇਆ ਜਾਵੇ। ਅਤੇ ਵਕੀਲ ਭੀ ਓਨਾਂ ਦੀ ਇਛਾ ਅਨੁਸਾਰ ਕੀਤਾ ਜਾਵੇ।

ਬੀੜ ਦੇ ਸਬੰਧ ਵਿਚ ਸ੍ਰਕਾਰ ਵਿਰੁਧ ਮੁਕਦਮਾਂ

੧੮

ਬੀੜ ਦੀ ਜਮੀਨ ਤਸੀਲ ਸਰਹਿੰਦ ਵਿਚ ਸੀ ਅਤੇ ਇਸ ਦੀ ਦੀਵਾਨੀ ਅਦਾਲਤ ਦਾ ਕੇਂਦਰ ਫਤਹਗੜ ਸੀ। ਏਥੇ ਜੋ ਜਜ ਸ੍ਰੀ ਸੰਤ ਲਾਲ ਗਰਗ ਨਿਯੁਕਤ ਸਨ ਓਹ ਹਫਤੇ ਦੇ ਕੁਛ ਦਿਨ ਕਪੂਰਥਲੇ ਕੰਮ

ਕਰਦੇ ਸਨ ਅੰਤ ਕੁਛ ਦਿਨ ਫਤਹ ਗੜ੍ਹ। ਓਧਰੋਂ ਕਿਕਰਾਂ ਦੀ ਨੀਲਾਮੀ ਨੇੜੇ ਆ ਰਹੀ ਸੀ। ਰਾਇ ਬਹਾਦਰ ਬਦਰੀ ਦਾਸ ਨੂੰ ਪਿਛਲੇ ਸਾਰੇ ਕਾਗਜ ਦਿਖਾਲਕੇ ਦਸਕੇ ਅਰਜੀ ਦਾਵਾ ਤਿਆਰ ਕਰਾਇਆ ਗਿਆ। ਭਾਵੇਂ ਮੈਂ ਇਸ ਕੰਮ ਵਿਚ ਸ੍ਰੀ ਸਤਿਗੁਰੂ ਜੀ ਦੀ ਬਖਸ਼ਸ਼ ਨਾਲ ਏਧਰ ਓਧਰ ਜਾਣ ਦੀ ਸੇਵਾ ਕਰਦਾ ਸਾਂ ਪਰ ਸ੍ਰ. ਦਇਆ ਸਿੰਘ ਕਕੜਾਂ ਵਾਲੇ ਅਤੇ ਸ੍ਰ. ਬੂਟਾ ਸਿੰਘ ਗਰੇਵਾਲ ਕਿਲਾ ਰਾਇਪੁਰ ਨੇ ਮੇਰੀ ਅਗਵਾਈ ਕਰਕੇ, ਮੇਰੀ ਨਵਾਕਫੀਅਤ ਨੂੰ ਵਾਕਫੀਅਤ ਵਿਚ ਪਰੀਵਰ-ਤਿਤ ਕੀਤਾ। ਮੈਂ ਇਸ ਲਈ ਓਹਨਾਂ ਦਾ ਹਾਰਦਿਕ ਰਿਣੀ ਹਾਂ।

ਰਾਇ ਬਹਾਦਰ ਬਦਰੀ ਦਾਸ ਨੂੰ ਵਕੀਲ ਵਾਸਤੇ ਪੁਛਿਆ ਤਦ ਓਨਾਂ ਲਾਲਾ ਆਤਮਾ ਰਾਮ ਕਰੋੜੀਆ ਪਟਿਆਲੇ ਵਾਲਿਆਂ ਦਾ ਨਾਮ ਦਸਿਆ। ਤਿਆਰ ਕੀਤਾ ਹੋਇਆ ਅਰਜੀ ਦਾਵਾ ਆਤਮਾ ਰਾਮ ਜੀ ਨੂੰ ਦਿਖਾਇਆ। ਓਨਾਂ ਇਕ ਵਾਰੀ ਰ. ਬ. ਬਦਰੀ ਦਾਸ ਜੀ ਨਾਲ ਭੀ ਇਸ ਨੂੰ ਦੇਖਿਆ। ਨਾਲ ਹੀ ਕਿਕਰਾਂ ਦੀ ਨੀਲਾਮੀ ਰੋਕਣ ਲਈ, ਸਟੇ ਐਪਲੀਕੇਸ਼ਨ ਤਿਆਰ ਕਰ ਲਈ। ਕਿਓਂਕਿ ਨੀਲਾਮੀ ਬਹੁਤ ਨੇੜੇ ਸੀ, ਅਤੇ ਜਜ ਦੇ ਫਤਹਗੜ੍ਹ ਔਣ ਤਕ ਨੀਲਾਮੀ ਹੋ ਜਾਣ ਦਾ ਡਰ ਸੀ। ਸੋ ਕਪੂਰਥਲੇ ਜਾਕੇ, ਅਰਜੀਦਾਵਾ ਅਤੇ ਨੀਲਾਮੀ ਰੋਕਣ ਦੀ ਦਰਖਾਸਤ ਸਤਿਗੁਰੂ ਜੀ ਦਾ ਆਸਰਾ ਲੈਕੇ ੩੦ ਮਈ ੧੯੫੫ ਨੂੰ ਜਜ ਦੇ ਪੇਸ਼ ਕੀਤੇ ਗਏ। ਓਸਨੇ ਅਰਜੀ ਦਾਵਾ ਪੜ੍ਹਕੇ ਅਤੇ ਨੀਲਾਮੀ ਰੋਕਣ ਵਾਲੀ ਅਰਜੀ ਪੜ੍ਹਕੇ ਓਸੇ ਵੇਲੇ,ਨੀਲਾਮੀ ਰੋਕਣ ਦਾ ਹੁਕਮ ਜਾਰੀ ਕਰ ਦਿਤਾ ਅਤੇ ਸ੍ਰਕਾਰ ਦੇ ਮਹਿਕਮਾਂ ਜੰਗ-ਲਾਤ ਨੂੰ ਸੂਚਨਾ ਭੇਜ ਦਿਤੀ। ਅਗਲੀ ਤਾਰੀਖ ਫਤਹਗੜ੍ਹ ਸਾਹਿਬ ਦੀ ਪਈ।

ਮੁਕਦਮੇ ਦੀ ਪੈਰਵੀ ਵਾਸਤੇ ਬੜੀ ਭਜ ਦੌੜ ਅਤੇ ਸ੍ਰਕਾਰੀ ਦਫਤਰਾਂ ਵਿਚੋਂ ਜਰੂਰੀ ਕਾਗਜਾਂ ਦੀ ਲੋੜ ਸੀ। ਇਸ ਕੰਮ ਵਿਚ ਸ੍ਰ. ਦਇਆ ਸਿੰਘ

ਅਤੇ ਸ੍ਰ. ਬੂਟਾ ਸਿੰਘ ਨੇ ਜੋ ਯੋਗਦਾਨ ਪਾਇਆ ਓਹ ਬਹੁਤ ਉਚੀ ਪ੍ਰਸ਼ੰਸਾ ਦੇ ਪਾਤ੍ਰ ਹਨ।

ਸ੍ਰ. ਦਇਆ ਸਿੰਘ ਮਹਾਰਾਜਾ ਰਿਪੁਦਮਨ ਸਿੰਘ ਵਲੋਂ ਬੀੜ ਭੇਟ ਕਰਨ ਦੇ ਸਮੇਂ ਤੋਂ ਕਈ ਚਿਰ ਬਾਦ ਤਕ ਮਹਾਰਾਜਾ ਦੇ ਏ. ਡੀ. ਸੀ. ਰਹਿ ਚੁਕੇ ਸਨ। ਓਨਾਂ ਨੂੰ ਓਸ ਵੇਲੇ ਦੇ ਅਫਸਰਾਂ ਦੀ ਅਤੇ ਹੋਰ ਬਹੁਤ ਵਾਕਫੀਅਤ ਸੀ। ਮਹਾਰਾਣੀ ਸਰੋਜਨੀ ਦੇਵੀ(ਮਹਾਰਾਜਾ ਰਿਪੁ-ਦਮਨ ਸਿੰਘ ਦੇ ਘਰੋਂ ਅਤੇ ਟਿਕਾ ਪ੍ਰਤਾਪ ਸਿੰਘ ਦੀ ਮਾਤਾ) ਮੇਜਰ ਪ੍ਰੇਮ ਸਿੰਘ, ਗਰੇਵਾਲ ਕਿਲਾ ਰਾਇਪੁਰ ਦੀ ਲੜਕੀ ਸੀ। ਸ੍ਰ. ਬੂਟਾ ਸਿੰਘ ਕਿਲਾ ਰਾਇਪੁਰ ਦੇ ਹੋਣ ਕਰਕੇ ਭੀ ਏਨਾਂ ਦੇ ਨੇੜਿਓਂ ਰਿਸ਼ਤੇ-ਦਾਰ ਸਨ। ਇਨਾਂ ਨੇ ਏਸ ਪਾਸਿਓਂ ਬਹੁਤ ਕੀਮਤੀ ਜਾਣਕਾਰੀ ਲਿਆਕੇ ਦਿਤੀ। ਇਕ ਡਾਕਟਰ ਵਰਿਆਮ ਸਿੰਘ ਗਰੇਵਾਲ ਕਿਲਾ ਰਾਇਪੁਰ ਦੇ ਸਨ ਜੋ ਸ੍ਰ. ਬੂਟਾ ਸਿੰਘ ਦੇ ਕਰੀਬੀ ਚਾਚਾ ਲਗਦੇ ਸਨ। ਓਹ ਮਹਾਰਾਜਾ ਦੇ ਏ. ਡੀ. ਸੀ. ਰਹਿ ਚੁਕੇ ਸਨ । ਸ੍ਰਦਾਰ ਬੂਟਾ ਸਿੰਘ ਹੋਰਾਂ ਨੇ ਓਨਾਂ ਨੂੰ ਲਭਕੇ ਓਨਾਂ ਤੋਂ ਬਹੁਤ ਸਾਰੀ ਜਾਣਕਾਰੀ ਲਈ।

ਇਹ ਮੁਕਦਮਾ ਦਾਇਰ ਹੋਣ ਤੋਂ ਬਾਦ ਬੀੜ ਦੇ ਆਸ ਪਾਸ ਪਿੰਡਾਂ ਦੇ ਲੋਕ ਜੋ ਪਹਿਲਾਂ ਭੂਤਰੇ ਹੋਏ ਸਨ, ਜਦੋਂ ਓਨਾਂ ਦੇ ਡੰਗਰ ਬੰਦ ਹੋਏ ਅਤੇ ਸ੍ਰਕਾਰੀ ਦਖਲ ਭੀ ਬੀੜ ਵਿਚ ਨਾਂ ਹੋਣ ਵਰਗਾ ਹੋ ਗਿਆ, ਤਦ ਏਹ ਲੋਕ ਭੀ ਕੰਨ ਢਿਲੇ ਕਰ ਖਲੋਤੇ। ਏਹ ਬੀੜ ਸ੍ਰਕਾਰੀ ਕਾਗਜ਼ਾਂ ਵਿਚ ਬੀੜ ਮੜਾਰੜੂ ਜਾਂ ਬੀੜ ਭਮਾਰਸੀ ਦੇ ਨਾਮ ਨਾਲ ਜਾਣਿਆ ਜਾਂਦਾ ਸੀ।

ਭਮਾਰਸੀ ਪਿੰਡ ਦੇ ਨੰਬਰਦਾਰ ਸ੍ਰ. ਸਾਧੂ ਸਿੰਘ ਨੂੰ ਮੁਢਲੇ ਸਭ ਹਾਲਾਤ ਦਾ ਪਤਾ ਸੀ ਅਤੇ ਸੰਕਟ ਵੇਲੇ ਭੀ ਓਹ ਨਾਮਧਾਰੀ ਸਾਧ ਸੰਗਤ ਦਾ ਸਹਿਯੋਗ ਦਿੰਦਾ ਰਿਹਾ ਸੀ। ਮੁਕਦਮੇ ਦੀ ਪੈਰਵੀ ਵਿਚ ਓਸਦਾ ਯੋਗਦਾਨ ਮਹਤਵ ਪੂਰਣ ਸੀ।

ਬੀੜ ਦੇ ਨਾਲ ਹੀ ਦਖਣ ਵਾਲੇ ਪਾਸੇ ਚਭਾਲਾ ਨਾਮ ਦਾ ਪਿੰਡ ਹੈ। ਇਥੋਂ ਦਾ ਛਜਾ ਸਿੰਘ ਜਿਮੀਦਾਰ ਅਤੇ ਚੰਦਾ ਸਿੰਘ, ਜਦ ਸ੍ਰੀ ਸਤਿ-ਗੁਰੂ ਸਚੇ ਪਾਤਸ਼ਾਹ ਬੀੜ ਵਿਚ ਦਰਸ਼ਨ ਦਿੰਦੇ, ਏਹ ਉਚੇਚੇ ਦਰਸ਼ਨ ਕਰਨ ਔਂਦੇ ਅਤੇ ਜਥਾਯੋਗ ਭੇਟਾ ਭੀ ਧਰਦੇ। ਇਨਾਂ ਤੋਂ ਬਿਨਾ ਇਕ ਘੁਮਿਆਰ ਸਿੰਘ ਜੀਵਾ ਸਿੰਘ ਅਤੇ ਆਤਮਾ ਸਿੰਘ ਮਿਸਤ੍ਰੀ ਗਰੀਬ ਸਿਖ ਸਨ, ਹਰ ਔਖੇ ਸੌਖੇ ਵੇਲੇ ਓਹ ਸਦਾ ਸਤਿਗੁਰੂ ਜੀ ਦੀ ਸਾਧ ਸੰਗਤ ਦੇ ਨਾਲ ਪੂਰਣ ਸਹਯੋਗ ਦਿੰਦੇ ਰਹੇ। ਬੀੜ ਤੋਂ ਪਹਾੜ ਅਤੇ ਕੁਛ ਪਛਮ ਵਲ ਇਕ ਪਿੰਡ ਘੁਲੂ ਮਾਜਰਾ ਹੈ ਏਥੋਂ ਦਾ ਅਰਜਨ ਸਿੰਘ ਨਾਮਧਾਰੀ ਸਿੰਘ ਬੜਾ ਲੰਬਾ ਉਚਾ ਦਰਸ਼ਨੀ ਜਵਾਨ ਹੈ। ਇਹ ਭੀ ਹਰ ਸਮੇਂ ਸਤਿਗੁਰੂ ਜੀ ਦੀ ਸਾਧ ਸੰਗਤ ਨਾਲ ਸਹਿਯੋਗ ਦੇਣ ਵਿਚ ਪਿਛੇ ਨਹੀਂ ਰਿਹਾ।

ਕਿਉਂਕਿ ਪੈਪਸੂ ਦਾ ਕੇਂਦਰੀ ਸ਼ਹਿਰ ਪਟਿਆਲਾ ਸੀ, ਸੋ ਬੀੜ ਸੰਬੰਧੀ ਬਹੁਤੇ ਕਾਗਜ ਪਤ੍ਰ ਫਾਈਲਾਂ ਨਾਭੇ ਤੋਂ ਪਟਿਆਲੇ, ਪੈਪਸੂ ਦੇ ਆਰਕਾਵਾਈਜ਼ (ਪੁਰਾਣੇ ਕਾਗਜਾਂ ਕਿਤਾਬਾਂ ਦਾ ਸੰਭਾਲ-ਘਰ) ਵਿਚ ਆ ਚੁਕੇ ਸਨ। ਇਸ ਦਫਤਰ ਵਿਚ ਸਾਨੂੰ ਆਮ ਜਾਣਾ ਔਣਾ ਪੈਂਦਾ ਸੀ ਏਥੇ ਇਕ ਸ੍ਰ. ਹਰੀ ਸਿੰਘ ਕੰਮ ਕਰਦਾ ਸੀ, ਜਿਸਤੋਂ ਸਾਨੂੰ ਪਤਾ ਲਗਾ ਕਿ ਬੀੜ ਸਬੰਧੀ ਇਕ ਫਾਈਲ ਏਸ ਦਫ-ਤਰ ਵਿਚ ਹੈ ਜਿਸ ਵਿਚ ਮਹਤਵ ਪੂਰਨ ਲਿਖਤਾਂ ਅੰਗ੍ਰੇਜ਼ਾਂ ਵੇਲੇ ਦੀਆਂ ਹਨ। ਸ੍ਰ. ਹਰੀ ਸਿੰਘ ਨੇ ਫਾਈਲ ਪੜ੍ਹਕੇ ਦੇਖੀ ਅਤੇ ਓਸਨੇ ਕੁਛ ਇਕ ਦੋ ਖਾਸ ਚਿਠੀਆਂ ਦਾ ਵੇਰਵਾ ਭੀ ਦਸਿਆ। ਏਸ ਆਰਕਾਵਾਈਜ਼ ਦਾ ਡਾਇਰੈਕਟ ਡਾਕਟਰ ਗੰਡਾ ਸਿੰਘ ਸੀ। ਏਹ ਗੰਡਾ ਸਿੰਘ ਓਹ ਸੀ ਜੋ ਅੰਗ੍ਰੇਜ਼ਾਂ ਦਾ ਪਕਾ ਝੋਲੀ ਚੁਕ ਸੀ। ਜਿਸਨੇ ਸੰਨ ੧੯੪੩ ਵਿਚ ਨਾਮ-ਧਾਰੀ ਸਿੰਘਾਂ ਵਿਰੁਧ "ਕੂਕਿਆਂ ਦੀ ਵਿਥਿਆ" ਨਾਮ ਵਾਲੀ ਕਿਤਾਬ ਲਿਖੀ ਸੀ ਜਿਸ ਵਿਚ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਤੋਂ ਲੈਕੇ ਸ੍ਰੀ ਸਤਿ-

ਗੁਰੂ ਪ੍ਰਤਾਪ ਸਿੰਘ ਜੀ ਤਕ ਨਾਮਧਾਰੀ ਪੰਥ ਦੀ, ਜਿਨੀ ਕਰ ਸਕਦਾ ਸੀ, ਵਧ ਤੋਂ ਵਧ ਨਿੰਦਾ ਕੀਤੀ। ਇਸਦਾ ਇਕ ਸਾਥੀ ਟਹਿਲ ਸਿੰਘ ਸੀ, ਜੋ ਕਿਸੇ ਵੇਲੇ ਸੰਤ ਨਿਧਾਨ ਸਿੰਘ ਜੀ ਆਲਿਮ ਪਾਸ ਥੋੜਾ ਚਿਰ ਰਿਹਾ ਸੀ। ਉਥੋਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮ ਨਾਮੇ ਚੁਰਾ ਕੇ,ਓਨਾਂ ਵਿਚ ਬਹੁਤ ਝੂਠ ਲਿਖ ਲਿਖਕੇ ਓਹ ਛਾਪੇ ਅਤੇ ਗੰਡਾ ਸਿੰਘ ਨੂੰ ਦਿਤੇ ਗੰਡਾ ਸਿੰਘ ਨੇ ਭੀ ਓਨਾਂ ਵਿਚੋਂ ਕੁਛ ਉਪ੍ਰੋਕਤ ਕਿਤਾਬ ਵਿਚ ਛਾਪੇ ਸਨ।

ਇਸ ਗੰਡਾ ਸਿੰਘ ਨੂੰ ਕਿਤੇ ਸ਼ਕ ਪਿਆ ਕਿ ਹਰੀ ਸਿੰਘ ਨੇ ਨਾਮਧਾਰੀਆਂ ਦੀ ਬੀੜ ਵਾਲੀ ਫਾਈਲ ਬਾਰੇ ਉਨਾਂ (ਨਾਮਧਾਰੀਆਂ) ਨੂੰ ਖਬਰ ਦੇ ਦਿਤੀ ਹੈ। ਇਸਨੇ ਹਰੀ ਸਿੰਘ ਨੂੰ ਖੂਬ ਤਾੜਨਾ ਕੀਤੀ ਅਤੇ ਫਾਈਲ ਵਿਚ ਭੀ ਐਸਾ ਕੁਛ ਲਿਖ ਦਿਤਾ ਕਿ ਇਸ ਦੀਆਂ ਏਹ ਏਹ ਚਿਠੀਆਂ ਨਾਮਧਾਰੀਆਂ ਤੋਂ ਗੁਪਤ ਰਖੀਆਂ ਜਾਣ। ਇਸ ਲਿਖਤ ਦਾ ਪਤਾ ਲੇਖਕ ਨੂੰ ਕਈ ਸਾਲ ਬਾਦ ਵਿਚ ਲਗਾ। ਇਸੇ ਆਰਕਾਵਾਈਜ਼ ਦੇ ਡਾਇਰੈਕਟਰ ਡਾ. ਬਖਸ਼ੀਸ਼ ਸਿੰਘ ਨਿਝਰ ਲਗੇ ਹੋਏ ਸਨ। ਇਕ ਕਿਤਾਬ ਵਿਚ ਅਕਾਲੀ ਮੋਰਚਿਆਂ ਦਾ ਇਤਿਹਾਸ ਛਪਿਆ ਸੀ, ਓਸ ਵਿਚ, ਉਪ੍ਰੋਕਤ ਫਾਈਲ ਵਾਲੀਆਂ ਇਕ ਦੋ ਚਿਠੀਆਂ ਦਾ ਹਵਾਲਾ ਸੀ। ਮੈਂ ਓਨਾਂ ਚਿਠੀਆਂ ਦੀ ਨਕਲ ਵਾਸਤੇ ਦਰਖਾਸਤ ਦਿਤੀ। ਡਾ. ਨਿਝਰ ਨੇ ਨਕਲ ਦੇਣ ਦਾ ਹੁਕਮ ਲਿਖ ਦਿਤਾ। ਇਹ ਹੁਕਮ ਸੰਬੰਧਿਤ ਕਲਰਕ ਪਾਸ ਗਿਆ। ਓਸਨੇ ਫਾਈਲ ਕਢੀ ਤਾਂ ਓਸਤੇ ਗੰਡਾ ਸਿੰਘ ਦਾ ਲਿਖਿਆ ਹੋਇਆ ਹੁਕਮ ਪੜਕੇ ਓਹ ਡਾ. ਨਿਝਰ ਪਾਸ ਆਇਆ, ਮੈਂ ਭੀ ਓਨਾਂ ਦੇ ਪਾਸ ਬੈਠਾ ਸਾਂ। ਓਥੋਂ ਡਾ. ਨਿਝਰ ਨੂੰ ਕਲਰਕ ਉਠਾਕੇ ਲੈ ਗਿਆ ਅਤੇ ਗੰਡਾ ਸਿੰਘ ਦਾ ਓਹ ਹੁਕਮ ਦਿਖਾਇਆ। ਡਾ. ਨਿਝਰ ਨੇ ਆਖਿਆ ਕਿ ਜਿਸ ਚਿਠੀ ਦੀ ਨਕਲ ਮੰਗਦੇ ਹਨ ਏਨਾਂ ਨੂੰ ਦੇ ਦਿਓ, ਭਾਵੇਂ ਕੁਛ ਭੀ ਹੁਕਮ ਲਿਖਿਆ ਹੋਇਆ ਹੈ।

ਮੈਨੂੰ ਓਹ ਹੁਕਮ ਦਿਖਾਇਆ ਤਾਂ ਨਹੀਂ ਪਰ ਦਸ ਦਿਤਾ ਤੇ ਨਕਲਾਂ ਭੀ ਦਵਾ ਦਿਤੀਆਂ। ਡਾ. ਨਿਝਰ ਦਾ ਮੈਂ ਬਹੁਤ ਧੰਨਵਾਦ ਕੀਤਾ।

ਬੀੜ ਵਾਲਾ ਕੇਸ ਦਾਇਰ ਹੋਣ ਤੋਂ ਪਿਛੋਂ ਸ੍ਰ. ਦਇਆ ਸਿੰਘ ਅਤੇ ਕੁਛ ਹੋਰ ਜਰੂਰੀ ਗਵਾਹਾਂ ਦੇ ਬਿਆਨ ਹੋਏ। ਇਕ ਸ੍ਰ. ਜੈ ਸਿੰਘ, ਪਟਿਆਲਾ ਮਹਾਰਾਜਾ ਦੇ ਡਿਓਢੀ ਮੁਅੱਲਾ (ਡਿਓਢੀ ਅਫਸਰ) ਰੀਟਾਇਰਡ ਸਨ। ਓਨਾਂ ਨੇ ਭੀ ਇਸ ਕੇਸ ਦੀ ਪੈਰਵੀ ਵਿਚ ਬਹੁਤ ਸਹਯੋਗ ਦਿਤਾ। ਸ੍ਰ. ਦਇਆ ਸਿੰਘ ਜੀ ਜਗਰਾਓਂ ਰਹਿੰਦੇ ਸਨ। ਓਥੇ ਓਨਾਂ ਨੂੰ ਅਚਾਨਕ ਦਿਲ ਦਾ ਦੌਰਾ ਪਿਆ ਅਤੇ ਓਹ ਸਤਿਗੁਰੂ ਚਰਨਾਂ ਵਿਚ ਜਾ ਪਹੁੰਚੇ।

ਹੁਣ ਪੈਰਵੀ ਕਰਨ ਵਾਸਤੇ ਮੇਰੇ ਨਾਲ ਸ੍ਰ. ਬੂਟਾ ਸਿੰਘ ਜੀ ਰਾਇ-ਪੁਰ ਵਾਲੇ ਹੀ ਸਨ। ਇਕ ਦਿਨ ਸ੍ਰ. ਬੂਟਾ ਸਿੰਘ ਜੀ ਆਰਕਾਵਾਈਜ਼ ਵਿਚ ਗਏ। ਸ੍ਰ. ਹਰੀ ਸਿੰਘ ਨੇ ਓਨਾਂ ਨੂੰ ਆਖਿਆ ਕਿ ਤੁਸੀਂ ਮੇਰੇ ਪਾਸ ਨਾ ਆਇਆ ਕਰੋ। ਗੰਡਾ ਸਿੰਘ ਨੂੰ ਮੇਰੇ ਤੇ ਸ਼ਕ ਹੋ ਗਿਆ ਹੈ। ਓਸਨੇ ਮੇਰੀ ਬਹਤ ਲਾਹ ਪਾਹ ਕੀਤੀ ਹੈ। ਮੇਰੀ ਨੌਕਰੀ ਦਾ ਸਵਾਲ ਹੈ। ਕਿਤੇ ਏਹ ਮੇਰਾ ਨੁਕਸਾਨ ਨਾ ਕਰ ਦੇਵੇ। ਇਸਤੋਂ ਬਾਦ ਸ੍ਰ. ਜੀ ਨੇ ਦਫਤਰ ਜਾਣਾ ਛਡ ਦਿਤਾ। ਕਿਉਂਕਿ ਇਸ ਫਾਈਲ ਦਾ ਹਵਾਲਾ ਸਾਡੇ ਪਾਸ ਆ ਚੁਕਾ ਸੀ। ਸਾਡੇ ਵਲੋਂ ਜੱਜ ਪਾਸ ਦਰਖਾਸਤ ਦਿਤੀ ਗਈ ਕਿ ਇਸ ਹਵਾਲੇ ਵਾਲੀ ਫਾਈਲ ਤਲਬ ਕੀਤੀ ਜਾਵੇ। ਜਜ ਦਾ ਹੁਕਮ ਜਦੋਂ ਗਿਆ, ਗੰਡਾ ਸਿੰਘ ਨੂੰ ਤਲਖੀ ਤਾਂ ਹੋਈ, ਪਰ ਕਰ ਕੁਛ ਨਹੀਂ ਸੀ ਸਕਦਾ। ਫਾਈਲ ਭੇਜਣੀ ਪਈ। ਨਾਲ ਓਸਦੇ ਆਪਣਾ ਇਤਬਾਰ ਯੋਗ ਕਲਰਕ ਭੇਜਿਆ। ਫਾਈਲ ਜੱਜ ਦੇ ਪੇਸ਼ ਹੋਈ ਤਾਂ ਸਾਡੇ ਵਕੀਲ, ਦੀਵਾਨ ਆਤਮਾ ਰਾਮ ਨੇ ਖੋਲਕੇ ਜਜ ਦੇ ਸਾਮਣੇ ਪੜ੍ਹਕੇ ਚੰਗੀਤਰਾਂ ਦੇਖੀ। ਉਸ ਵਿਚ ਐਸੀਆਂ ਚਿਠੀਆਂ ਪੰਜਾਬ ਸ੍ਰਕਾਰ ਅਤੇ ਨਾਭੇ ਦੇ ਐਡਮਿਨਿਸਟ੍ਰੇਟਰ ਵਲੋਂ ਲਿਖੀਆਂ ਹੋਈਆਂ ਮਿਲੀਆਂ ਜਿਨਾਂ

ਵਿਚੋਂ ਇਕ ਏਹ ਭੀ ਸੀ, ਕਿ ਏਥੇ ਬੀੜ ਵਿਚ ਐਸੇ ਹਾਲਾਤ ਪੈਦਾ ਕਰੋ ਨਾਮਧਾਰੀ ਆਪੇ ਹੀ ਇਸ ਬੀੜ ਨੂੰ ਛਡ ਜਾਣ। ਅਤੇ ਏਹ ਭੀ ਲਿਖਿਆ ਸੀ ਕਿ ਏਹ ਅੰਗ੍ਰੇਜ਼ੀ ਸਰਕਾਰ ਦੇ ਵਿਰੋਧੀ ਹਨ ਏਨਾਂ ਦਾ ਕੇਂਦ੍ਰ ਭੈਣੀ (ਸਾਹਿਬ) ਇਥੋਂ ੧੬-੧੭ ਮੀਲ ਹੈ।

ਚਿਠੀ ਅੰਗ੍ਰੇਜ਼ੀ ਵਿਚ ਅਤੇ ਅਨੁਵਾਦ ਪੰਜਾਬੀ ਵਿਚ ਪਾਠਕਾਂ ਦੀ ਜਾਣਕਾਰੀ ਵਾਸਤੇ ਇਥੇ ਦਿਤੇ ਜਾਂਦੇ ਹਨ:-

" The Tikka Sahib 's mother, the Junior Maharani, is a Kuka, The Tikka Sahib himself is regarded by the Kukas as a reincarnation of their 11th Guru. From many years past the Kukas have been passibly anti-Government and have been notorious as a thoroughly disloyal class. Up to tne present time their Head quarters has been at Baini . In the Ludhiana District; the Madarro Bir is situated at no very great distance from Baini. I speak from memory but I believe that the two places are separated only by 15 miles. It would seem to me that this is a deliberate attempt by the Kukas to obtain a permanent foot- hold outside of British India.'

'At present they are under special supervision at Baini and I believe I am correct by saying that there is a special Police Post there for the purpose of their surveillance. Anyhow there was until quite recently. It seems to me that it will be very unwise to allow the Kukas to settle in any place where their supervision by the British Govt.

would be difficult. At the same time with what I have said above regarding the Maharani and the Tikka sahib, I think it would be extremely foolish from a political point of view to allow the Kukas to obtain a foot-hold in Nabha State. As I have already explained in my previous letter the Kukas were granted this Bir for the purposes of grazing only. They have already, inspite of repeated orders to the contrary, cultivated land, sunk a well, built buildings and cut down trees, and it is perfectly obvious that unless checked a Kuka Settlement will grow up in that Bir.

'These people have made themselves most objectionable to the villagers of the vicinity, and I am firmly of opinion that immediate steps should be taken to stop their activities which are contrary to the Agreement made verbally with the Maharajah. I believe that if this agreement was strictly enforced the Kukas would leave the Madarro Bir of their own accord. It is my opinion that they rely, through the help of the Maharani at the present time, and with the help of the Tikka Sahib in the future, and every year if the existing Agreement is not put in force will make it more difficult to oust them in the long run."

(Letter, dated 8. 12. 1924, from the Administretor Nabha State to the Agent to the Governor General)

ਅੰਗਰੇਜੀ ਚਿਠੀ ਦਾ ਅਨੁਵਾਦ:-

ਟਿਕਾ ਸਾਹਿਬ ਦੀ ਮਾਤਾ, ਛੋਟੀ ਮਹਾਰਾਣੀ ਕੂਕਾ ਹੈ। ਟਿਕਾ ਸਾਹਿਬ ਕੂਕਿਆਂ ਵਲੋਂ ਗਿਆਰਵਾਂ ਗੁਰੂ ਦਾ ਅਵਤਾਰ ਮੰਨਿਆ ਜਾਂਦਾ ਹੈ। ਪਿਛਲੇ ਕਈ ਸਾਲਾਂ ਤੋਂ ਦੁਖ ਸਹਿਨ ਕਰਦੇ ਹੋਏ ਭੀ ਕੂਕੇ ਸ੍ਰਕਾਰ ਦਾ ਵਿਰੋਧ ਕਰਦੇ ਰਹੇ ਹਨ, ਅਤੇ ਇਹ ਮੰਨੇ ਹੋਏ ਸਪਸ਼ਟ ਰੂਪ ਵਿਚ (ਬ੍ਰਿਟਿਸ਼) ਰਾਜ-ਵਿਰੋਧ ਸ਼੍ਰੇਣੀ ਹਨ। ਹੁਣ ਤਕ ਇਨਾਂ ਦਾ ਕੇਂਦ੍ਰ ਲੁਦਿਹਾਣੇ ਜਿਲੇ ਵਿਚ, ਭੈਣੀ (ਸਾਹਿਬ) ਰਿਹਾ ਹੈ। ਮਡਾਰਕੂ ਬੀੜ ਇਸਤੋਂ ਬਹੁਤ ਦੂਰ ਨਹੀਂ ਇਹ ਮੈਂ ਯਾਦਾਸ਼ਤ ਤੋਂ ਹੀ ਕਹਿਰਿਹਾਹਾਂ। ਪਰ ਮੈਨੂੰ ਯਕੀਨ ਹੈ ਕਿ ਦੋਨਾਂ ਜਗਾ ਦਾ ਫਾਸਲਾ ਕੇਵਲ ੧੫ ਮੀਲ ਹੈ।

ਮੈਨੂੰ ਇਓਂ ਲਗਦਾ ਹੈ ਕਿ ਸਾਰਾ ਕੁਛ ਸਮਝ ਸੋਚਕੇ ਕੂਕਿਆਂ ਨੇ ਬ੍ਰਿਟਿਸ਼ ਇਲਾਕੇ ਤੋਂ ਬਾਹਰ ਆਪਣੇ ਪਕੇ ਪੈਰ ਜਮਾਉਣ ਦੇ ਜਤਨ ਕੀਤੇ ਹਨ।

ਮੈਂ ਸਮਝਦਾ ਹਾਂ ਕਿ ਮੈਂ ਠੀਕ ਕਹਿ ਰਿਹਾ ਹਾਂ ਕਿ ਇਹ (ਕੂਕੇ) ਭੈਣੀ (ਸਾਹਿਬ) ਵਿਖੇ ਪੋਲੀਸ ਦੀ ਵਿਸ਼ੇਸ਼ ਨਿਗਰਾਨੀ ਵਿਚ ਹਨ ਅਤੇ ਇਨਾਂ ਵਾਸਤੇ ਓਥੇ ਉਚੇਚੀ ਚੌਂਕੀ ਬੈਠਾਈ ਗਈ ਹੈ ਜੋ ਕਿ ਹੁਣ ਤਕ ਓਥੇ ਹੀ ਸੀ।

ਮੈਨੂੰ ਇਓਂ ਲਗਦਾ ਹੈ ਕਿ ਕੂਕਿਆਂ ਨੂੰ ਬ੍ਰਿਟਿਸ਼ਸ੍ਰਕਾਰ ਦੀ ਨਿਗਰਾਨੀ ਤੋਂ ਬਾਹਰ ਸਥਾਪਿਤ ਹੋਣ ਦੇਣਾ ਸਿਆਣਪ ਨਹੀਂ। ਜੈਸਾ ਕਿ ਮਹਾਰਾਣੀ ਅਤੇ ਟਿਕਾ ਸਾਹਿਬ ਸੰਬੰਧੀ ਮੈਂ ਉਪਰ ਦਸ ਚੁਕਾ ਹਾਂ। ਨਾਭਾ ਰਿਆਸਤ ਵਿਚ ਕੂਕਿਆਂ ਦਾ ਪੈਰ ਧਰਾਵਾ ਹੋਣ ਦੇਣਾ, ਰਾਜਨੀਤੀ ਦੇ ਪਖ ਤੋਂ ਅਤਿ ਦੀ

ਮੂਰਖਤਾ ਵਾਲੀ ਗਲ ਹੋਇਗੀ। ਜੈਸਾ ਕਿ ਮੈ ਪਹਿਲੀ ਚਿਠੀ ਵਿਚ ਲਿਖ ਚੁਕਾ ਹਾਂ ਕਿ ਕੂਕਿਆਂ ਨੂੰ ਇਹ ਬੀੜ ਕੇਵਲ ਪਸ਼ੂ ਚਰਾਂਦ ਵਾਸਤੇ ਦਿਤਾ ਗਿਆ ਸੀ। ਬਾਰ ਬਾਰ ਹੁਕਮ ਭੇਜਣ ਤੇ ਭੀ ਏਹ, ਇਮਾਰਤਾਂ ਬਣਾਉਣ, ਖੂਹ ਲਾਉਣ, ਦਰਖਤ ਕਟਣ ਅਤੇ ਜਮੀਨ ਕਾਸ਼ਤ ਕਰਨ ਤੋਂ ਨਹੀਂ ਹਟੇ। ਇਹ ਪ੍ਰਤਖ ਹੈ ਕਿ ਜੇ ਰੋਕਿਆ ਨਾ ਗਿਆ ਤਾਂ ਇਨਾਂ ਦੀ ਇਥੇ ਵਿਸਥਾਰਿਤ ਸਥਾਪਨਾ ਹੋ ਜਾਇਗੀ।

ਇਨਾਂ ਨੇ ਆਪਣੇ ਆਪਨੂੰ ਪੜੋਸ ਦੇ ਪਿੰਡਾਂ ਲਈ ਬਹੁਤ ਇਤਰਾਜ ਯੋਗ ਬਣਾਇਆ ਹੈ, ਅਤੇ ਮੇਰਾ ਪਕਾ ਇਰਾਦਾ ਹੈ ਕਿ ਮਹਾਰਾਜਾ ਨਾਲ ਜੋ ਇਨਾਂ ਦਾ ਇਕਰਾਰ ਜਬਾਨੀ ਹੋਇਆ ਸੀ ਉਸਤੋਂ ਵਿਰੁਧ ਇਨਾਂ ਦੀਆਂ ਹਰਕਤਾਂ ਨੂੰ ਛੇਤੀ ਤੋਂ ਛੇਤੀ ਰੋਕਿਆ ਜਾਣਾਂ ਚਾਹੀਦਾ ਹੈ। ਮੈਨੂੰ ਯਕੀਨ ਹੈ ਕਿ ਇਕਰਾਰ ਨੂੰ ਜੇ ਸਖਤੀ ਨਾਲ ਲਾਗੂ ਕੀਤਾ ਜਾਵੇ ਤਦ ਕੂਕੇ ਅਪਣੇ ਆਪ ਇਹ ਬੀੜ ਛਡ ਜਾਣਗੇ । ਮੇਰਾ ਵੀਚਾਰ ਹੈ ਕਿ ਹੁਣ ਏਹਨਾਂ ਨੂੰ ਮਹਾਰਾਣੀ ਦੀ ਸ਼ਹਿ ਮਿਲ ਰਹੀ ਹੈ ਅਤੇ ਔਣ ਵਾਲੇ ਸਮੇਂ ਵਿਚ ਇਨਾਂ ਨੂੰ ਟਿਕਾ ਸਾਹਿਬ ਦੀ ਸਹਾਇਤਾ ਮਿਲੇਗੀ। ਜੇ ਮੌਜੂਦਾ ਇਕਰਾਰ ਵਰਤੋਂ ਵਿਚ ਨਾਂ ਲਿਆਂਦਾ ਗਿਆ ਤਦ ਇਨਾਂ ਨੂੰਕਢਣ ਵਾਸਤੇ ਹਰ ਔਣ ਵਾਲਾ ਸਾਲ ਲੰਮੇ ਸਮੇਂ ਲਈ ਮੁਸ਼ਕਲ ਹੁੰਦਾ ਜਾਇਗਾ।

(ਨਾਭੇ ਦੇ ਐਡਮਿਨਿਸਟ੍ਰੇਟਰ(ਅੰਗਰੇਜ ਹਾਕਮ) ਵਲੋਂ ਚਿਠੀ ਮਿਤੀ ੮ ਦਸੰਬਰ ੧੯੨੪ ਈ: ਗਵਰਨਰ ਜਨਰਲ (ਵਾਇਸਰਾਇ) ਦੇ ਏਜੰਟ ਨੂੰ)

ਵਕੀਲ ਨੇ ਲੋੜੀਂਦੀਆਂ ਚਿਠੀਆਂ ਦੇ ਹਵਾਲੇ ਦੇਕੇ, ਜਜ ਦੇ ਪਸੀ ਦਰਖਾਸਤ ਦੇ ਦਿਤੀ ਕਿ ਇਨਾਂ ਇਨਾਂ ਚਿਠੀਆਂ ਦੀਆਂ ਨਕਲਾਂ ਸਾਡਾ ਮਿਸਲ ਦੇ ਨਾਲ ਲਗਾਈਆਂ ਜਾਣ। ਹੁਕਮ ਹੋਣ ਤੇ ਓਹ ਨਕਲਾਂ ਨਾਲ

ਲਗ ਗਈਆਂ।

ਸ੍ਰਕਾਰੀ ਪਖ ਤੋਂ ਆਸ ਪਾਸ ਦੇ ਪਿੰਡਾਂ ਵਿਚੋਂ ਕੁਝ ਗਵਾਹ ਪੇਸ਼ ਕੀਤੇ ਗਏ। ਪਰ ਓਹ ਜਿਰਹ ਵਿਚ ਐਸੇ ਝੂਠੇ ਹੋਏ ਕਿ ਓਨਾਂ ਦੀ ਕਿਸੇ ਗਵਾਹੀ ਦਾ ਕੱਖ ਜਿਤਨਾ ਭੀ ਮੁਲ ਨਾ ਪਿਆ।

ਸ੍ਰਕਾਰੀ ਪਖ ਵਲੋਂ ਗਵਾਹੀ ਦੇਣ ਵਾਸਤੇ ਜਨ: ਸ਼ਿਵਦੇਵ ਸਿੰਘ ਤਿਆਰ ਹੋਏ ਸਨ। ਅਸੀਂ ਅਪਣੇ ਵਕੀਲ ਆਤਮਾ ਰਾਮ ਜੀ ਨੂੰ ਦਸ ਦਿਤਾ। ਓਨਾਂ ਨੇ ਜਨ: ਸ਼ਿਵਦੇਵ ਸਿੰਘ ਦੇ ਨਜਦੀਕੀ ਦੋਸਤ ਨੂੰ ਮੇਰੇ ਪਾਸ ਬੈਠਿਆਂ ਫੋਨ ਤੇ ਆਖਿਆ ਕਿ ਇਸ ਕੇਸ ਵਿਚ ਮੁਦਈਆਂ ਵਲੋਂ ਮੈਂ ਵਕੀਲ ਹਾਂ। ਸ੍ਰਕਾਰ ਵਲੋਂ ਜਨ: ਸ਼ਿਵਦੇਵ ਸਿੰਘ ਬਤੌਰ ਗਵਾਹ ਪੇਸ਼ ਹੋ ਰਹੇ ਹਨ। ਤੁਸੀਂ ਓਨਾਂ ਨੂੰ ਦਸ ਦਿਓ ਕਿ ਮੈਂ ਜਿਰਹ ਕਰਨੀ ਹੈ ਓਹ ਬੁਰਾ ਨਾ ਮਨਾਉਣ ਇਹ ਖਬਰ ਮਿਲਣ ਤੇ ਜਨ: ਸ਼ਿਵਦੇਵ ਸਿੰਘ ਗਵਾਹੀ ਤੋਂ ਹਟ ਗਏ।

ਮਹਾਰਾਣੀ ਸਰੋਜਨੀ ਦੇਵੀ, ਨਾਭਾ ਦੇ ਮਹਾਰਾਜਾ ਰਿਪੁਦਮਨ ਸਿੰਘ ਦੇ ਘਰੋਂ ਅਤੇ ਮਹਾਰਾਜਾ ਪ੍ਰਤਾਪ ਸਿੰਘ ਦੀ ਮਾਤਾ ਸੀ, ਵਲੈਤੋਂ ਵਾਪਸ ਆਕੇ ਪੁਰਾਣੀ ਦਿਲੀ ਵਿਚ ਨਾਭਾ ਹਾਊਸ ਆਪਣੀ ਕੋਠੀ ਵਿਚ ਰਹਿੰਦੀ ਸੀ। ਮਹਾਰਾਣੀ ਨੂੰ ਮਿਲਕੇ ਬੀੜ ਬਾਬਤ ਸਾਰੀ ਗਲਬਾਤ ਦਸੀ ਗਈ। ਓਸਨੇ ਆਖਿਆ ਕਿ ਮੇਰੇ ਪਤੀ ਨੇ ਏਹ ਬੀੜ ਸਤਿਗੁਰੂ ਜੀ ਨੂੰ ਮਥਾ ਟੇਕਿਆ ਸੀ ਅਤੇ ਮੇਰੇ ਜੇਸ਼ਟ ਪੁਤ੍ਰ ਦਾ ਨਾਮ ਪ੍ਰਤਾਪ ਸਿੰਘ ਤਾਂ ਹੀ ਰਖਿਆ ਸੀ ਕਿ ਇਸ ਦਾ ਜਨਮ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਵਰ ਨਾਲ ਹੋਇਆ ਸੀ। ਜਜ ਪਾਸ ਦਰਖਾਸਤ ਦੇਕੇ ਰਾਜ ਮਾਤਾ ਸਰੋਜਨੀ ਦੇਵੀ ਦੇ ਬਿਆਨ ਕਰੌਣ ਵਾਸਤੇ ਕਮਿਸ਼ਨ ਦੀ ਆਗਿਆ ਮੰਗੀ, ਜੋ ਮਿਲ ਗਈ। ਰਾਜ ਮਾਤਾ ਦੇ ਬਿਆਨ ਦਿਲੀ ਹੀ ਹੋਏ। ਸ੍ਰਕਾਰ ਵਲੋਂ ਸ੍ਰਕਾਰੀ ਵਕੀਲ ਸ੍ਰ. ਕਰਤਾਰ ਸਿੰਘ ਸੀ। ਓਸਨੇ ਬਹੁਤ ਜਿਰਾਹ ਕੀਤੀ ਪਰ ਰਾਜ ਮਾਤਾ ਨੇ ਐਸੇ ਧੀਰਜ ਅਤੇ ਨਿਡਰਤਾ

ਨਾਲ ਬਿਆਨ ਦਿਤੇ, ਕਿ ਬਿਲਕੁਲ ਨਹੀਂ ਉਖੜੀ।

ਛੇਕੜ ਇਸ ਕੇਸ ਦੀ ਬਹਿਸ ਕਪੂਰ ਥਲੇ ਹੋਈ, ਅਤੇ ਹੁਕਮ ਭੀ ਕ੍ਰੀਬ ਇਕ ਹਫਤੇ ਬਾਦ ਕਪੂਰਥਲੇ ਹੀ ੧੪ ਜੂਨ ੧੯੫੬ ਨੂੰ ਸੁਣਾਇਆ ਗਿਆ। ਹੁਕਮ ਸੁਣੌਣ ਵੇਲੇ, ਸ੍ਰਕਾਰੀ ਵਕੀਲ, ਸ੍ਰ. ਬੂਟਾ ਸਿੰਘ ਅਤੇ ਮੈਂ ਪੇਸ਼ ਹੋਏ ਸਾਂ। ਜੱਜ ਨੇ ਇਤਨਾਂ ਹੀ ਆਖਿਆ ਕਿ ਮੈਂ ਕੇਸ ਡਿਕਰੀ ਕਰ ਦਿਤਾ ਹੈ। ਮੇਰੇ ਵਾਸਤੇ ਕਿਸੇ ਮੁਕਦਮੇ ਦਾ ਫੈਸਲਾ ਆਪਣੇ ਕੰਨਾਂ ਨਾਲ ਸੁਣਨਾ, ਇਹ ਪਹਿਲਾਂ ਮੌਕਾ ਸੀ।

ਓਨਾਂ ਦਿਨਾਂ ਵਿਚ ਸ੍ਰੀ ਸਤਿਗੁਰੂ ਸਚੇ ਪਾਤਸ਼ਾਹ ਜੀ ਮੰਡੀ ਬਿਰਾਜ ਰਹੇ ਸਨ। ਓਸੇ ਵੇਲੇ ਤਾਰ ਰਾਹੀਂ ਸ੍ਰੀ ਸਤਿਗੁਰੂ ਜੀ ਦੀ ਸੇਵਾ ਵਿਖੇ ਖ਼ਬਰ ਭੇਜ ਦਿਤੀ ਅਤੇ ਹੋਰ ਭੀ ਏਧਰ ਓਧਰ ਇਹ ਖੁਸ਼ੀ ਦੀ ਖਬਰ ਛੇਤੀ ਤੋਂ ਛੇਤੀ ਪਹੁੰਚਾਈ ਗਈ।

ਜੱਜ ਨੇ ਆਪਣੇ ਫੈਸਲੇ ਵਿਚ ਰਾਜ ਮਾਤਾ ਦੇ ਬਿਆਨਾਂ ਨੂੰ ਬਹੁਤੀ ਮਹੱਤਤਾ ਨਹੀਂ ਸੀ ਦਿਤੀ ਪਰ ਆਰਕਾਵਾਈਜ਼ ਦੀ ਫਾਈਲ ਵਾਲੀਆਂ ਚਿਠੀਆਂ ਦਾ ਉਸਨੇ ਹਵਾਲਾ ਦੇਕੇ, ਅੰਗ੍ਰੇਜ਼ਾਂ ਦੀ ਨੀਯਤ ਤੇ ਪੂਰਾ ਸ਼ਕ ਕਰਦਿਆਂ ਫੈਸਲਾ ਸਾਡੇ ਹਕ ਵਿਚ ਕਰ ਦਿਤਾ।

ਜਦੋਂ ਇਹ ਫੈਸਲਾ ਹੋਇਆ ਓਦੋਂ ਭੀ ਪੈਪਸੂ ਦਾ ਮੁਖ ਮੰਤ੍ਰੀ ਬ੍ਰਿਸ਼ ਭਾਨ ਸੀ। ਪਹਿਲਾਂ ਤਾਂ ਇਸ ਉਡੀਕ ਵਿਚ ਰਹੇ ਕਿ ਸ੍ਰਕਾਰ ਵਲੋਂ ਸ਼ਾਇਦ ਅਪੀਲ ਨਾ ਹੋਵੇ। ਪਰ ਬ੍ਰਿਸ਼ਭਾਨ ਹੋਰਾਂ ਨੂੰ ਫੈਸਲਾ ਹੋਣ ਭੀਚੈਨ ਨਾ ਆਇਆ। ਓਨਾਂ ਅਪੀਲ ਦੀ ਤਿਆਰੀ ਕੀਤੀ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਵਲੋਂ ਉਨਾਂ ਨੂੰ,ਓਨਾਂ ਦੇ ਖਾਸ ਨਿਕਟਵਰਤੀਆਂ ਰਾਹੀਂ ਅਤੇ ਅਪਣੇ ਪ੍ਰਤਿਨਿਧ ਰਾਹੀਂ ਆਖ ਭੇਜਿਆ ਗਿਆ ਕਿ ਜੋ ਪਿਛੇ ਹੋਇਆ ਸੋ ਹੋ ਗਿਆ, ਹੁਣ ਤੁਸੀਂ ਅਪੀਲ ਨਾ ਕਰੋ। ਪਰ ਓਨਾਂ ਏਸ ਆਖੇ ਦੀ ਕੋਈ ਪ੍ਰਵਾਹ ਨਾ ਕੀਤੀ। ਸ੍ਰੀ ਸਤਿਗੁਰੂ ਜੀ ਨੂੰ ਬਹੁਤੀ ਨਾਰਾਜ਼ਗੀ ਏਨਾਂ ਕਗ੍ਰਸੀਆਂ ਤੇ ਇਸ ਕਰਕੇ ਸੀ ਕਿ ਅਸੀਂ ਏਨਾਂ ਪਾਸੋਂ ਕੁਛ ਮੰਗਦੇ ਨਹੀਂ ਹਾਂ। ਜੋ ਸਾਡਾ ਅਧਿਕਾਰ ਹੈ ਓਹ ਭੀ ਸਾਡੇ ਪਾਸੋਂ

ਖੋਂਹਦੇ ਹਨ। ਪੰਡਿਤ ਜਵਾਹਰ ਲਾਲ ਓਸ ਵੇਲੇ ਇਹੋ ਜਿਹੇ ਹੋ ਚੁਕੇ ਸਨ ਕਿ ਓਨਾਂ ਪਾਸ ਕੋਈ ਗਲ ਪਹੰਚਾਉਣੀ ਸੰਭਵ ਨਹੀਂ ਸੀ ਹੋ ਸਕਦੀ। ਇਸਤਰਾਂ ਦੇ ਕੰਮਾਂ ਦੀ ਓਹ ਕੋਈ ਪ੍ਰਵਾਹ ਨਹੀਂ ਸਨ ਕਰਦੇ। ਹਕੂਮਤ ਦਾ ਨਸ਼ਾ ਐਸਾ ਭਾਰੂ ਓਨਾਂ ਤੇ ਹੋ ਚੁਕਾ ਸੀ ਕਿ ਜਿਨਾਂ ਨੇ ਅੰਗ੍ਰੇਜ਼ੀ ਰਾਜ ਵੇਲੇ ਕਾਂਗ੍ਰਸ ਦੀ ਵਿਰੋਧਤਾ ਅਗੇ ਹੋਕੇ ਕੀਤੀ ਸੀ, ਓਨਾਂ ਨੂੰ ਓਹ ਬਹੁਤ ਨੇੜੇਸਮਝਣ ਲਗ ਪਏ। ਹੋਰ ਤਾਂ ਹੋਰ ਓਹ ਬਾਬਾ ਖੜਕ ਸਿੰਘ, ਜਿਸਨੇ ਲਾਹੌਰ ਕਾਗ੍ਰਸ ਸੈਸ਼ਨ ਵੇਲੇ, ਸਨ ੧੯੨੯ ਵਿਚ ਆਪਣੇ ਆਪ ਨੂੰ ਸਿਖਾਂ ਦਾ ਪ੍ਰਤੀਨਿਧ ਦਸਕੇ ਸਭ ਸਿਖਾਂ ਨੂੰ ਕਾਂਗ੍ਰਸ ਦੇ ਇਜਲਾਸ ਵਿਚ ਜਾਣ ਤੋਂ ਰੋਕ ਰਖਿਆ ਸੀ। ਓਸ ਵੇਲੇ ਪੰਡਤ ਜਵਾਹਰ ਲਾਲ ਉਸ ਜਲਸੇ ਦੇ ਪ੍ਰਧਾਨ ਸਨ ਅਤੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਆਗਿਆ ਅਨੁਸਾਰ, ਨਾਮਧਾਰੀ ਸਿੰਘਾਂ ਨੇ ਜਵਾਹਰ ਲਾਲ ਦਾ ਓਹ ਸ਼ਾਨਦਾਰ ਜਲੂਸ ਕਢਿਆ, ਅਤੇ ਪੂਜਯ ਮਾਤਾ ਜੀਵਨ ਕੌਰ ਜੀ ਨੇ ਲੰਗਰ ਦਾ ਐਸਾ ਪ੍ਰਬੰਧ ਕੀਤਾ ਕਿ ਕਿਸੇ ਲੋੜਵੰਦ ਨੂੰ ਖਾਲੀ ਨਹੀਂ ਜਾਣ ਦਿਤਾ ਜਿਸਤੋਂ ਅੰਗ੍ਰੇਜ਼ੀ ਸ੍ਰਕਾਰ ਦੰਗ ਰਹਿ ਗਈ ਸੀ। ਓਸ ਖੜਕ ਸਿੰਘ ਨੂੰ ਪੰ:ਜਵਾਹਰ ਲਾਲ ਵਲੋਂ ਕਦੇ ਕੋਈ ਸਤਿਕਾਰ ਕਦੇ ਓਸਦੇ ਨਾਲ ਤਸਵੀਰਾਂ।

ਨਵੀਂ ਦਿਲੀ ਵਿਚ ਗੋਲ ਡਾਕਖਾਨੇ ਪਾਸ ਇਕ ਖਾਸ ਸੜਕ ਜੋ ਬਹੁਤ ਮਹਤ੍ਵ ਵਾਲੇ ਸਥਾਨ ਤੇ ਹੈ ਓਹ ਇਸ ਖੜਕ ਸਿੰਘ ਦੇ ਨਾਮ ਤੇ ਹੈ ਪਰ ਗੁਰੂ ਗੋਬਿੰਦ ਸਿੰਘ ਮਾਰਗ ਅਤੇ ਸਤਿਗੁਰੂ ਰਾਮ ਸਿੰਘ ਮਾਰਗ ਦਿਲੀ ਦੇ ਐਸੇ ਸਥਾਨਾਂ ਤੇ ਹਨ ਜਿਨਾਂ ਦਾ ਕੋਈ ਮਹਤ੍ਵ ਨਹੀਂ ਸਮਝਿਆ ਜਾਂਦਾ ਅਤੇ ਜਿਥੇ ਰਾਜਨੀਤਿਕ ਮੁਖੀਆਂ ਅਤੇ ਉਚ ਅਧਿਕਾਰੀਆਂ ਦਾਆਮ ਜਾਣ ਔਣ ਨਹੀਂ।

ਏਹ ਏਨਾਂ ਕਾਂਗ੍ਰਸੀ ਆਗੂਆਂ ਦੀ ਮਹਾਨ ਕ੍ਰਿਤਘਨਤਾ ਦਾ ਜਿਓਂਦਾ ਜਾਗਦਾ ਪ੍ਰਮਾਣ ਹਮੇਸ਼ਾ ਕਾਇਮ ਰਹਿਣ ਵਾਲਾ ਹੈ।

ਗਊ ਰਖਯਾ ਅਤੇ ਧਰਮ ਸਬੰਧੀ ਪੰ: ਜਵਾਹਰ ਲਾਲ ਦੇ ਵੀਚਾਰ

੧੯

ਦੇਸ਼ ਆਜਾਦ ਹੁੰਦੇ ਹੀ, ਅੰਗਰੇਜੀ ਰਾਜ ਵੇਲੇ ਦੀਆਂ ਓਹ ਨੀਤੀਆਂ ਜੋ ਸਾਡੇ ਧਰਮ ਅਤੇ ਦੇਸ਼ ਹਿਤਾਂ ਦੇ ਵਿਰੁਧ ਸਨ, ਬੰਦ ਕਰਨ ਦੀ ਗਲ ਚਲਾਈ ਗਈ। ਇਨਾਂ ਵਿਚੋਂ ਇਕ, ਗਊ ਹਤਿਆ ਵਿਰੋਧੀ ਵਿਧਾਨ ਬਣਾਉਣ ਵਾਸਤੇ ਪ੍ਰਧਾਨ ਮੰਤ੍ਰੀ ਪੰ: ਜ. ਲਾਲ ਨਹਿਰੂ ਨੂੰ ਆਖਿਆ ਗਿਆ। ਓਨਾਂ ਨੇ ਆਖਿਆ ਕਿ ਇਕ ਕਮੇਟੀ ਬਣਾਓ ਜੋ ਏਸ ਸਬੰਧ ਵਿਚ ਰੀਪੋਰਟ ਕਰੇ। ਗਿਆਰਾਂ ਆਦਮੀਆਂ ਦੀ ਕਮੇਟੀ ਭਾਰਤ ਸ੍ਰਕਾਰ ਦੇ ਨੋਟੀਫੀਕੇਸ਼ਨ ਨੰ: ਐਫ. ੨੫-੮-੪੭ ਤਾਰੀਖ ੧੯-੧੧-੧੯੪੭ ਨੂੰ ਬਣੀ ਜਿਸ ਵਿਚ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਭੀ ਸਨ। ਇਸ ਦੇ ਦਸ ਮੈਂਬਰਾਂ ਨੇ ਆਪਣਾ ਏਹ ਮਤ ਸਪਸ਼ਟ ਕਰ ਦਿਤਾ ਕਿ ਗਊ ਹਤਿਆ ਤੁਰੰਤ ਬੰਦ ਕੀਤੀ ਜਾਵੇ। ਇਕ ਨੇ ਏਹ ਆਖਿਆ ਕਿ ਜੋ ਬੇਕਾਰ ਪਸ਼ੂ ਹਨ ਓਨਾਂ ਦਾ ਮਾਰਨਾਂ ਇਕ ਦਮ ਬੰਦ ਨਾ ਕੀਤਾ ਜਾਵੇ। ਬਾਦ ਵਿਚ ਬੇਕਾਰ ਮਾਰਨੇ ਭੀ ਬੰਦ ਕੀਤੇ ਜਾਣ। ਪੰਡਿਤ ਜਵਾ-ਹਰ ਲਾਲ ਨੇ ਮੁਢਲੀ ਵਿਦਿਆ ਵਲੈਤ(ਇੰਗਲੈਂਡ) ਪ੍ਰਾਪਤ ਕੀਤੀ ਸੀ। ਓਥੇ ਰਹਿਣ ਨਾਲ ਓਨਾਂ ਦੇ ਵੀਚਾਰ ਅੰਗਰੇਜ਼ਾਂ ਵਰਗੇ ਹੀ ਸਨ। ਓਨਾਂ ਨੇ ਇਸ ਕਮੇਟੀ ਦੀ ਰੀਪੋਰਟ ਦੀ ਕਖ ਪ੍ਰਵਾਹ ਨਾ ਕੀਤੀ। ਉਪ੍ਰੋਕਤ ਨੋਟੀਫੀਕੇਸ਼ਨ ਦਾ ਅੰਗਰੇਜੀ ਮਜਮੂਨ ਨਿਮਨ ਲਿਖਿਤ ਹੈ:-

RESOLUTION

New Delhi the 19th November. 1947

No. F-25-8/47. L.-It has been brought to the notice of the Goverment of India that large number of cattle are annually slaughtered in this country for

meat, that this slaughter is often indiscriminate, that it includes animals of all ages and qualities and that the slaughter results in short supplies of milk and work bullocks and in the depletion of the country's cattle wealth. There has been considerable agitation in the press, on the platform and on the floor of the Legislature in regard to this matter, and Government has been urged to take immediate steps to prohibit slaughter by Legislation. As this is complicated socio-religious subject, the Government of India have, after careful consideration, decided to appoint an Expert Committee of officials and non-officials to consider the question in all its aspects and to recommend a comprehensive plan of action which can be put into immediate effect for preserving the cattle wealth of the country for promoting its development.

In considering the subject, the committee will pay particular attention to the following:-

(a) The cause and the extent of periodical variation in the population of each class of cattle and the effect of such variation on the supply of milk and bullock power.

(b) Detailed examination of the available statistics of slaughter, proportion of useful animals therein and an

estimate of the material loss caused thereby.

(c) Population trend of old and unproductive cattle and the problem of their maintainance and economic utilisation in view both of shortage of cattle feed and of prevailing sentiments against slaughter.

(d) Now agencies like Gaushalas and cattle Protection Societies and Salvage Centres can be utilised for preserving cattle wealth and for promoting its development.

(e) Review of existing regulations regading restictions on cattle slaughter and of the administrative arrangements for the enforcement of the regulations.

The committee will consist of:-

1. Sardar Bahadur Sir Datar Singh, Vice-Chairman, Indian Council of Agricultural Research, and Cattle Utilisation Adviser to the Government of India.........Chairman.

2. Rai Bahadur P. N. Nanda. Animal Husbandry Commissioner with the Government of India............

3. Mr. N. B. Shahi. Director of Veterinary Services, C. P. and Berar.

4. Dr. Zal R. Kothawalla, Dairy Development Adviser to the Government of India.

5. L. Hardev Sahai. Secretary, Gau Rakishini Sabha, Hissar.

6. Rai Bahadur J. N. Mankar, Honourary Secretary Bombay Humanitarian League, 140 Shroff Bazar, Bombay.

7. Sardar Bahadur Harchand Singh Agricultural Commissioner Patiala.

8. Guru Partap Singh, Bhaini Sahib, District Ludhiana.

9. Shri Dharam Lal Singh, Secretary, Bihar Gaushala Federation, Sadaqat Ashram, Patna, P. O. Dighaghat.

10. Mr. Satishchander Dass Gupta Khadi Pratistban near Calcutta,

11. Shri Mahabir Parshad Pottedar, Gorakhpur.

Ordered that a copy of the Resolation be communicated to all the Mniisters of the Government of India, Provincial Governments of West Bengal, Assam, U. P. Bihar Orissa and the Central Provinces and Berar, Madras, Bombay, East Punjab, the Chief Commissioners of Delhi, Ajmer, Merwara, Coorg, Panth Piploda and Andaman and Nicobar, Islands, Constituent Assembly (Legislative); Vice-Chairman-, Indian Council of Agricultural Research, Director Indian Vetrinary Research Institute. Director, Indian Dairy Research Institute, Dairy Development Adviser.

Ordered also that the Resolution be pubilshed in the Gazette of India for general Information.

V. S. KRISHNASWAMI, Dy. Secy.

ਗਊ ਹਤਿਆ ਵਿਰੋਧੀ ਵੀਚਾਰਾਂ ਦੇ ਧਾਰਨੀ ਕਈ ਕਟੜ ਕਾਂਗ੍ਰਸੀ, ਸੇਠ ਗੋਬਿੰਦ ਦਾਸ ਅਤੇ ਪੰਡਿਤ ਠਾਕੁਰ ਦਾਸ ਭਾਰਗਵ ਜੈਸੇ ਭੀ ਸਨ। ਏਹ ਦੋਵੇਂ ਲੋਕ ਸਭਾ ਦੇ ਮੈਂਬਰ ਸਨ। ਪੰ: ਠਾਕੁਰ ਦਾਸ ਨੇ ਇਹ ਨੋਟਿਸਦੇ ਦਿਤਾ ਕਿ ਲੋਕ ਸਭਾ ਵਿਚ ਗਊ ਹਤਿਆ ਵਿਰੋਧੀਬਿਲ ਪੇਸ਼ ਕਰਨ ਦੀ ਪ੍ਰਵਾਨਗੀ ਦਿਤੀ ਜਾਵੇ । ਏਹ ਨੋਟਿਸ ਜਿਸ ਦਿਨ ਲੋਕ ਸਭਾ ਵਿਚ ਵੀਚਾਰ ਵਾਸਤੇ ਪੇਸ਼ ਹੋਇਆ ਤਾਂ ਓਸੇ ਵੇਲੇ, ਗੁਸੇ ਵਿਚ ਆਕੇ ਪੰਡਿਤ ਜਵਾਹਰ ਲਾਲ ਨੇ, ਆਪਣੀ ਪੋਜੀਸ਼ਨ ਅਤੇ ਵਿਧਾਨ ਦਾ ਕੋਈ ਖਿਆਲ ਨਾ ਕਰਦੇ ਹੋਏ ਉਠਕੇ ਝਟ ਆਖ ਦਿਤਾ ਕਿ ਜੇ ਇਸ ਬਿਲ ਤੇ ਵੀਚਾਰ ਹੋਣੀ ਹੈ ਤਦ ਮੈਂ ਹੁਣੇ ਹੀ ਅਸਤੀਫਾ ਦੇ ਦਿੰਦਾ ਹਾਂ। ਇਸ ਤੋਂ ਬਹੁਤੇ ਸੁਆਰਥੀ ਕਾਂਗ੍ਰਸੀ ਡਰ ਗਏ ਕਿ ਜੇ ਇਹੋ ਜਿਹਾ ਕੁਛ ਹੋਇਆ ਤਦ ਸਾਨੂੰ ਏਹ ਸੀਟਾਂ ਮੁੜਕੇ ਮਿਲਣ ਕਿ ਨਾ ? ਓਨਾਂ ਪੰਡਿਤ ਠਾਕੁਰਦਾਸ ਨੂੰ ਮਜਬੂਰ ਕੀਤਾ ਅੰਤ ਇਹ ਨੋਟਿਸ ਓਥੇ ਹੀ ਓਨਾਂ ਵਾਪਸ ਲੈ ਲਿਆ।

ਕ਼ਰੀਬ ਕ਼ਰੀਬ ਏਨਾਂ ਹੀ ਦਿਨਾਂ ਵਿਚ ਕਾਂਗ੍ਰਸ ਪਾਰਟੀ ਦੀ ਆਪਣੀ ਇਲੈਕਸ਼ਨ ਹੋਈ। ਕਾਂਗ੍ਰਸ ਵਿਚ ਡਾ. ਪ੍ਰਸ਼ੋਤਮ ਦਾਸ ਟੰਡਨ ਪਕੇ ਧਾਰਮਿਕ ਵੀਚਾਰਾਂ ਦੇ ਅਤੇ ਦੇਸ਼ ਪ੍ਰੇਮੀ ਸਨ। ਜੋ ਪੰਡਿਤ ਜਵਾਹਰ ਲਾਲ ਦੇ ਨਾਂ ਚਾਹੁੰਦੇ ਹੋਏ ਭੀ ਕਾਂਗ੍ਰਸ ਦੇ ਪ੍ਰਧਾਨ ਚੁਣੇ ਗਏ। ਥੋੜਾ ਚਿਰ ਤਾਂ ਪੰਡਿਤ ਜੀ ਚੁਪ ਰਹੇ ਪਰ ਇਹ ਚੁਪ ਦਾ ਵਕਤ ਓਨਾਂ ਪਾਸੋਂ ਨਾ ਨਿਭਿਆ। ਓਨਾਂ ਟੰਡਨ ਜੀ ਵਿਰੁਧ ਵਿਚੇ ਵਿਚ ਅੰਦੋਲਨ ਸ਼ੁਰੂ ਕਰ ਦਿਤਾ। ਟੰਡਨ ਜੀ ਨੂੰ ਕਾਂਗ੍ਰਸ ਵਿਚ 'ਰਾਜ ਰਿਸ਼ੀ' ਆਖਿਆ ਜਾਂਦਾ ਸੀ। ਓਨਾਂ ਨੂੰ ਜਦੋਂ ਪਤਾ ਲਗਾ ਕਿ ਪੰ: ਜਵਾਹਰ ਲਾਲ ਨੂੰ ਮੇਰੇ ਪ੍ਰਧਾਨ ਬਣਨ ਤੇ ਬਹੁਤ ਤਲਖੀ ਹੈ, ਤਾਂ ਓਨਾਂ ਕਿਸੇ ਨੂੰ ਨਾ ਉਡੀਕਿਆ। ਪ੍ਰਧਾਨਗੀ ਪਦ ਤੋਂ ਅਸਤੀਫਾ ਦੇ ਦਿਤਾ। ਏਹ ਪ੍ਰਸੋਤਮ ਦਾਸ ਜੀ ਟੰਡਨ ਬੜੇ ਲਾਇਕ ਵਕੀਲ ਸਨ। ਕੁਛ ਚਿਰ ਏਹ ਯੂ. ਪੀ. ਅਸੈਂਬਲੀ

ਦੇ ਸਪੀਕਰ ਭੀ ਰਹੇ। ਉਹ ਦਾੜ੍ਹੀ ਕੇਸਾਂ ਦੇ ਧਾਰਨੀ ਸਨ। ਗਊ ਰਖਿਆ ਦੇ ਪੂਰੇ ਹਮਾਇਤੀ ਅਤੇ ਮੰਨੇ ਹੋਏ ਨੀਤੀ ਵੇਤਾ ਸਨ।

ਪੰ: ਜਵਾਹਰ ਲਾਲ ਦੇ ਵੀਚਾਰ ਆਮ ਕਰਕੇ ਧਾਰਮਿਕ ਵਜਕਤੀਆਂ ਦੇ ਪਖ ਵਿਚ ਨਹੀਂ ਰਹਿੰਦੇ ਰਹੇ। ਡਾ. ਰਾਜਿੰਦਰ ਪ੍ਰਸਾਦ ਭੀ ਧਾਰ-ਮਿਕ ਵੀਚਾਰਾਂ ਦੇ ਸਨ। ਜਦ ਪਹਿਲੀ ਵਾਰੀ ਓਹ ਰਾਸ਼ਟਰਪਤੀ ਬਣੇ ਤਾਂ ਓਨਾਂ ਦੀ ਜਿਤ ਪੰ: ਜਵਾਹਰ ਲਾਲ ਦੀ ਸਹਾਇਤਾ ਤੋਂ ਬਿਨਾਂ ਹੀ ਹੋਈ। ਡਾ. ਰਾਜਿੰਦਰ ਪ੍ਰਸ਼ਾਦ ਨੇ ਜਾਪਾਨ ਜਾਣਾ ਸੀ। ਜਾਣ ਦੀ ਤਿਆਰੀ ਹੋਈ ਕਿਉਂਕਿ ਭਾਰਤ ਦੇ ਰਾਸ਼ਟਰਪਤੀ ਦੀ ਯਾਤ੍ਰਾ ਸੀ, ਜੋ ਕਿ ਇਕ ਸਪੈਸ਼ਲ ਹਵਾਈ ਜਹਾਜ ਵਿਚ ਹੋਣੀ ਨਿਯੁਕਤ ਹੋਈ। ਇਸ ਤੇ ਪੰ: ਜਵਾਹਰ ਲਾਲ ਨੇ ਇਤਰਾਜ ਕੀਤਾ ਕਿ ਏਹ ਕਰਾਏ ਵਾਲੇ ਜ਼ਹਾਜ ਤੇ ਚਲੇ ਜਾਣ। ਏਹ ਚਰਚਾ ਬਹੁਤ ਜੋਰ ਪਕੜ ਗਈ ਅਤੇ ਪੰ: ਜ਼ਵਾਹਰ ਲਾਲ ਆਪਣੀ ਗਲ ਤੇ ਅੜੇ ਰਹੇ। ਏਹ ਤਜ਼ਵੀਜ ਪੰ: ਜੀ ਨੇ ਓਦੋਂ ਹੀ ਵਾਪਸ ਲਈ ਜਦੋਂ ਲੋਕ ਸਭਾ ਦੇ ਬਹੁਤੇ ਮੈਂਬਰਾਂ ਅਤੇ ਪ੍ਰੈਸ ਨੇ ਪੰਡਿਤ ਜੀ ਦੇ ਵਿਰੁਧ ਖ਼ੂਬ ਰੌਲਾ ਪਾਇਆ।

ਸੰਨ ੧੯੫੨ ਵਿਚ ਸਰਬ ਭਾਰਤੀ ਪਸ਼ੂ ਪ੍ਰਦਰਸ਼ਨੀ ਹਿਸਾਰ ਵਿਚ ਹੋਈ। ਇਸ ਪ੍ਰਦਰਸ਼ਨੀ ਵਿਚ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਭੀ ਆਪਣੀਆਂ ਗਊਆਂ ਪ੍ਰਦਰਸ਼ਿਤ ਕੀਤੀਆਂ। ਕੇਵਲ ਸ੍ਰੀ ਸਤਿਗੁਰੂ ਜੀ ਦੀਆਂ ਗਊਆਂ ਨੇ ਸਾਰੀ ਪ੍ਰਦਰਸ਼ਨੀ ਦੇ ਇਨਾਮਾਂ ਵਿਚੋਂ ਕ੍ਰੀਬ ਤੀਜਾ ਹਿਸਾ ਇਨਾਮ ਪ੍ਰਾਪਤ ਕੀਤੇ। ਇਨਾਮ ਬਾਬੂ ਰਾਜਿੰਦ੍ਰ ਪ੍ਰਸ਼ਾਦ ਜੀ ਨੇ ਵੰਡੇ। ਸ੍ਰੀ ਸਤਿਗੁਰੂ ਜੀ ਦੇ ਬਹੁਤੇ ਇਨਾਮ ਜਿਤਣ ਤੋਂ ਬਾਬੂ ਜੀ ਬਹੁਤ ਪ੍ਰਭਾਵਿਤ ਹੋਏ। ਇਨਾਮ ਦੇਣ ਵੇਲੇ ਓਨਾਂ ਆਪਣੇ ਭਾਸ਼ਣ ਵਿਚ ਸ੍ਰੀ ਸਤਿਗੁਰੂ ਜੀ ਦੀ ਸਿਫਤ ਕਰਦਿਆਂ ਆਖਿਆ ਕਿ "ਗਊ ਪਾਲਣ ਕਿਸੀ ਨੇ ਸੀਖਣਾ ਹੈ ਤੋ ਵੋਹ ਮਹਾਰਾਜ ਪ੍ਰਤਾਪ ਸਿੰਘ ਜੀ ਸੇ ਸੀਖੇ"। ਇਸਤੋਂ ਬਿਨਾਂ ਓਨਾਂ ਏਹ ਭੀ ਆਖਿਆ ਕਿ "ਜੋ ਲੋਗ ਕਹਤੇ ਹੈ ਗਊ ਮਾਰੀ ਜਾਇ, ਉਨ ਮੇਂ ਬਲ ਤੋ ਹੈ ਪ੍ਰੰਤੂ ਬੁਧੀ ਨਹੀਂ ਹੈ।"

ਪ੍ਰਧਾਨ ਮੰਤ੍ਰੀ ਦੇ ਦਫਤਰ ਵਲੋਂ ਅਖਬਾਰਾਂ ਦੀਆਂ ਖਬਰਾਂ ਵਿਚ ਰਾਸ਼ਟਰਪਤੀ ਬਾਬੂ ਰਾਜਿੰਦ੍ਰ ਪ੍ਰਸ਼ਾਦ ਦੇ ਭਾਸ਼ਣ ਵਿਚੋਂ ਉਪ੍ਰੋਕਤ ਦੋਵੇਂ ਫਿਕਰੇ ਥੋੜਾ ਥੋੜਾ ਫਰਕ ਪਾਕੇ, ਜਿਸਤਰਾਂ ਦੀ ਭਾਸ਼ਾ ਨਾਲ ਇਨਾਂ ਵਿਚ ਗਊ ਰਖਜਾ ਅਤੇ ਗਊ ਸੇਵਾ ਵਾਸਤੇ ਉਤਸ਼ਾਹ ਰਹਿਤ ਭਾਵਨਾ ਬਣੇ, ਓਸ ਭਾਸ਼ਾ ਵਿਚ ਛਪਵਾ ਦਿਤੇ।

ਬੀੜ ਦੇ ਫੈਸਲੇ ਵਿਰੁਧ ਸ੍ਰਕਾਰੀ ਅਪੀਲ

੨੦

ਇਸ ਲੇਖ ਦੇ ਚਲ ਰਹੇ ਪ੍ਰਕਰਣ ਨੂੰ ਵਿਚੇ ਛਡਕੇ ਬੀੜ ਮਡਾਂਢੂ ਰਿ: ਨਾਭਾ ਸ੍ਰੀ ਸਤਿਗੁਰੂ ਜੀ ਨੂੰ ਭੇਟਾ ਹੋਣਾ,ਅਤੇ ਬਾਦ ਵਿਚ ਅੰਗ੍ਰੇਜ਼ੀ ਸ੍ਰਕਾਰ ਦੀਆਂ ਉਸ ਵਿਚ ਰੁਕਾਵਟਾਂ ਉਪ੍ਰੰਤ, ਦੇਸ਼ ਸੁਤੰਤਰ ਹੋਣ ਤੇ ਕਾਂਗ੍ਰਸ ਸ੍ਰਕਾਰ ਵਲੋਂ ਉਸ ਤੋਂ ਭੀ ਵਧ, ਬੀੜ ਖੋਹ ਲੈਣ ਵਰਗੀ ਹਰਕਤ ਕਰਨ ਦੀ ਘਟਨਾ ਇਸ ਕਰਕੇ ਦਿਤੀ ਹੈ ਕਿ ਏਹ ਭੀ ਇਸ ਲੇਖ ਦਾ ਮਹਤਵ ਪੂਰਣ ਅੰਗ ਹੈ।

ਬੀੜ ਮਡਾਂਢੂ ਦੇ ਦੀਵਾਨੀ ਅਦਾਲਤ ਦੇ ਫੈਸਲੇ ਵਿਰੁਧ ਬ੍ਰਿਸ਼ਭਾਨ ਹੋਰਾਂ ਹਾਈਕੋਰਟ ਵਿਚ ਅਪੀਲ ਕਰਾ ਦਿਤੀ। ਅਪੀਲ ਵਿਚੇ ਹੀ ਸੀ ਏਨੇ ਚਿਰ ਨੂੰ ਪੈਪਸੂ ਦਾ ਇਲਾਕਾ ਪੰਜਾਬ ਵਿਚ ਮਿਲਾਇਆ ਗਿਆ, ਪੈਪਸੂ ਦੀ ਚੀਫ ਮਨਿਸਟਰੀ ਤੋਂ ਬ੍ਰਿਸਭਾਨ ਨੂੰ ਛੁਟੀ ਹੋ ਗਈ। ਏਸ ਅਪੀਲ ਦੀ ਸੁਣਵਾਈ ਪੰਜਾਬ ਹਾਈਕੋਰਟ ਚੰਡੀਗੜ ਵਿਚ ਹੋਈ। ੨ ਸਤੰਬਰ ੧੯੫੯ ਨੂੰ ਫੈਸਲਾ ਸੁਣਾਇਆ ਗਿਆ। ਫੈਸਲੇ ਵਿਚ ਪੈਪਸੂ ਸ੍ਰਕਾਰ ਦੀ ਅਪੀਲ ਸਣੇ ਖਰਚੇ ਨਾ ਮਨਜ਼ੂਰ ਹੋਈ। ਫੈਸਲਾ ਡਿਵੀਜ਼ਨ ਬੈਂਚ(ਦੋ ਜਜਾਂ) ਜਸਟਸ ਕੇ: ਐਸ: ਗੋਸਾਂਈ ਅਤੇ ਜਸਟਿਸ ਸ੍ਰ. ਹਰਬੰਸ ਸਿੰਘ(ਜੋ ਬਾਦ ਵਿਚ ਪੰਜਾਬ ਹਾਈਕੋਰਟ ਦੇ ਸਭ ਤੋਂ ਵਡੇ ਜਜ ਨਿਯੁਕਤ ਹੋਏ) ਨੇ ਕੀਤਾ।

ਸ੍ਰੀ ਸਤਿਗੁਰੂ ਸਚੇ ਪਾਤਸ਼ਾਹ ਜੀ ਨੇ ਏਸ ਜਮੀਨ ਵਿਚੋਂ ਥੋੜੀ ਜਹੀ ਲੰਗਰ ਵਾਸਤੇ ਰਖਕੇ ਬਾਕੀ ਬੇ-ਜਮੀਨੇ ਜਾਂ ਓਹ ਨਾਮਧਾਰੀ ਸਿੰਘ ਜਿਨਾਂ ਪਾਸ ਬਿਲਕੁਲ ਥੋੜੀ ਜਮੀਨ ਸੀ, ਓਨਾਂ ਵਿਚ ਵੰਡ ਦਿਤੀ। ਇਨਾਂ ਵਿਚ ਮਜਬੀ,ਰਵਿਦਾਸੀਏ, ਕਮੋ, ਰਾਮਗੜੀਏ ਸੈਣੀ ਜਿਮੀਦਾਰ ਸਭ ਸ੍ਰੇਣੀਆਂ ਦੇ ਸਿੰਘ ਹਨ। ਜਮੀਨ ਲੈਣ ਵਾਲਿਆਂ ਨੂੰ ਆਖਿਆ ਗਿਆ ਕਿ ਹਰ ਪਰਿਵਾਰ ੧-੧ ਗਊ ਘਟ ਤੋਂ ਘਟ ਜਰੂਰ ਰਖੇ।

ਪਾਠਕਾਂ ਨੂੰ ਚਲ ਰਹੇ ਪ੍ਰਕਰਣ ਦੀ ਯਾਦ ਕਰਾਈ ਜਾਂਦੀ ਹੈ ਜੋ ਇਸ ਲੇਖ ਦੇ ਪੰਨਾ ੮੯ ਤੇ ਸਮਾਪਤ ਹੁੰਦਾ ਹੈ।

ਸੰਨ ੧੯੫੭ ਦੀ ਚੋਣ ਤੋਂ ਬਾਦ ਦੇ ਪ੍ਰਤਿਕ੍ਰਮ

੨੧

ਸੰਨ ੧੯੫੭ ਦੀ ਜਨਰਲ ਇਲੈਕਸ਼ਨ ਵਿਚ ਸਰਸਾ-ਸ੍ਰੀ ਜੀਵਨ ਨਗਰ ਰੋੜੀ ਸੀਟ ਤੇ ਦੇਵੀ ਲਾਲ ਦਾ ਉਮੀਦਵਾਰ ਸੰਤ ਲਾਲ ਹਾਰ ਗਿਆ ਅਤੇ ਵੈਦ ਰਾਮ ਦਿਆਲ ਨੂੰ ਜਿਤ ਪ੍ਰਾਪਤ ਹੋਈ।

ਏਥੇ ਏਹ ਵਰਣਨ ਯੋਗ ਹੈ ਕਿ ਚੌ: ਦੇਵੀ ਲਾਲ ਦੇ ਸ੍ਰ. ਪ੍ਰਤਾਪ ਸਿੰਘ ਨਾਲ ਨੇੜੇ ਦੇ ਸਬੰਧ ਹੋਣ ਕਰਕੇ, ਪਿੰਡਾਂ ਦੇ ਸਾਧਾਰਣ ਬਾਗੜੀਏ ਲੋਕ ਇਸਤੋਂ ਬਹੁਤ ਭੈ ਖਾਂਦੇ ਸਨ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਕਿਰਪਾ ਨਾਲ ਨਾਮਧਾਰੀ ਸਾਧ ਸੰਗਤ ਨੇ ਏਥੇ ਜੋ ਪ੍ਰਭਾਵ ਜਮਾਇਆ ਸੀ ਏਸ ਕਰਕੇ ਬਾਗੜ ਦੇ ਪਿੰਡਾਂ ਵਿਚ ਭੀ ਕੁਛ ਹੌਂਸਲਾ ਹੋ ਗਿਆ ਸੀ । ਦੂਜੇ, ਰੋੜੀ ਦਾ ਇਲਾਕਾ ਜੋ ਸ੍ਰੀ ਸਤਿਗੁਰੂ ਜੀ ਦੇ ਨਾਨਕਿਆਂ ਦੀ ਵਸੋਂ ਹੈ, ਦੰਦੀਵਾਲ ਜ਼ਿਮੀਦਾਰ ਬੜੇ ਤਕੜੇ ਸਨ। ਇਸ ਇਲਾਕੇ ਦੇ ਭੀ ਕ਼ਰੀਬ ਬਹੁਤ ਸਾਰੇ ਪਿੰਡ ਇਸ ਹਲਕੇ ਵਿਚ ਸਨ ਜਿਨਾਂ ਵਿਚੋਂ ਬਹੁਤੇ ਲੋਕ ਪਹਿਲਾਂ ਤੋਂ ਹੀ ਦੇਵੀ ਲਾਲ ਦੇ ਵਿਰੋਧੀ ਸਨ ਏਹ ਲੋਕ ਨਿਡਰ ਸਨ। ਏਨਾਂ ਖੁਲ੍ਹਕੇ ਦੇਵੀ ਲਾਲ ਵਿਰੁਧ ਵੋਟ ਪਾਏ।

ਘਸੀਟਾ ਸਿੰਘ ਮਦਾਰ ਵਾਲੇ ਨੇ ਕੁਛ ੫-੭ ਬੰਦੇ ਨਾਲ ਲੈਕੇ ਦੇਵੀ ਲਾਲ ਦੀ ਇਮਦਾਦ ਕੀਤੀ ਪਰ, ਕੁਛ ਕਰ ਨਾ ਸਕੇ, ਓਸਨੇ ਏਹ ਫਾਇਦਾ ਜ਼ਰੂਰ ਉਠਾਇਆ ਕਿ ਕੰਧਾਰਾ ਸਿੰਘ ਅਤੇ ਉਸਦੇ ਪ੍ਰਵਾਰ ਵਿਰੁਧ ਕਦੇ ਜ਼ਮਾਨਤਾਂ ਦੀ ਕਦੇ ਕਿਸੇ ਫੌਜਦਾਰੀ ਕੇਸ ਦੀ ਝੂਠੀਆਂ ਦਰਖਾਸਤਾਂ ਦੇਕੇ, ਦੇਵੀ ਲਾਲ ਦੇ ਰਸੂਖ ਨਾਲ ਓਨਾਂ ਵਾਸਤੇ ਨਿਤ ਦੀ ਪਰੇਸ਼ਾਨੀ ਬਣਾਈ ਰਖੀ। ਏਥੇ ਹੀ ਬਸ ਨਹੀਂ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਅਤੇ ਮੇਰੇ ਵਿਰੁਧ ਭੀ ਦਰਖਾਸਤਾਂ ਪੰਜਾਬ ਦੇ ਮੁਖ ਮੰਤ੍ਰੀ, ਕਦੇ ਪ੍ਰਧਾਨ ਮੰਤ੍ਰੀ ਨੂੰ ਭੇਜੀ ਜਾਣ ਦਾ ਤਾਂਤਾ ਬੰਨ ਰਖਿਆ।

ਸ੍ਰ. ਪ੍ਰਤਾਪ ਸਿੰਘ ਕੈਰੋਂ ੨੩ ਜਨਵਰੀ ੧੯੫੬ ਤੋਂ ਮੁਖ ਮੰਤ੍ਰੀ ਬਣ ਚੁਕੇ ਸਨ। ਦੇਵੀ ਲਾਲ ਪਹਿਲਾਂ ਹੀ ਓਨਾਂ ਤੋਂ ਬਹੁਤ ਫਾਇਦਾ ਉਠਾਂਉਦਾ ਸੀ। ਮੁਖ ਮੰਤ੍ਰੀ ਬਣਨ ਤੇ ਤਾਂ ਇਸ ਫਾਇਦੇ ਵਿਚ ਲੋਹੜੇ ਦਾ ਵਾਧਾ ਹੋਇਆ।

ਮੁਖ ਮੰਤ੍ਰੀ ਬਣਕੇ ਸ੍ਰ. ਪ੍ਰਤਾਪ ਸਿੰਘ ਦੀ ਬੁਧੀ ਟਿਕਾਣੇ ਤੋਂ ਬਹੁਤ ਦੂਰ ਜਾ ਚੁਕੀ ਸੀ। ਵਿਰੋਧੀਆਂ ਨੂੰ ਪ੍ਰੇਸ਼ਾਨ ਕਰਨਾ ਅਤੇ ਆਪਣਿਆਂ ਨੂੰ ਅਨੁਚਿਤ ਲਾਭ ਦੇਈ ਜਾਣਾ ਓਨਾਂ ਦੇ ਕਰਤੱਵ ਵਿਚ ਇਕ ਆਮ ਗਲ ਹੋ ਗਈ ਸੀ।

ਸ੍ਰੀ ਜੈ ਪ੍ਰਕਾਸ਼ ਨਾਰਾਇਣ ਨੇ ਆਪਣੇ ਇਕ ਲੇਖ ਵਿਚ ਇਸਦਾ ਵਰਣਨ ਕੀਤਾ ਹੈ। ਓਹ ਕਹਿੰਦੇ ਹਨ, ਕਿ ਰਾਜ ਗੋਪਾਲ ਆਚਾਰਜ, ਰਾਜਨ ਬਾਬੂ, ਸੀ. ਡੀ. ਦੇਸ ਮੁਖ(ਵਿਤ ਮੰਤ੍ਰੀ) ਅਤੇ ਕੁਛ ਹੋਰ ਭੀ ਅਤੇ ਮੈਂ ਪੰਡਿਤ ਨਹਿਰੂ ਦਾ ਧਿਆਨ ਇਸ ਪਖ ਵਲ ਦੁਆਇਆ ਕਿ ਵਢੀ ਖੋਰੀ ਬਹੁਤ ਉਪਰਲੀ ਸਤਹ ਤਕ ਪਹੁੰਚ ਚੁਕੀ ਹੈ। ਜੈ ਪ੍ਰਕਾਸ਼ ਜੀ ਲਿਖਦੇ ਹਨ ਮੈਂ ਸ੍ਰ. ਪ੍ਰਤਾਪ ਸਿੰਘ ਬਾਰੇ ਖਾਸ ਕਰਕੇ ਆਖਿਆ ਅਤੇ ਪੰ: ਨਹਿਰੂ ਨੇ ਮੇਰਾ ਕਹਿਣਾ ਸਵੀਕਾਰ ਕੀਤਾ। ਪਰ ਓਨਾਂ ਅਗੋਂ ਇਹ ਉਤ੍ਰ ਦਿਤਾ ਕਿ ਓਹ ਬਚਿਆ ਹੋਇਆ ਤਾਂ ਨਹੀਂ, ਪਰ ਓਹ

ਕੰਮ ਵਿਚ ਅਤੇ ਹਕੂਮਤ ਚਲੌਣ ਵਿਚ ਬੜਾ ਸਾਰਥਿਕ ਹੈ, ਇਸ ਕਰਕੇ ਸਾਨੂੰ ਉਸ ਦਾ ਏਹ ਕੁਛ ਬਰਦਾਸ਼ਤ ਕਰ ਲੈਣਾ ਚਾਹੀਦਾ ਹੈ।

ਜੈਸਾ ਕਿ ਉਪਰ ਦਸਿਆ ਗਿਆ ਹੈ, ਘਸੀਟਾ ਸਿੰਘ ਸਾਧ ਸੰਗਤ ਵਿਚ ਕੀਤੇ ਹੋਏ ਅਪਣੇ ਫੈਸਲੇ ਵਿਰੁਧ ਅਲਾਟਮੈਂਟ ਵਾਲੀ ਜਮੀਨ ਦੋਗੁਣੀ ਲੈਣ ਵਾਸਤੇ ਦਰਖਾਸਤ ਤੇ ਦਰਖਾਸਤ ਦੇਈ ਜਾਂਦਾ ਸੀ। ਜੇ ਇਸ ਨੂੰ ਸ੍ਰਕਾਰੀ ਐਲੋਕੇਸ਼ਨ(ਪਛਮੀ ਪੰਜਾਬ ਵਿਚੋਂ ਆਈਆਂ ਜਮੀਨਾਂ ਦੀ ਜਿਲੇ ਅਨੁਸਾਰ ਵੰਡ) ਅਨੁਸਾਰ ਜਮੀਨ ਪਈ ਹੁੰਦੀ ਤਦ ਇਸਨੇ ਕਿਸੇ ਹੋਰ ਜਿਲੇ ਵਿਚ ਜਾਣਾ ਸੀ ਅਤੇ ਜਮੀਨ ਦਾ ਭੀ ਸਿੰਗਲ(ਇਕ) ਯੂਨਿਟ(ਦੁਗਣਾ ਨਹੀਂ, ਪੂਰਾ ਹਿਸਾ) ਮਿਲਣਾ ਸੀ। ਪਰ ਸਤਿਗੁਰੂ ਜੀ ਦੇ ਸਭ ਨਾਮਧਾਰੀਆਂ ਨੂੰ ਸ੍ਰਕਾਰੀ ਅਫਸਰਾਂ ਦੇ ਦਰਵਾਜਿਆਂ ਅਗੇ ਖਲੋਣ ਪਟਵਾਰੀਆਂ, ਤਸੀਲਦਾਰਾਂ ਆਦਿਕ ਨੂੰ ਵਢੀ ਦੇਣ ਤੋਂ ਬਚਾਉਣਦੀ ਕਦਰ ਇਸ ਨੇ ਅਸਲੋਂ ਨਾ ਜਾਣੀ ਅਤੇ ਜਿਦ ਫੜ ਲਈ ਕਿ ਮੈਂ ਦੁਗਣੀ ਜਮੀਨ ਲੈਣੀ ਹੈ। ਅਲਾਟਮੈਂਟਾਂ ਭਾਵੇਂ ਪਕੀਆਂ ਹੋ ਗਈਆਂ ਸਨ ਪਰ ਅਜੇ ਅਲਾਟੀਆਂ ਨੂੰ ਏਹ ਅਧਿਕਾਰ ਨਹੀਂ ਸਨ ਮਿਲੇ ਜਿਨਾਂ ਅਨੁਸਾਰ ਓਹ ਜਮੀਨ ਵੇਚ ਸਕਣ ਜਾਂ ਤਬਾਦਲਾ ਕਰ ਸਕਣ। ਏਹ ਫਸਾਦ ਵਧਦਾ ਵੇਖਕੇ ਕਈ ਸਿਆਣੇ ਬੰਦਿਆਂ ਨੇ ਘਸੀਟਾ ਸਿੰਘ ਨੂੰ ਬਹੁਤ ਸਮਝਾਇਆ ਪਰ ਉਸਨੂੰ ਦੇਵੀ ਲਾਲ ਰਾਹੀਂ ਪੰਜਾਬ ਸ੍ਰਕਾਰ ਦੀ ਸ਼ਹਿ ਮਿਲੀ ਹੋਈ ਸੀ ਅਤੇ ਉਸਨੇ ਕਿਸੇ ਦੇ ਆਖੇ ਦੀ ਕਖ ਪ੍ਰਵਾਹ ਨਾ ਕੀਤੀ।

ਵੈਦ ਦਲੀਪ ਸਿੰਘ, ਪਿਛੇ ਸਦੋਵਾਲ ਜਿ: ਲਾਇਲਪੁਰ ਰਹਿੰਦੇ ਰਹੇ ਸਨ, ਏਥੇ ਉਹ ਸੰਤਾਂ ਵਾਲੀ ਰਹਿੰਦੇ ਸਨ। ਓਨਾਂ ਘਸੀਟਾ ਸਿੰਘ ਨੂੰ ਇਸ ਗਲ ਤੇ ਮਨਾ ਲਿਆ ਕਿ ਸੰਤ ਨਗਰ ਵਾਲੀ ਜਮੀਨ ਦਾ ਤਬਾਦਲਾ ਕਰਕੇ ਹਾਰਨੀ ਖੁਰਦ ਚਲਾ ਜਾਵੇ। ਓਥੇ ਭਗਤ ਹਜਾਰਾ ਸਿੰਘ ਜੀ, ਖਿਹਾਲੇ ਦੇ ਸਨ, ਓਨਾਂ ਦਾ ਭਰਾ ਸੰਤੋਖ ਸਿੰਘ ਇਨਾਂ ਦੋਹਾਂ ਭਰਾਵਾਂ ਨਾਲ ਜਮੀਨ ਦਾ ਤਬਾਦਲਾ ਕਰਕੇ ਘਸੀਟਾ ਸਿੰਘ

ਹਾਰਨੀ ਚਲਾ ਗਿਆ। ਅਤੇ ਇਸ ਤਬਾਦਲੇ ਸਬੰਧੀ ਬਿਆਨ ਹਲਫੀ ਲਿਖ ਦਿਤਾ ਜਿਸ ਦੀ ਤਸਦੀਕ ਚੌ. ਭੀਮ ਸਿੰਘ ਐਸ. ਡੀ. ਐਮ. ਸਰਸਾ ਨੇ ਕੀਤੀ ਏਹ ਕਰਨ ਨਾਲ,ਇਲ਼ਾਕੇ ਵਿਚ ਕੁਛ ਤਪਸ਼ ਘਟੀ ਕਿ ਇਕ ਸੰਕਟ ਟਲ ਗਿਆ ਹੈ :-

ਘਸੀਟਾ ਸਿੰਘ ਤਬਦਿਕ ਦਾ ਮਰੀਜ ਸੀ। ਅਪਣੇ ਘਰ ਇਲਾਜ ਕਰਾਉਂਦਾ ਰਿਹਾ। ਮੇਰੇ ਮਨ ਤੇ, ਏਹ ਜਮੀਨ ਲੈਣ ਵੇਲੇ ਇਸ ਦੀ ਕੀਤੀ ਹੋਈ ਸੇਵਾ ਦਾ ਪ੍ਰਭਾਵ ਸੀ। ਸੋ ਇਸ ਦਾ ਇਲਾਜ ਕਰਾਉਣ ਵਾਸਤੇ ਇਸ ਨੂੰ ਸ੍ਰੀ ਜੀਵਨ ਨਗਰ ਲੈ ਆਂਦਾ। ਕ਼ਰੀਬ ਦੋ ਮਹੀਨੇ ਜੋ ਸਰਿਆ ਇਸ ਦੀ ਅਰੋਗਤਾ ਲਈ ਉਪਾਉ ਕੀਤੇ ਗਏ ਪਰ ਰੋਗ ਦੂਰ ਨਾ ਹੋ ਸਕਿਆ ਅਤੇ ਏਹ ਥੋੜੇ ਚਿਰ ਪਿਛੋਂ ਘਰ ਵਾਪਸ ਚਲਾ ਗਿਆ। ਓਹ ਘਸੀਟਾ ਸਿੰਘ, ਜਿਸਨੇ ਮੁਲ ਵਾਲੀ ਜਮੀਨ ਵਿਚੋਂ ਅਧੀ ਦੇ ਰੁਪਏ ਸਹੇਵੇ ਸਾਹਿਬ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਨਮਿਤ ਹੋ ਰਹੇ ਅਖੰਡ ਪਾਠਾਂ ਵਿਚ ਪਾ ਦਿਤੇ ਸੀ, ਓਸ ਦਾ ਮਨ ਸਿਖੀ ਤੋਂ ਏਨੀ ਦੂਰ ਚਲਾ ਗਿਆ, ਉਸ ਨੇ ਏਹ ਆਖਣਾ ਸ਼ੁਰੂ ਕਰ ਦਿਤਾ ਕਿ ਏਹ ਨਾਮਧਾਰੀ ਪੰਥ ਤਾਂ ਝੂਠ ਦਾ ਬੁਰਜ ਹੈ। ਜਿਨਾਂ ਦੇ ਕਦੇ ਓਹ ਦਰਸ਼ਨ ਨਹੀਂ ਸੀ ਕਰਨਾ ਚਾਹੰਦਾ,ਓਨਾਂ ਨੂੰ ਸਦ ਸਦਕੇ ਪਾਠ ਕਰਵਾ-ਉਣੇ ਅਤੇ ਹੋਰ ਇਹੋ ਜਿਹਾ ਕੁਛ ਕਰਨ ਲਗ ਪਿਆ ਜਿਵੇਂ ਨਾਮਧਾਰੀ ਪੰਥ ਦਾ ਇਕ ਨੰਬਰ ਵਿਰੋਧੀ ਹੋਵੇ।

ਘਸੀਟਾ ਸਿੰਘ ਵਲੋਂ ਜਮੀਨ ਦਾ ਤਬਾਦਲਾ ਕਰਕੇ ਕੋਠੇ ਫਸਲਾਂ ਦੀ ਕੀਮਤ ਅਤੇ ਕਬਜਾ ਲੈਣ ਦੇਣ ਦੇ ਸਬੰਧ ਵਿਚ ਦਿਤੇ ਹੋਏ ਐਸ. ਡੀ: ਐਮ. ਦੇ ਸਾਮਣੇ ਤਸਦੀਕ ਕੀਤੇ ਬਿਆਨ ਹਲਫੀ ਦੀ ਨਕਲ ਪਾਠਕਾਂ ਦੀ ਜਾਣਕਾਰੀ ਵਾਸਤੇ ਦਿਤੀ ਜਾ ਰਹੀ ਹੈ,-

ਨਕਲ ਇਕਰਾਰ ਨਾਮਾ

ਮਨਜਾਨਬ ਘਸੀਟਾ ਸਿੰਘ ਵਲਦਨਰੈਣ ਸਿੰਘ ਜਟ ਸਿਖ

ਸਾਕਨ ਮੌਜਿਆ ਜਗਮਲੇਰਾ ਤਹਸੀਲ ਸਰਸਾ ਜਿਲਾ ਹਿਸਾਰ।

ਮਨਕਿ ਘਸੀਟਾਸਿੰਘ ਵਲਦ ਨਰੈਣ ਸਿੰਘ ਜਟਸਿਖ ਸਕਨਾ ਮੌਜਿਆ ਜਗਮਲੇਰਾ ਤਹਸੀਲ ਸਰਸਾ ਜਿਲਾ ਹਿਸਾਰ ਕਾ ਹੂੰ ਜੋ ਕਿ ਬਾ ਕਾਇਮੀ ਹੋਸ਼ੋਹਵਾਸ . ਅਕਲ ਬਿਲਾ ਕਿਸੀ ਧੋਕਾ ਵਾ ਫਰੇਬ ਕੇ ਬਜਰੀਆ ਤਹਰੀਰ ਕੇ ਇਕਰਾਰ ਕਰਤਾ ਹੂੰ ਔਰ ਲਿਖ ਦੇਤਾ ਹੂੰ ਕਿ ਮੁਜਹਰ ਨੇ ਅਪਣੀ ਅਰਾਜੀ ਵਾਕਿਆ ਜਗਮਲੇਰਾ ਤਹਸੀਲ ਸਰਸਾ ਜੋ ਬਰੂਏ ਸਨਦ ਨੰਬਰ ਐਚ. ਐਸ.੫-੧੨੬-੨੭ ਬਰਕਬਾ ੨੭ ਸਟੈਂਡਰਡ ਏਕੜ ਸਵਾ ਛੇ ਯੂਨਿਟ ਔਰ ਖਰੀਦ ਕਰਦਾ ਬਮੈਹ ਬਿਸ਼ਨ ਸਿੰਘ ਵਲਦ ਜੈ ਸਿੰਘ ਜਟ ਸਿਖ ਬਮੈਹ ਨਿਸਫ ਸਾਲਮ ਬਰਕਬਾ ੫੮ ਬਿਘੇ ੭ ਬਿਸਵੇ ਪੁਖਤਾ ਵਾਕਿਆ ਜਗਮਲੇਰਾ ਤਹਸੀਲ ਸਰਸਾ ਮੈਂ ਮਲਕੀਤੀ ਹੈ ਕਿ ਤਬਾਦਲਾ ਹਮਰਾਹ ਅਰਾਜੀ ਮੇਂ ਦਰਜਾ ਬਾਲਾ ਬਾਹਮੀ ਹਰ ਹਮਰਾਹ ਮੁਸਮੀਆਨ ਹਜਾਰਾ ਸਿੰਘ ਸਨਤੋਖ ਸਿੰਘ ਪਿਸਰਾਨ ਘਸੀਟਾ ਸਿੰਘ ਮੌਜਿਆ ਹਾਰਨੀ ਖੁਰਦ ਮਤਰੂਕਾ ਸਨਦ ਐਚ. ਐਸ. ੫-੧੨੩ ੨੭ ਬਰਕਬਾ ੩੭- ਸਟੈਂਡਰਡ ਏਕੜ ਵਾਈ ਯੂਨਿਟ ਮੁਜਹਰ ਹਜਾਰਾ ਸਿੰਘ ਵਲਦ ਘਸੀਟਾ ਸਿੰਘ ਸਨਦ ਨੰਬਰ ਐਚ. ਐਸ. ੩-੧੨੩-੨੧ ਬਰਕਬਾ ੪ ਸਟੈਂਡਰਡ ਏਕੜ ਵਾਈ ਯੂਨਿਟ ਵਾਹਦ ਮਲਕੀਤੀ ਹਜਾਰਾ ਸਿੰਘ ਜੁਮਲਾ ੪੧ ਸਟੈਂਡਰਡ ਏਕੜ ਸਾਢੇ ਚਾਰ ਯੂਨਿਟ ਸੇ ਕਰ ਲੀਆ ਹੈ ਔਰ ਹਸਬ ਜ਼ੈਲ ਸ਼ਰਾਇਤ ਤੈਹ ਪਾਈ ਹੈ।

(੧) ਮੁਜਹਰ ਅਪਣੇ ਇਹਾਤਾ ਜਗਮਲੇਰਾ ਮੇ ਸੇ ਜਿਸਕਾ ਤਬਾਦਲਾ ਕੀਆ ਗਿਆ ਹੈ ਇਸਸੇ ਖਸ਼ਤਾਹਾਏ ਪੁਖਤਾ ਲਕੜੀ ਬਾਗੀ ਵਾ ਸ਼ਤੀਰੀ ਜੋ ਕਾਟੀ ਪੜੀ ਹੈ, ਵਾ ਇਕ ਅਦਦ ਕੁਵਾੜ ਉਠਾ ਕਰ ਅਪਣੇ ਹਮਰਾਹ ਲੈ ਜਾ ਸਕੇਗਾ।

ਔਰ ਜੋ ਕੂੰਆਂ ਆਬਪਾਸ਼ੀ ਮੇਰੇ ਤਬਾਦਲਾ ਸ਼ੁਦਾ ਅਰਾਜੀ ਮੇਂ ਜਾਰੀ ਹੈ ਔਰ ਓਸ ਕੂਏਂ ਕੇ ਉਪਰ ਸਾਮਾਨ ਰਹਿਟ ਮੈਹ ਝਲਨ ਕਾਂਜਨ ਵਗੈਰਾ ਵਾ ਟਿੰਡੇਂ ਸਬ ਉਤਰਾਕਰ ਲੇ ਜਾ ਸਕੇਗਾ ਕੋਈ ਫਰੀਕ ਸਾਨੀ ਹਜਾਰਾ ਸਿੰਘ ਸੰਤੋਖ ਸਿੰਘ ਮਜ਼ਾਹਮ ਨਹੀਂ ਹੋ ਸਕੇਗਾ। ਔਰ ਮੈਂ ਅਪਣੀ ਮਕਬੂਜਾ ਅਰਾਜੀ ਸੇ ਦੋ ਅਦਦ ਦਰਖਤ ਕਿਸਮ ਕੀਕਰ ਕਾਟ ਸਕੂੰਗਾ

(੨)ਯੇ ਕਿ ਮੁਬਲਗ ਰੁਪੈ ੮੫੦੩ ਬਤਫਸੀਲ ਜ਼ੈਲ ਮਾਖਜ ਰਸੀਦ ਅਜ਼ਾ ਹਜਾਰਾ ਸਿੰਘ ਸਨਤੋਖ ਸਿੰਘ ਫਰੀਕ ਸਾਨੀ ਸੇ ਵਸੂਲ ਕਰੂੰਗਾ ਬਾਬਤ ਕੀਮਤ ਯਾਨੀ ਲਾਗਤ ਕੂਆਂ ੪੦੦੦, ਬਾਬਤਕੀਮਤ ਕੋਠਾ ਜਾਤ ਵਾਕਿਆ ਜਗਮਲ਼ੇਰਾ ੧੦੦੦,ਬਾਬਤ ਮੁਆਵਜਾ ਰੌਨੀ ਅਰਾਜੀ ਫਸਲ ਰਬੀ ਸਨ ੧੯੫੫,ਰੁਪੈ ੧੩੩੦ ਬਾਬਤ ਕੀਮਤ ਫਸਲ ਇਸ-ਤਾਦਾ ਕਮਾਦ ਵਾਰਕਬਾ ੨ ਏਕੜ ੧ ਕਨਾਲ ੧੦ ਮਰਲਾ ਵ ੨੧੭੩ ਰੁਪੈ ਰਕਬਾ ਮੋਜਿਆ ਜਗਮਲੇਰਾ ਕਾਸ਼ਤ ਸ਼ੁਦਾ ਮੁਜਹਰ ਅਜਾ ਹਜਾਰਾ ਸਿੰਘ ਘਸੀਟਾ ਸਿੰਘ।

(੩) ਯੇ ਕਿ ਬਗਰਜ ਮੁਹਾਲ ਸਾਹਿਬ ਡਿਪਟੀ ਕਮਿਸ਼ਨਰ ਬਹਾਦਰ ਜਿਲਾ ਹਿਸਾਰ ਕਿਸੀ ਕਾਨੂੰਨੀ ਨੁਕਸ ਸੇ ਹਰ ਦੋ ਫਰੀਕੈਨ ਕੀ ਦਰਖਾਸਤਹਾਏ ਤਬਾਦਲਾ ਨਾ ਮਨਜ਼ੂਰ ਫ੍ਰਮਾਵੇਂ ਤੋ ਇਸ ਸੂਰਤ ਮੈਂ ਭੀ ਹਮਾਰਾ ਤਬਾਦਲਾ ਅਰਾਜੀ ਬਦਸਤੂਰ ਕਾਇਮ ਰਹੇਗਾ ਔਰ ਸ਼ਰਾਇਤ ਬਾਲਾ ਕਾ ਪਾਬੰਦ ਰਹੂੰਗਾ। ਜਬ ਹਕੂਕ ਮਲਕੀਅਤ ਅਰਾਜੀਆਤ ਹਾਸਲ ਪਰ ਦੋ ਫਰੀਕ ਕਰ ਲੇਵੇਗੇ ਕੀਮਤ ਅੰਦਰ ਮਿਆਦ ਇਕ ਮਾਹ ਇੰਤਕਾਲ ਬਨਾਮ ਫਰੀਕੈਨ ਏਕ ਦੂਸਰੇ ਕੇ ਹਕ ਮੇਂ ਕਾਗਜਾਤ ਮਾਲ ਮੇ ਦਰਜ ਕਰਵਾ ਕਰ ਤਸਦੀਕ ਰੂਬਰੂ ਰੈਵੇਨਿਊ ਆਫੀਸਰ

ਕਰਾਨੇ ਕੇ ਜੁਮੇਵਾਰ ਹੋਂਗੇ ਬਸੂਰਤ ਦੀਗਰ ਵਾਦਾ ਖਲਾਫ ਕਿਸੀ ਇਕ ਸੁਰਤਨ ਹਰ ਦੋ ਫਰੀਕੈਨ ਏਕ ਦੂਸਰੇ ਕੋ ਜੋ ਖਿਲਾਫ ਵਰਜੀ ਕਰੇਗਾ ਤੋ ਦੂਸਰੇ ਫਰੀਕੈਨ ਕੋ ਮੁਬਲਗ ਦਸ ਹਜਾਰ ਰੁਪਜਾ ਬਤੌਰ ਹਰਜਾਨਾ ਦੇਣੇ ਕਾ ਜੁਮੇਵਾਰ ਹੋਗਾ ਯਾਨੀ ਮੁਜਹਰ ਖਲਾਫ ਵਰਜੀ ਕਰੇਗਾ, ਤੋਂ ਮੁਜਾਹ ਹਰਜਾਨਾ ਬਾਲਾ ਦੇਣੇ ਕਾ ਜੁਮੇ-ਵਾਰ ਹੋਗਾ ਜਿਸਕੀ ਅਦਾਇਗੀ ਕੇ ਵਾਸਤੇ ਮੇਰੀ ਜਾਤ ਨਾਮ ਵਾ. ਦੀਗਰ ਜਾਇਦਾਤ ਹਰ ਕਿਸਮ ਅਦਾਇਗੀ ਕੀ ਜੁਮੇਵਾਰ ਹੋਗੀ ਲੈਹਜਾ ਚੰਦ ਹਰੂਫ ਬਤੌਰ ਇਕਾਰਰ ਨਾਮਾ ਬਾਹਮੀ ਬੁਕ ਹਜਾਰਾ ਸਿੰਘ ਸਨਤੋਖ ਸਿੰਘ ਤਹਰੀਰ ਕਰ ਦੀਆ ਕਿਸਨਦ ਰਹੇ।੨੦-੧੦-੧੯੫੪ ਮਜਮੂਨ ਪੜਕਰ ਸੁਨਾਇਆ ਗਿਆ ਜਿਸਕੋ ਦਰੁਸਤ ਸਹੀ ਤਸਲੀਮ ਕੀਆ ਗਿਆਨ ਚੰਦ ਅਰਾ-ਇਜ ਨਵੀਸ ਸਰਸਾ ਬਕਲਮ ਖੁਦ ਰਜਿਸਟਰ ਨੰ: ੪੯੧ ਮੁਕਰਰ ਆਂਕਿ ਕਬਜਾ ਅਰਾਜੀ ਸ਼ੁਦਾ ਪਰ ਹਰ ਦੋ ਫਰੀਕ ਨੇ ਅਪਣੀ ਅਪਣੀ ਅਰਾਜੀ ਪਰ ਕਬਜਾ ਮੌਕਾ ਪਰ ਕਰ ਲੀਆ ਹੂਆ ਹੈ ਤਹਰੀਰ ਸਦਰ ਨਿਸ਼ਾਨ ਮੋਹਰ ਅਰਜੀ ਨਵੀਸ ੨੫੫੫ ਬਟਾ ੧੮-੧-੬੦

ਅਲਾਬਦ ਗਵਾਹਸ਼ੁਦ

ਘਸੀਟਾ ਸਿੰਘ ਮਜਕੂਰ ਹਰੀ ਸਿੰਘ ਸਰਪੰਚ ਮੌਜਿਆ

ਦਸਤਖਤ ਗੁਰਮੁਖੀ ਕਰੀਵਾਲਾ ਦਸਖਤ ਗੁਰਮੁਖੀ

ਗਵਾਹ ਸੁਦਾ

ਸਰਦੂਲ ਸਿੰਘ ਵਲਦ ਗਿਆਨ ਸਿੰਘ ਜਟ ਸਿਖ

ਸਕਨਾ ਜਗਮਲੇਰਾ ਤਹਸੀਲ ਸਰਸਾ ਦਸਖਤ ਉਰਦੂ

ਗਵਾਹਸ਼ੁਦ

ਸੰਤਾ ਸਿੰਘ ਵਲਦ ਬਾਦਲ ਸਿੰਘ ਜਟ ਸਿਖ ਸਾਕਨ

ਜਗਮਲੇਰਾ ਤਹਸੀਲ ਸਰਸਾ ਨਿਸ਼ਾਨ ਅੰਗੂਠਾ
ਗਵਾਹਸ਼ੁਦ
ਸ੍ਰਦਾਰ ਅਵਤਾਰ ਸਿੰਘ ਨੰਬਰਦਾਰ ਸਾਕਨ ਕਰੀਵਾਲਾ ਤਹਸੀਲ ਸਰਸਾ ਦਸਖਤ ਅੰਗਰੇਜ਼ੀ

ਨਕਲ ਰਸੀਦ

ਮਨਕਿ ਘਸੀਟਾ ਸਿੰਘ ਵਲਦ ਨਰੈਣ ਸਿੰਘ ਕੌਮ ਜਟ ਸਿਖ ਮੌਜਿਆ ਜਗਮਲੇਰਾ ਤਹਸੀਲ ਸਰਸਾ ਜ਼ਿਲਾ ਹਿਸਾਰ ਕਾ ਹੂੰ ਜੋਕਿ ਮਬਲਗ ਤਿੰਨ ਹਜ਼ਾਰ ਪਾਂਚ ਸੌ ਤਿੰਨ ਰੁਪੈ (੩੫੦੩) ਨਿਸਫ ਜਿਨਕੇ ੧੭੫੧-੮ ਰੁਪੈ ਹੋਤੇ ਹੈਂ ਬਾ ਤਫਸੀਲ ਜ਼ੈਲ ਬਾਬਤ ਫਸਲ ਕਮਾਦ ਫਸਲ ਖਰੀਫ ੧੯੫੪, ਰੁਪੈ ੨੧੭੩, ਬਾਬਤ ਮੁਆਵਜ਼ਾ ਰੌਣੀ ਆਰਾਜ਼ੀ ੧੯੫੫, ੧੩੩੦ ਰੁਪੈ, ਕੁਲ ਮੇਜ਼ਾਨ ੩੫੦੩ ਰੁਪੈ।

ਅਜਾਨ ਹਜ਼ਾਰਾ ਸਿੰਘ ਸੰਤੋਖ ਸਿੰਘ ਪਿਸਰਾਨ ਘਸੀਟਾ ਸਿੰਘ ਕੌਮ ਜਟ ਸਿਖ ਸਾਕਨਾ ਮੌਜਿਆ ਹਾਰਨੀ ਖੁਰਦ ਤਹਸੀਲ ਸਰਸਾਸੇ ਵਸੂਲ ਪਾਏ ਔਰ ਕਬਜ਼ਾ ਫਸਲ ਕਮਾਦ ਕਾ ਮੌਕਿਆ ਪਰ ਮੁਸ਼ਤਰੀਆਨ ਕੋ ਦੇ ਦੀਆ ਗਿਆ ਹੈ, ਅਬ ਮੇਰਾ ਕੋਈ ਤੁਅੱਲਕ ਹਮਰਾਹ ਫਸਲ ਤੇ ਅਰਾਜ਼ੀ ਰੌਣੀ ਸ਼ੁਦਾ ਸੇ ਨਹੀਂ ਰਹਾ। ਲੇਹਜ਼ਾ ਈ. ਚੰਦ ਹਰੂਫ ਬਤੌਰ ਰਸੀਤ ਹੈ। ਹਜ਼ਾਰਾ ਸਿੰਘ ਸਨਤੋਖ ਸਿੰਘ ਪਿਸਰਾਨ ਘਸੀਟਾ ਸਿੰਘ ਕੋ ਤਹਰੀਰ ਕਰ ਦੇਤਾ ਹੂੰ ਕੇ ਸਨਦ ਰਹੇ।

ਗਿਆਨ ਚੰਦ ਸਰਸਾ ਜ਼ਿਲਾ ਹਿਸਾਰ ੨੦-੧੦-੧੯੫੪

Attested Rs. 7500/- paid in my presence to Ghasita Singh

Sig.
Bhim Singh S. D. M.
20-X-1954

ਮੋਹਰ ਅਦਾਲਤ
ਸਾਹਿਬ ਮਜਸਟਰੇਟ

ਦਰਜਾ ਅਵਲ ਬਾਇਖਤਿਆਰ
ਦਫਾ ੩੦ ਜਿਲਾ ਹਿਸਾਰ

ਅਲਾਬਦ ਗਵਾਹ ਸ਼ੁਦ
ਘਸੀਟਾ ਸਿੰਘ ਮਜਕੂਰ ਹਰੀ ਸਿੰਘ ਵਲਦ ਚਤਰ ਸਿੰਘ
ਦਸਖਤ ਹਰੂਫ ਗੁਰਮੁਖੀ ਸ੍ਰਪੰਚ

ਗਵਾਹ ਸ਼ੁਦ ਸਰਦੂਲ ਸਿੰਘ ਵਲਦ ਗਿਆਨ ਸਿੰਘ ਜਟ ਸਿਖ ਪਿੰਡ ਜਗਮਲੇਰਾ ਤਹਸੀਲ ਸਰਸਾ, ਮੇਰੇ ਰੂਬਰੂ ੩੫੦੩ ਰੁਪੈ ਨਕਦ ਦੀਏ ਗਏ। ਦਸਖਤ ਸਰਦੂਲ ਸਿੰਘ ੨੦-੧੦-੫੪

ਜਮੀਨ ਦਾ ਤਬਾਦਲਾ ਕਰਨ ਦੇ ਅਧਿਕਾਰ ਸ੍ਰਕਾਰ ਵਲੋਂ ਅਜੇ ਅਲਾਟੀਆਂ ਨੂੰ ਨਹੀਂ ਸਨ ਮਿਲੇ। ਹੋਰ ਕੁਛ ਹੋ ਨਹੀਂ ਸੀ ਸਕਦਾ ਤਾਂ ਤੇ ਬਿਆਨ ਹਲਫੀ ਦੇ ਕੇ ਦੋਹਾਂ ਅਲਾਟੀਆਂ ਵਲੋਂ ਜਮੀਨ ਦਾ ਬਾਹਮੀ ਤਬਾਦਲਾ ਲਿਖਕੇ ਚੌ: ਭੀਮ ਸਿੰਘ ਐਸ. ਡੀ. ਐਮ. ਤੋਂ ਤਸਦੀਕ ਕਰਾਯਾ ਗਿਆ। ਇਸ ਘਸੀਟਾ ਸਿੰਘ ਦਾ ਵਕੀਲ ਜੋਧ ਸਿੰਘ ਸੀ, ਜੋ ਦਿਲੋਂ ਨਾਮਧਾਰੀਆਂ ਦਾ ਵਿਰੋਧੀ ਸੀ। ਓਸਨੇ ਇਸ ਨੂੰ ਸਲਾਹ ਦਿਤੀ ਕਿ ਭਾਵੇਂ ਤਬਾਦਲਾ ਕਰ ਲਿਆ ਹੈ ਪਰ ਤੂੰ ਆਪਣੀ ਜਮੀਨ ਲੈ ਸਕਦਾ ਹੈ। ਏਹ ਤਬਾਦਲਾ ਹੁੰਦੇ ਹੀ ਕਬਜਾ ਲੈਕੇ ਦੋਹਾਂ ਧਿਰਾਂ ਨੇ ਤਬਾਦਲੇ ਅਨੁਸਾਰ ਕਾਸ਼ਤ ਸ਼ੁਰੂ ਕਰ ਦਿਤੀ ਸੀ ਅਤੇ ਗਿਰਦਾਵਰੀਆਂ ਹੋ ਗਈਆਂ ਸਨ। ਘਸੀਟਾ ਸਿੰਘ ਨੇ ਜੋਧ ਸਿੰਘ ਦੇ ਆਖੇ ਲਗਕੇ ਫੇਰ ਆਪਣੀ ਓਸੇ ਜਮੀਨ ਦਾ ਕਬਜਾ ਲੈਣ ਦੀ ਦਰਖਾ-ਸਤ ਦੇ ਦਿਤੀ। ਜਦੋਂ ਪਹਿਲਾਂ ਜਮੀਨਾਂ ਅਲਾਟ ਹੋਈਆਂ ਸਨ, ਓਦੋਂ ਕਬਜੇ ਲੈਣ ਦੇ ਇੰਦਰਾਜ ਸਭ ਅਲਾਟੀਆਂ ਦੇ ਪਟਵਾਰੀ ਦੇ ਕਾਗਜਾਂ ਵਿਚ ਹੋ ਚੁਕੇ ਸਨ। ਇਸ ਦਰਖਾਸਤ ਦੇ ਜਵਾਬ ਵਿਚ ਸਰਸੇ ਦੇ ਅਫ-ਸਰਾਂ ਨੂੰ ਓਸਦੇ ਕਬਜਾ ਲੈਣ ਦਾ ਇੰਦਰਾਜ ਅਤੇ ਬਾਦ ਵਿਚ ਭਗਤ ਹਜਾਰਾ ਸਿੰਘ ਅਤੇ ਸੰਤੋਖ ਸਿੰਘ ਨਾਲ ਤਬਾਦਲਾ ਕਰ ਲੈਣ ਵਾਲਾ

ਬਿਆਨ ਹਲਫੀ ਦਿਖਾਇਆ ਗਿਆ। ਇਕ ਤਾਂ ਅਫਸਰਾਂ ਨੂੰ ਸ੍ਰਕਾਰ ਵਲੋਂ ਹਦਾਇਤ ਮਿਲ ਰਹੀ ਸੀ ਕਿ ਘਸੀਟਾ ਸਿੰਘ ਨੂੰ ਕਬਜਾ ਦਵਾ-ਇਆ ਜਾਵੇ। ਦੂਜਾ, ਤਬਾਦਲੇ ਦੇ ਅਧਿਕਾਰਾਂ ਦੇ ਨਾ ਮਿਲਣ ਕਰਕੇ ਓਹ ਕਾਨੂੰਨ ਦੀ ਸ਼ਹਿ ਭੀ ਲੈ ਰਿਹਾ ਸੀ। ਕੁਛ ਭੀ ਸੀ, ਜੋ ਇਕ ਵਾਰੀ ਕਬਜਾ ਲੈ ਚੁਕਾ ਸੀ, ਦੋਬਾਰਾ ਕਬਜਾ ਲੈਣ ਦੀ ਦਰਖਾਸਤ ਓਸ ਦੀ ਜਾਇਜ ਨਹੀਂ ਸੀ ਬਣਦੀ।

ਐਸਾ ਵਕਤ ਆਇਆ ਕਿ ਤਿਨ ਦਰਖਾਸਤਾਂ ਇਕ ਘਸੀਟਾ ਸਿੰਘ ਵਲੋਂ, ਦੂਜੀ ਤੇਜਾ ਸਿੰਘ ਪੰਡੋਰੀ ਵਲੋਂ ਤੀਜੀ ਬੁਧ ਸਿੰਘ ਵਲੋਂ (ਇਸ ਬੁਧ ਸਿੰਘ ਨੇ ਰਜਾਮੰਦੀ ਨਾਲ ਗੁਰਬਚਨ ਸਿੰਘ ਪੁਤ੍ਰ ਲਛਮਣ ਸਿੰਘ ਫਿਲੋਕੇ ਵਾਲੇ ਨਾਮਧਾਰੀ ਨਾਲ ਜਮੀਨ ਦਾ ਤਬਾਦਲਾ ਕਰ ਲਿਆ ਸੀ ਅਤੇ ਏਹ ਕਰੀਵਾਲੇ ਚਲਾ ਗਿਆ ਸੀ ਅਤੇ ਇਹਨਾਂ ਤਬਾਦਲਿਆਂ ਦੀਆਂ ਗਰਦਾਵਰੀਆਂ ਦੀਆਂ ਕਬਜਾ ਲੈਣ ਦੇਣ ਦੇ ਇੰਦ-ਰਾਜ ਪਟਵਾਰੀਆਂ ਦੇ ਕਾਗਜਾਂ ਵਿਚ ਚੜ੍ਹ ਚੁਕੇ ਸਨ)

ਏਨਾਂ ਦਿਨਾਂ ਵਿਚ ਸਰਸੇ ਦਾ ਐਸ. ਡੀ. ਐਮ. ਚੌ: ਭੀਮ ਸਿੰਘ ਦੀ ਥਾਂ ਚੌ: ਹੋਸ਼ਯਾਰ ਸਿੰਘ ਲਗ ਚੁਕਾ ਸੀ। ਸਰਸੇ ਦੇ ਐਸ. ਡੀ. ਐਮ. ਨੂੰ ਦਿਤੀਆਂ ਗਈਆਂ ਦਰਖਾਸਤਾਂ ਕਿ ਸਾਡੀਆਂ ਜਮੀਨਾਂ ਦੇ ਕਬਜੇ ਸਾਨੂੰ ਦਵਾਏ ਜਾਣ। ਇਹ ਦਰਖਾਸਤਾਂ ਦਿਤੀਆਂ ਜਾਣ ਦਾ ਵਿਸ਼ੇਸ਼ ਕਾਰਨ ਏਹ ਸੀ ਕਿ ਸਰਸੇ ਦੇ ਐਸ. ਡੀ. ਐਮ. ਨੇ ਪਟਵਾਰੀਆਂ ਰਾਹੀਂ ਨਾਮਧਾਰੀ ਪਿੰਡਾਂ ਵਿਚ ਹੁਕਮ ਭੇਜਿਆ ਸੀ ਕਿ ਸਤਿਗੁਰੂ ਪ੍ਰਤਾਪ ਸਿੰਘ ਜੀ ਵਿਰੁਧ ਜਿਸ ਕਿਸੇ ਨੂੰ ਕੋਈ ਸ਼ਿਕਾਇਤ ਹੋਵੇ ਓਹ ਮੈਨੂੰ ਦਰਖਾਸਤ ਦੇਵੇ।

ਏਸ ਹੁਕਮ ਦੀ ਡੌਂਡੀ ਪਟਵਾਈ ਗਈ ਅਤੇ ਇਸੇਤਰ੍ਹਾਂ ਏਹ ਹੁਕਮ ਸ੍ਰੀ ਜੀਵਨ ਨਗਰ ਦੇ ਪਟਵਾਰੀ ਮਾਂਗਾਂ ਰਾਮਦੇ ਰੋਜਨਾਮਚੇ ਵਿਚ ਦਰਜ ਕੀਤਾ ਗਿਆ।

ਦਰਖਾਸਤਾਂ ਭਾਵੇਂ ਪਹਿਲਾਂ ਦੀਆਂ ਭੀ ਸਨ, ਪਰ ਉਪ੍ਰੋਕਤ ਤਿੰਨ ਦਰਖਾਸਤਾਂ ਐਸ. ਡੀ. ਐਮ. ਹੋਸ਼ਯਾਰ ਸਿੰਘ ਦੇ ਵਿਸ਼ੇਸ਼ ਹੁਕਮ ਦੇਣ ਤੇ ਦਿਤੀਆਂ ਗਈਆਂ ਸਨ। ਇਨਾਂ ਤਿੰਨਾਂ ਦਰਖਾਸਤਾਂ ਦੇਣ ਵਾਲਿਆਂ ਨੂੰ ਜਮੀਨਾਂ ਦੇ ਕਬਜੇ ਦੇਣ ਦੀ ਤਜਵੀਜ ਪਹਿਲਾਂ ਸ੍ਰਕਾਰੀ ਪਧਰ ਤੇ ਬਣ ਚੁਕੀ ਸੀ। ਦਰਖਾਸਤਾਂ ਦਿੰਦਿਆਂ ਹੀ ਕਬਜੇ ਦਿਤੇ ਜਾਣ ਦਾ ਹੁਕਮ ਦਿਤਾ ਗਿਆ ਕਿ ਪੋਲੀਸ ਜਾਕੇ ਕਬਜਾ ਦੁਆਵੇ।

ਏਧਰ ਜਿਨਾਂ ਨਾਲ ਤਬਾਦਲੇ ਹੋਏ ਸਨ ਓਨਾਂ ਨੂੰ ਭੀ ਪਤਾ ਲਗ ਗਿਆ ਕਿ ਏਹ ਹੁਕਮ ਹੋ ਚੁਕਾ ਹੈ। ਇਸ ਤੇ ਜਿਨਾਂ ਪਾਸੋਂ ਜਮੀਨਾਂ ਖੋਹਕੇ ਕਬਜੇ ਦਿਤੇ ਜਾਣੇ ਸਨ ਓਨਾਂ ਵਲੋਂ ਤੁਰੰਤ ਹਾਈਕੋਰਟ ਵਿਚ ਤਿੰਨ ਰਿਟਾਂ ਦਾਇਰ ਕੀਤੀਆਂ ਗਈਆਂ। ਹਾਈਕੋਰਟ ਵਲੋਂ ਪਹਿਲੇ ਦਿਨ ਹੀ ਸਟੇ ਆਰਡਰ(ਕਬਜਾ ਦੁਔਣ ਤੋਂ ਰੋਕਣ ਦਾ ਹੁਕਮ) ਮਿਲ ਗਿਆ ਪਰ ਏਹ ਸਿਰਫ ਤਿਨ ਦਿਨ ਵਾਸਤੇ ਸੀ। ਸ੍ਰਕਾਰ ਨੂੰ ਨੋਟਿਸ ਜਾਰੀ ਕੀਤਾ ਗਿਆ। ਹਾਈਕੋਰਟ ਦਾ ਦਸਤੀ ਹੁਕਮ ਮਿਲ ਗਿਆ। ਜੋ ਲਿਆਕੇ ਸਰਸੇ ਦੇ ਸਬੰਧਿਤ ਅਫਸਰਾਂ ਨੂੰ ਦਿਖਾਇਆ ਗਿਆ। ਇਸ ਤੇ ਓਹ ਇਕ ਵਾਰੀ ਰੁਕ ਗਏ, ਪਰ ਓਨਾਂ ਨੇ ਪੜ੍ਹ ਲਿਆ ਸੀ ਜਿਸ ਤਾਰੀਖ ਤਕ ਸਟੇ ਹੋਇਆ ਸੀ। ਓਨਾਂ ਅਗਲੀ ਤਾਰੀਖ ਪੋਲੀਸ ਰਾਹੀਂ ਕਬਜਾ ਦੁਔਣ ਦੀ ਫੇਰ ਨਿਸ਼ਚਿਤ ਕਰ ਦਿਤੀ। ਦੂਜੀ ਤਾਰੀਖ (੧੯ ਮਈ ਸੰਨ ੧੯੫੮) ਤੇ ਹਾਈਕੋਰਟ ਨੇ ੩-੪ ਦਿਨਾਂ ਦਾ ਸਟੇ ਦੇ ਦਿਤਾ ਪਰ ਓਥੋਂ ਦਸਤੀ ਹੁਕਮ ਨਾ ਲਿਆ ਗਿਆ।

ਸਰਸੇ ਦੇ ਅਫਸਰਾਂ ਵਿਚੋਂ ਚੌ: ਹੋਸ਼ਯਾਰ ਸਿੰਘ ਐਸ. ਡੀ. ਐਮ. ਨਾਮਧਾਰੀਆਂ ਦਾ ਵਿਰੋਧ ਕਰਨ ਵਿਚ ਸਭ ਤੋਂ ਵਧ ਸਰਗਰਮ ਸੀ ਏਹ ਜੇਠ ਦਾ ਮਹੀਨਾ(ਅੰਗਰੇਜੀ ਮਹੀਨਾ ਮਈ ਦਾ) ਸੀ ਗਰਮੀ ਖੂਬ ਜੋਰਾਂ ਤੇ ਸੀ। ਹਾਈਕੋਰਟ ਦੇ ਹੁਕਮ ਦਾ ਪਤਾ ਲਗ ਗਿਆ ਪਰ ਦਸਤੀ ਹੁਕਮ ਪਾਸ ਨਾ ਹੋਣ ਕਰਕੇ ਹੋਸ਼ਯਾਰ ਸਿੰਘ ਨੇ ਹੁਕਮ ਦਿਤਾ

ਕਿ ਅਜ ਹੀ ਜਾਕੇ ਕਬਜਾ ਦੁਆ ਦਿਉ ਅਤੇ ਰੋਜਨਾਮਚੇ ਵਿਚ ਦਰਜ ਕਰ ਦਿਓ ।

੨੦ ਮਈ ੧੯੫੮ ਨੂੰ ਮੈਂ ਅਤੇ ਅਵਤਾਰ ਸਿੰਘ ਝਬਰ ਸਰਸੇ ਦੇ ਸਬੰਧਿਤ ਅਫਸਰਾਂ ਨੂੰ ਆਖਣ ਗਏ ਕਿ ਹਾਈਕੋਰਟ ਵਲੋਂ ਸਟੇ ਹੋਰ ਵਧਾ ਦਿਤਾ ਗਿਆ ਹੈ। ਤੁਸੀਂ ਕਬਜੇ ਦੀ ਕਾਰਵਾਈ ਨਾ ਕਰੋ। ਏਹ ਕਬਜਾ ਕੋਈ ਜਰੂਰੀ ਕਾਰਵਾਈ ਨਹੀਂ ਸੀ, ਇਲੈਕਸ਼ਨ ਵਿਚ ਦੇਵੀ ਲਾਲ ਦੀ ਹਾਰ ਹੋ ਜਾਣ ਕਰਕੇ ਓਸ ਦਾ ਬਦਲਾ ਲੈਣ ਲਈ ਸਾਰੀ ਵਿਉਂਤ ਕੀਤੀ ਗਈ ਸੀ। ਅਸੀਂ ਅਫਸਰਾਂ ਨੂੰ ਜਾਕੇ ਆਖਿਆ ਪਰ ਓਥੇ ਸਰਕਾਰ ਦੀ ਨੀਤੀ ਬਣ ਚੁਕੀ ਸੀ ਕਿ ਨਾਮਧਾਰੀਆਂ ਦੀ ਬੇਇਜਤੀ ਕਰਨੀ ਹੈ। ਸਾਡੇ ਕਹਿਣ ਦਾ ਕੋਈ ਅਸਰ ਨਾ ਹੋਇਆ। ਸਰਸੇ ਰੇਲ ਦਾ ਫਾਟਕ ਬੰਦ ਸੀ ਅਸੀਂ ਓਥੇ ਖੜੋਤੇ ਸਾਂ। ਓਥੇ ਹੀ ਕੋਈ ਤਾਰੀਖ ਭੁਗਤਣ ਵਾਸਤੇ, ਹਿਸਾਰ ਦੇ ਪ੍ਰਸਿਧ ਦੀਵਾਨੀ ਦੇ ਵਕੀਲ ਬਾਬੂ ਮਹਾ-ਬੀਰ ਪ੍ਰਸਾਦ ਆ ਗਏ। ਓਨਾਂ ਨੂੰ ਅਗੇ ਏਨਾਂ ਮਾਮਲਿਆਂ ਦਾ ਪਤਾ ਸੀ। ਓਨਾਂ ਨਾਲ ਸਾਰੀ ਗਲ ਕੀਤੀ। ਓਨਾਂ ਆਖਿਆ ਜਮੀਨਾਂ ਵਾਲਿਆਂ ਵਲੋਂ ਤੁਰੰਤ ਬਿਆਨ ਹਲਫੀ ਦਵਾ ਦਿਓ ਕਿ ਹਾਈਕੋਰਟ ਨੇ ਇਸ ਤਾਰੀਖ ਤਕ ਕਬਜਾ ਲੈਣਾ ਰੋਕ ਦਿਤਾ ਹੈ, ਅਤੇ ਏਹ ਕਾਰ-ਵਾਈ ਨਾ ਕੀਤੀ ਜਾਵੇ। ਇਸ ਅਨੁਸਾਰ ਬਿਆਨ ਹਲਫੀ ਦਿਤੇ ਗਏ। ਪਰ ਏਨਾਂ ਬਿਆਨਾਂ ਦੀ ਕੋਈ ਪ੍ਰਵਾਹ ਨਾ ਕੀਤੀ ਗਈ। ਐਸ. ਡੀ. ਐਮ. ਹੋਸ਼ਯਾਰ ਸਿੰਘ ਨੇ ਨਾਇਬ ਤਸੀਲਦਾਰ ਹੋਸ਼ਯਾਰ ਸਿੰਘ ਨੂੰ ਪੋਲੀਸ ਨਾਲ ਲੈਕੇ ਕਬਜੇ ਦੀ ਕਾਰਵਾਈ ਪੂਰੀ ਕਰਨ ਦਾ ਆਦੇਸ਼ ਦੇਕੇ ਸੰਤ ਨਗਰ ਭੇਜ ਦਿਤਾ। ਨਾਇਬ ਤਸੀਲਦਾਰ ਹਾਈਕੋਰਟ ਦੇ ਹੁਕਮ ਤੋਂ ਡਰਦਾ ਸੀ। ਏਧਰ ਓਸਦਾ ਆਪਣਾ ਅਫਸਰ ਜੋ ਸਿਰ ਤੇ ਬੈਠਾ ਸੀ ਓਸਨੇ ਤਾੜਨਾ ਕੀਤੀ ਹੋਈ ਸੀ ਕਿ ਏਹ ਕਾਰਵਾਈ ਜਰੂਰ ਕਰਕੇ ਔਣਾ ਹੈ। ਕਬਜਾ ਲੈਣ ਵਾਲੇ ਘਸੀਟਾ ਸਿੰਘ ਦੇ ਰਿਸ਼ਤੇਦਾਰ ਅਤੇ ਸਾਥੀ ਬੰਦੂਕਾਂ ਰਾਈਫਲਾਂ ਲੈਕੇ ਨਾਲ ਪੋਲੀਸ ਲੈਕੇ ਗਏ ਤਾਂ ਤਖਾਦਲੇ

ਵਾਲੀ ਜਮੀਨ ਵਿਚ ਸੰਤ ਨਗਰ ਦੀ ਸਾਧ ਸੰਗਤ, ਸਿੰਘ ਅਤੇ ਮਾਈਆਂ ਹਥਾਂ ਵਿਚ ਮਾਲਾ ਲਈ ਖਲੋਤੇ ਸਨ ਅਤੇ ਕੋਈ ਜਮੀਨ ਵੇਲ੍ਹੀ ਨਹੀਂ ਸੀ। ਘਸੀਟਾ ਸਿੰਘ ਦੇ ਰਿਸ਼ਤੇਦਾਰਾਂ ਅਤੇ ਪੋਲੀਸ ਨੂੰ ਹੌਸਲਾ ਨਹੀਂ ਪਿਆ ਕਿ ਭਗਤ ਹਜਾਰਾ ਸਿੰਘ ਦੀ ਜਮੀਨ ਵਿਚ ਕੋਈ ਵੜ੍ਹ ਸਕੇ। ਤਸੀਲਦਾਰ ਨੇ ਪਟਵਾਰੀ ਨੂੰ ਆਖਕੇ ਉਂਵ ਹੀ ਰੋਜਨਾਮਚੇ ਵਿਚ ਕਬਜਾ ਦਿਤਾ ਜਾਣ ਦੀ ਕਾਰਵਾਈ ਦਰਜ ਕਰਵਾ ਦਿਤੀ। ਬੁਧ ਸਿੰਘ ਵਰਨਾਂ ਵਾਲੇ ਦੀ ਜਮੀਨ ਦਾ ਤਬਾਦਲਾ ਗੁਰਬਚਨ ਸਿੰਘ ਫਿਲੋਕੇ ਨਾਲ ਹੋਇਆ ਸੀ। ਗਰਬਚਨ ਸਿੰਘ ਆਪਣੀ ਜਮੀਨ ਵਿਚ ਡਟਕੇ ਖਲੋ ਗਿਆ। ਠਾਣੇਦਾਰ ਓਸਨੂੰ ਹਟਾਂਉਣ ਗਿਆ, ਓਸਨੇ ਚਪੇੜ ਮਾਰੀ ਠਾਣੇਦਾਰ ਦਾ ਕੁਲਾ ਅਤੇ ਪਗ ਲਹਿਕੇ ਜਾ ਪਏ। ਨਾਇਬ ਤਸੀਲ-ਦਾਰ ਹੋਸ਼ਯਾਰ ਸਿੰਘ ਦੀਆਂ ਅਖਾਂ ਵਿਚ ਪਾਣੀ ਆ ਗਿਆ ਰੋ ਕੇ ਆਖਣ ਲਗਾ ਕਿ ਕਿਸੇ ਜਮੀਨ ਦਾ ਕਬਜਾ ਸਾਨੂੰ ਮੌਕੇ ਤੇ ਕਰ ਲੈਣ ਦਿਓ ਆਪਣੇ ਅਫਸਰ ਨੂੰ ਕੁਛ ਦਸਣ ਜੋਗੇ ਹੋ ਜਾਈਏ। ਜਮੀਨਾਂ ਵਿਚ ਤਿਨਾਂ ਬਾਵਾਂ ਤੇ ਕੋਈ ਵੜ ਨਹੀਂ ਸਕਿਆ ਪਰ ਪਟਵਾਰੀ ਦੇ ਕਾਗਜਾਂ ਵਿਚ ਮੌਕੇ ਤੇ ਬੁਧ ਸਿੰਘ(ਪੁਤ੍ਰ ਸ਼ੇਰ ਸਿੰਘ) ਦੀ ਜਮੀਨ ਦਾ ਕਬਜਾ ਲਏ ਜਾਣਾ ਦਰਜ ਕਰਾ ਦਿਤਾ। ਏਧਰ ਕਬਜੇ ਲੈਣ ਅਫਸਰ ਅਤੇ ਪੋਲੀਸ ਓਨਾਂ ਚੰਦ ਆਦਮੀਆਂ ਨੂੰ ਜੋ ਆਪਣੀਆਂ ਲਿਖਤਾਂ ਤੋਂ ਮੁਨਕਰ ਹੋ ਚੁਕੇ ਹੋਏ ਸਨ, ਨਾਲ ਲੈਕੇ ਆਈ ਸੀ ਓਧਰੋਂ ਲਾਲ ਸੁਰਖ ਹਨੇਰੀ ਚੜੀ ਜਿਸ ਵਿਚ ਬਹੁਤ ਗਰਮ ਅਤੇ ਤੇਜ ਹਵਾ ਘਟਾ ਮਿਟੀ ਨਾਲ ਮਿਲੀ ਹੋਈ ਸੀ। ਏਹ ਇਕ ਭਯਾਨਕ ਦ੍ਰਿਸ਼ਜ ਐਸਾ ਬਣਿਆ ਸੀ ਜੋ ਜਿਨਾਂ ਨੇ ਵੇਖਿਆ ਹੈ ਓਨਾਂ ਨੂੰ ਭੁਲਦਾ ਨਹੀਂ। ਮੈਂ ਓਸ ਵੇਲੇ ਸਾਧ ਸੰਗਤ ਦੇ ਦਰਸ਼ਨ ਜਿਸਤਰਾਂ ਕੀਤੇ ਹਨ, ਅਤੇ ਓਧਰੋਂ ਘਸੀਟਾ ਸਿੰਘ ਦੇ ਰਿਸ਼ਤੇਦਾਰ ਹਥਾਂ ਵਿਚ ਬੰਦੂਕਾਂ ਰਾਈਫਲਾਂ ਅਤੇ ਪੋਲੀਸ ਨਾਲ ਟਰਕ ਵਿਚ ਬੈਠਕੇ ਆਏ ਸਨ, ਓਹ ਸਮਾਂ ਮੇਰੀਆਂ ਅਖਾਂ ਅਜੇ ਭੀ ਤਾਜਾ ਹੈ।

ਅਫਸਰ ਆਪਣੀ ਕਾਗਜ਼ੀ ਕਾਰਵਾਈ ਕਰਕੇ ਚਲੇ ਗਏ। ਸ੍ਰੀ ਸਤਿਗੁਰੂ ਸਚੇ ਪਾਤਸ਼ਾਹ ਜੀ ਸ੍ਰੀ ਜੀਵਨ ਨਗਰ ਸਨ, ਓਥੇ ਸਾਰੀ ਕਾਰਵਾਈ ਦਾ ਪਤਾ ਲਗਾ। ਸ੍ਰੀ ਸਤਿਗੁਰੂ ਜੀ ਨੇ ਆਕੇ ਸਾਧ ਸੰਗਤ ਨੂੰ ਦਰਸ਼ਨ ਦਿਤੇ ਅਤੇ ਓਨਾਂ ਦੇ ਸ਼ਾਂਤਮਈ ਰਹਿਣ ਦੀ ਓਨਾਂ ਨੂੰ ਸ਼ਾਬਾਸ਼ ਦਿਤੀ। ੩-੪ ਦਿਨਾਂ ਬਾਦ ਹਾਈਕੋਰਟ ਵਲੋਂ ਸਟੇ ਆਰਡਰ ਪਕਾ ਹੋ ਗਿਆ। ਏਧਰ ਤਬਾਦਲੇ ਵਾਲਿਆਂ ਨੇ ਕਬਜੇ ਲੈਣ ਦੀ ਕਾਰਵਾਈ ਦੀਆਂ ਨਕਲਾਂ ਲੈਕੇ ਹਾਈਕੋਰਟ ਦੇ ਹੁਕਮ ਵਿਰੁਧ ਐਸ. ਡੀ. ਐਮ. ਹੋਸ਼ਯਾਰ ਸਿੰਘ ਅਤੇ ਨਾਇਬ ਤਸੀਲਦਾਰ ਹੋਸ਼ਯਾਰ ਸਿੰਘ ਵਿਰੁਧ ਹਤਕ ਅਦਾਲਤ ਦੇ ਮੁਕਦਮੇ ਦਾਇਰ ਕਰ ਦਿਤੇ। ਓਸ ਰੋਜਨਾਮਚੇ ਦੀ ਨਕਲ ਲੈਕੇ ਭੀ ਹਾਈਕੋਰਟ ਵਿਚ ਪੇਸ਼ ਕੀਤੀ ਗਈ ਜਿਸ ਵਿਚ ਹੋਸ਼ਯਾਰ ਸਿੰਘ ਐਸ. ਡੀ. ਐਮ. ਨੇ ਪਟਵਾਰੀ ਨੂੰ ਪਿੰਡਾਂ ਵਿਚੋ ਡੌਂਡੀ ਪਿਟਾਉਣ ਵਾਸਤੇ ਹੁਕਮ ਲਿਖਵਾਇਆ ਸੀ ਕਿ ਸਤਿਗੁਰੂ ਪ੍ਰਤਾਪ ਸਿੰਘ ਜੀ ਵਿਰੁਧ ਜਿਸ ਕਿਸੇ ਨੂੰ ਕੋਈ ਸ਼ਿਕਾਇਤ ਹੈ ਉਹ ਮੇਰੇ ਪਾਸ ਆਕੇ ਦਰਖਾਸਤ ਦੇਵੇ। ਇਸ ਹੁਕਮ ਦੀ ਨਕਲ ਦੇਣ ਤੇ ਹੋਸ਼ਯਾਰ ਸਿੰਘ ਐਸ. ਡੀ. ਐਮ. ਨੇ ਪਟਵਾਰੀ ਮਾਂਗੇ ਰਾਮ ਨੂੰ ਸਦਕੇ ਬਹੁਤ ਤਾੜਿਆ ਅਤੇ ਆਪਣੀ ਹਥੀਂ ਕੁਟਿਆ। ਓਸਨੇ ਆਖਿਆ ਜਨਾਬ ਨਕਲ ਦੇਣ ਤੋਂ ਮੈਂ ਕਿਸਤਰ੍ਹਾਂ ਇਨਕਾਰ ਕਰ ਸਕਦਾ ਸਾਂ। ਜੇੜੇ ਹਾਈਕੋਰਟ ਵਿਚ ਗਏ ਹਨ, ਓਹ ਮੇਰੇ ਵਿਰੁਧ ਭੀ ਕਾਰਵਾਈ ਕਰ ਸਕਦੇ ਸਨ। ਦਰਖਾਸਤ ਦਾਇਰ ਕਰਦਿਆਂ ਹੀ ਦੋਹਾਂ ਹੋਸ਼ਯਾਰ ਸਿੰਘਾਂ ਨੂੰ ਤਲਬਿਆ ਗਿਆ। ਏਨਾਂ ਦੋਹਾਂ ਹਾਈਕੋਰਟ ਵਿਚ ਜਾਕੇ ਮਾਫੀ ਮੰਗੀ ਅਤੇ ਏਨਾਂ ਨੂੰ ਪੰਜਾਹ-ਪੰਜਾਹ ਰੁਪੈ ਹਰਜਾਨਾ ਦੇਣ ਦਾ ਡੰਨ ਲਗਾ। †ਜੋ ਕਬਜੇ ਰੋਕਣ ਵਾਸਤੇ ਤਿਨ ਰਿਟਾਂ ਦਾਇਰ ਕੀਤੀਆਂ

† ਏਹ ਫੈਸਲੇ ਮਿ: ਜਸਟਿਸ ਮਹਾਜਨ ਨੇ ੨੩ ਫਰਵਰੀ ੧੯੬੦ ਨੂੰ ਸੁਣਾਏ। ਸ੍ਰਕਾਰ ਨੂੰ ਹਰ ਰਿਟ ਦਾ ਪੰਝਤ੍ਰ ੨ ਰੁਪੈ ਹਰਜਾਨਾ ਪਾਕੇ ਰਿਟਾਂ ਮਨਜੂਰ ਕੀਤੀਆਂ ਸ੍ਰਕਾਰ ਵਲੋਂ ਦਵਾਏ ਕਬਜੇ ਗਲਤ ਕਰਾਰ ਦੇਕੇ ਰਿਟਾਂ ਕਰਨ ਵਾਲਿਆਂ ਨੂੰ ਕਬਜੇ ਵਾਪਸ ਦਿਤੇ ਜਾਣ ਦਾ ਆਦੇਸ਼ ਦਿਤਾ।

ਸਨ ਹਾਈਕੋਰਟ ਵਿਚ ਓਹ ਭੀ ਮਨਜੂਰ ਹੋ ਗਈਆਂਸਰਸੇ ਦੇ ਅਫਸਰਾਂ ਵਲੋਂ ਕੀਤੀ ਕਾਰਰਵਾਈ ਰੱਦ ਕੀਤੀ ਗਈ।

ਵੈਦ ਰਾਮ ਦਿਆਲ ਦੇ ਇਲੈਕਸ਼ਨ ਜਿਤਣ ਦੀ ਦੇਵੀ ਲਾਲ ਅਤੇ ਸ੍ਰ. ਪ੍ਰਤਾਪ ਸਿੰਘ ਨੇ ਅਪਣੀ ਬੜੀ ਭਾਰੀ ਬੇ-ਇਜਤੀ ਸਮਝੀ। ਇਲੈ-ਕਸ਼ਨ ਵਿਰੁਧ ਦਰਖਾਸਤ ਦੇ ਦਿਤੀ ਗਈ(ਇਲੈਕਸ਼ਨ ਪੈਟੀਸ਼ਨ ਕੀਤੀ ਗਈ) ਇਸ ਦੀ ਸੁਣਵਾਈ ਹਿਸਾਰ ਦੇ ਸੈਸ਼ਨ ਜਜ ਨੇ ਸ਼ੁਰੂ ਕੀਤੀ। ਸੁਣਵਾਈ ਸਰਸੇ ਹੀ ਹੁੰਦੀ ਸੀ। ਇਲੈਕਸ਼ਨ ਵਿਰੁਧ ਦਰਖਾਸਤ ਦੇਣ ਦਾ ਕਾਰਣ ਏਹ ਬਣਾਇਆ ਕਿ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਧਰਮ ਦਾ ਡਰ ਦੇਕੇ ਹੁਕਮ ਦਿਤਾ ਹੈ ਕਿ ਤੁਸੀਂ ਵੋਟਾਂ ਰਾਮ ਦਿਆਲ ਨੂੰ ਪਾਓ । ਏਹ ਕੇਸ ਕਈ ਮਹੀਨੇ ਚਲਿਆ ਅਤੇ ਸੈਸ਼ਨ ਜਜ ਨੇ ਆਪਣਾ ਫੈਸਲਾ ਦੇ ਦਿਤਾ ਅਤੇ ਇਲੈਕਸ਼ਨ ਰਦ ਕਰ ਦਿਤੀ। ਵੈਦ ਰਾਮ ਦਿਆਲ ਵਲੋਂ ਹਾਈਕੋਰਟ ਵਿਚ ਅਪੀਲ ਕੀਤੀ ਗਈ ਪਰ ਓਹ ਭੀ ਨਾ ਮਨਜੂਰ ਹੋਈ। ਏਸ ਕਾਰਵਾਈ ਹੁੰਦੀ ਹੁੰਦੀ ਨੂੰ ਕ੍ਰੀਬ ਇਕ ਸਾਲ ਤੋਂ ਵਧ ਸਮਾਂ ਗੁਜਰ ਗਿਆ। ਫੇਰ ਸਪ੍ਰੀਮ ਕੋਰਟ ਵਿਚ ਅਪੀਲ ਕੀਤੀ ਗਈ। ਓਹ ਭੀ ਨਾ ਮੰਨੀ ਗਈ। ਇਸ ਕੇਸ ਨੂੰ ਏਥੋਂ ਤਕ ਪਹੁੰਚਦਿਆਂ ਕ੍ਰੀਬ ਡੇਢ ਸਾਲ ਦਾ ਸਮਾ ਲਗ ਗਿਆ।

ਇਨਾਂ ਦਿਨਾ ਵਿਚ ਏਧਰ ਘਸੀਟਾ ਸਿੰਘ ਨੇ ਦਰਖਾਸਤਾਂ ਦਾ ਤਾਂਤਾ ਬੰਨ ਰਖਿਆ ਸੀ। ਅਤੇ ਖਾਸ ਕਰਕੇ ਓਸਨੇ ਕੰਧਾਰਾ ਸਿੰਘ ਵਰਨ ਅਤੇ ਓਸਦੇ ਪਰਿਵਾਰ ਨੂੰ ਨਿਸ਼ਾਨਾ ਬਣਾ ਰਖਿਆ ਸੀ। ਇਨਾਂ ਨੂੰ ਇਤਨੀ ਪ੍ਰੇਸ਼ਾਨੀ ਬਣਾ ਰਖੀ ਸੀ ਕਿ ਘਰ ਟਿਕਣਾ ਹੀ ਨਹੀਂ ਸੀ ਮਿਲਦਾ। ਕਦੀ ਸਰਸੇ ਕਦੀ ਰਾਣੀਏ ਠਾਣੇ। ਏਥੇ ਹੀ ਬਸ ਨਹੀਂ, ਏਹ ਦਰਖਾਸਤ ਭੀ ਦਿਤੀ ਕਿ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਮੈਨੂੰ ਕਤਲ ਕਰਵਾ ਦੇਣਾ ਹੈ, ਏਨਾਂ ਦੀ ਜਮਾਨਤ ਕੀਤੀ ਜਾਵੇ। ਜੈਸਾ ਕਿ ਪਹਿਲੇ ਦਸਿਆ ਜਾ ਚੁਕਾ ਹੈ, ਘਸੀਟਾ ਸਿੰਘ ਜਮੀਨ ਦਾ ਤਬਾਦਲਾ ਕਰਕੇ ਸੰਤ ਨਗਰ ਛਡਕੇ ਹਾਰਨੀ ਖੁਰਦ ਜਾ ਚੁਕਾ ਸੀ। ਜਮੀਨਾ ਦੇ

ਕਬਜਿਆ ਦਾ ਲੈਣ ਦੇਣ ਸਭ ਹੋ ਚੁਕਾ ਸੀ ਪਰ ਦੇਵੀ ਲਾਲ ਦੀ ਸ਼ਹਿ ਤੇ ਆਪਣੀ ਜਿਦ ਪੂਰੀ ਕਰਨ ਵਾਸਤੇ, ਕਾਨੂੰਨ ਦੀ ਆੜ ਲੈਕੇ ਛਡੀ ਹੋਈ ਜਮੀਨ ਦਾ ਕਬਜਾ ਲੈਣ ਵਾਸਤੇ ਦਰਖਾਸਤਾਂ ਦੇਈ ਜਾਂਦਾ ਸੀ। ਏਨਾਂ ਦਿਨਾਂ, ਵਿਚ ਐਮ. ਐਸ. ਰੰਧਾਵਾ ਪੰਜਾਬ ਦਾ ਡੀਵੈਲਪਮੈਂਟ ਕਮਿਸ਼ਨਰ ਨਿਯੁਕਤ ਹੋ ਗਿਆ। ਘਸੀਟਾ ਸਿੰਘ ਨੇ ਏਹ ਸੋਚਕੇ ਕਿ ਅਗੇ ਕਰੀਵਾਲੇ ਦੀ ਜਮੀਨ ਦੀ ਅਲਾਟਮੈਂਟ ਸ੍ਰੀ ਸਤਿਗੁਰੂ ਜੀ ਪਾਸੋਂ ਲੈਕੇ ਸ੍ਰਕਾਰ ਨੇ ਕੀਤੀ ਸੀ ਅਤੇ ਓਸਦਾ ਹੁਕਮ ਦੇਣ ਵਾਲਾ ਰੰਧਾਵਾ ਹੀ ਸੀ। ਫੇਰ ਰੰਧਾਵੇ ਨੂੰ ਜਾਕੇ ਦਰਖਾਖਤ ਦਿਤੀ ਕਿ ਮੇਰੀ ਜਮੀਨ ਦਾ ਕਬਜਾ ਮੈਨੂੰ ਨਹੀਂ ਮਿਲ ਰਿਹਾ ਓਸਨੇ ਡਿਪਟੀ ਕਮਿਸ਼ਨਰ ਵਲ ਹੁਕਮ ਲਿਖ ਭੇਜਿਆ ਓਸਨੇ ਤਸੀਲਦਾਰ ਵਲ ਕਿ ਕਬਜਾ ਦੁਆਇਆਜਾਵੇ। ਇਸ ਖਿਚਾ ਖਿਚੀ ਵਿਚਭੀ ੧-੨ ਮਹੀਨੇ ਦਾ ਵਕਤ ਲੰਘ ਗਿਆ। ਏਧਰੋਂ ਕਬਜਾ ਲੈ ਲਏ ਦੀ ਰਿਪੋਰਟ ਅਤੇ ਤਬਾਦਲੇ ਵਾਲੇ ਸਾਰੇ ਕਾਗਜ ਸ੍ਰੀ ਚਿਰੰਜੀ ਲਾਲ ਤਸੀਲਦਾਰ ਅਤੇ ਸ੍ਰੀ ਡੀ. ਡੀ. ਕਪਿਲਾ ਡਿ: ਕਮਿਸ਼ਨਰ ਹਿਸਾਰ ਨੂੰ ਦਿਖਾਏ ਗਏ। ਏਨਾਂ ਨੇ ਰੰਧਾਵੇ ਨੂੰ ਸਾਰੀ ਰਿਪੋਰਟ ਲਿਖ ਭੇਜੀ ਅਤੇ ਸਭ ਸਮਾਚਾਰ ਦਸੇ ਤਦ ਓਸਨੇ ਆਪਣਾ ਪਹਿਲਾ ਹੁਕਮ ਬਦਲਿਆ ਅਤੇ ਲਿਖਿਆ ਕਿ ਏਹ ਆਦਮੀ ਸ਼ਰਾਰਤੀ ਹੈ ਮੈਨੂੰ ਪਤਾ ਨਹੀਂ ਸੀ ਏਹ ਕਬਜਾ ਲੈ ਚੁਕਾ ਹੈ।


ਘਸੀਟਾ ਸਿੰਘ ਦੇ ਇਕ ਹੋਰ ਸਾਥੀ ਤੇਜਾ ਸਿੰਘ ਬੁੰਡਾਲਾ ਨੇ ਭੀ ਆਪਣੀ ਜਮੀਨ ਦਾ ਨਾਜਾਇਜ ਕਬਜਾ ਲੈਣ ਦਾ ਜਤਨ ਕੀਤਾ। ਇਸ ਤੇ ਲੜਾਈ ਹੋਈ। ਤੇਜਾ ਸਿੰਘ ਦੇ ਵਿਰੁਧ ਲੜਨ ਵਾਲੇ ਕੁਛ ਸਿੰਘ ਹਾਰਨੀ ਤੋਂ ਸਨ। ਮਹਿਮਦਵਾਲੀਏ ਅਮਰ ਸਿੰਘ ਗੁਰਦੀਪ ਸਿੰਘ ਆਦਿ ਅਤੇ ਗੁਰਬਖਸ਼ ਸਿੰਘ ਨੰਬਰਦਾਰ ਕਕੜਾਂ ਵਾਲੇ ਅਤੇ ਕੁਛ ਹੋਰ ਸਨ। ਤੇਜਾ ਸਿੰਘ ਦੀ ਬੇ-ਇਜਤੀ ਹੋਈ ਪਰ ਇਹ ਲੋਕ ਜੋ ਦਰਖਾਸਤ ਦੇ ਦੇਣ ਓਹ ਮੰਨੀ ਜਾਂਦੀ ਸੀ। ਤੇਜਾ ਸਿੰਘ ਨੇ ਧਾਰਾ ੩੦੭ ਦਾ ਮੁਕਦਮਾ ਦਰਜ ਕਰਵਾ ਦਿਤਾ। ਜਿਨਾਂ ਦੇ ਚਾਹੇ ਉਸਨੇ

ਨਾਮ ਲਿਖਾ ਦਿਤੇ। ਜੋ ਨਾਮ ਲਿਖਾਏ ਬਿਨਾਂ ਤਫਤੀਸ਼ ਓਨਾਂ ਤੇ ਮੁਕ-ਦਮਾ ਚਲ ਪਿਆ। ਗ੍ਰਿਫਤਾਰੀਆਂ ਹੋਈਆਂ ਕੁਛ ਦਿਨਾਂ ਬਾਦ ਜਮਾ-ਨਤਾਂ ਹੋ ਗਈਆਂ। ਇਸ ਮੁਕਦਮੇ ਦਾ ਫੈਸਲਾ ਸੈਸ਼ਨ ਜਜ ਹਿਸਾਰ ਨੇ ਕ੍ਰੀਬ ਜਨਵਰੀ ਫਰਵਰੀ ੧੯੫੯ ਵਿਚ ਕੀਤਾ ਅਤੇ ਜਿਨਾਂ ਨੂੰ ਪੋਲੀਸ ਨੇ ਦੋਸ਼ੀ ਬਣਾਇਆ ਸੀ, ਸਭ ਬਰੀ ਹੋਏ । ਇਸ ਤੋਂ ਫੇਰ ਦੇਵੀ ਲਾਲ ਅਤੇ ਸ੍ਰ. ਪ੍ਰਤਾਪ ਸਿੰਘ ਕੈਰੋਂ ਨੂੰ ਚਿੜ ਹੋਈ।

ਸ੍ਰੀ ਸਤਿਗੁਰੂ ਸਚੇ ਪਾਤਸ਼ਾਹ ਜੀ ਬਾਹਰ ਸਨ, ਇਕ ਦਿਨ ਸਵੇਰੇ ਵੇਲੇ ਮੈਨੂੰ ਦਰੋਗਾ ਦੁਮਣ ਸਿੰਘ ਨੇ ਦਸਿਆ ਕਿ ਰਾਤੀ ਅੱਧੀ ਰਾਤ ਘਸੀਟਾ ਸਿੰਘ ਕਤਲ ਹੋ ਗਿਆ ਹੈ। ਇਹ ਘਟਨਾ ੨ ਸਾਵਣ ੨੦੧੫(ਜੁਲਾਈ ੨੨, ੧੯੫੮) ਦੀ ਹੈ ਜਦੋਂ ਪਤਾ ਲਗਾ ਤਦ ਏਨੇ ਚਿਰ ਨੂੰ ਅਵਤਾਰ ਸਿੰਘ ਝਬਰ ਆ ਗਿਆ। ਅਵਤਾਰ ਸਿੰਘ ਆਖਣ ਲਗਾ ਕਿ ਤੁਹਾਡੇ ਤੇ ਘਸੀਟਾ ਸਿੰਘ ਦੀ ਦਰਖਾਸਤ ਹੈ ਕਿ ਮੈਨੂੰ ਕਤਲ ਕਰਵਾ ਦੇਣਗੇ। ਅਤੇ ਮੈਨੂੰ ਭੀ ਇਨਾਂ ਨੇ ਤੁਹਾਡੇ ਨਾਲ ਹੀ ਰਖਣਾ ਹੈ। ਆਪਾਂ ਆਪਣਾ ਜਤਨ ਕਰੀਏ, ਜਿਸ ਕਿਸੇ ਨੂੰ ਆਖਣਾ ਹੈ ਆਖਕੇ ਵੇਖ ਲਈਏ। ਇਹ ਸੋਚ ਵੀਚਾਰ ਕਰਕੇ ਅਸੀਂ ਜੀਪ ਲੈਕੇ ਸ੍ਰੀ ਜੀਵਨ ਨਗਰ ਤੋਂ ਤੁਰੇ। ਨਹਿਰ ਦੇ ਪੁਲ ਤੇ ਪਹੰਚੇ ਤਦ ਘਸੀਟਾ ਸਿੰਘ ਦਾ ਲੜਕਾ ਸਰਜੀਤ ਸਿੰਘ ਕੁਛ ਹੋਰ ਸਾਥੀਆਂ ਸਮੇਤ ਘੋੜੀਆਂ ਤੇ ਚੜੇ ਰਾਣੀਆਂ ਨੂੰ ਜਾ ਰਹੇ ਸਨ। ਓਨਾਂ ਮੈਨੂੰ ਵੇਖ ਲਿਆ।

ਸਟਸੇ ਦਾ ਜੋਧ ਸਿੰਘ ਵਕੀਲ ਨਾਮਧਾਰੀਆ ਦਾ ਕਟੜ ਵਿਰੋਧੀ ਸੀ। ਓਹ ਸਦਾ ਏਹ ਜਤਨ ਵਿਚ ਰਹਿੰਦਾ ਸੀ ਕਿ ਕੋਈ ਐਸਾ ਮੋਕਾ ਆਵੇ, ਕੋਈ ਐਸਾ ਕਾਰਣ ਬਣੇ ਜਿਸ ਤੋਂ ਨਾਮਧਾਰੀਆਂ ਦੀ ਬੇ-ਇਜਤੀ ਅਤੇ ਬਦਨਾਮੀ ਹੋਵੇ।

ਘਸੀਟਾ ਸਿੰਘ ਨੇ ਇਸ ਵਕੀਲ ਨਾਲ ਸੰਪਰਕ ਰਖਿਆ ਹੋਇਆ ਸੀ। ਉਸਦਾ ਲੜਕਾ ਸੁਰਜੀਤ ਸਿੰਘ ਭੀ ਇਸੇ ਦੇ ਪਾਸ ਗਿਆ ਏਹ ਸਲਾਹ ਲੈਣ ਵਾਸਤੇ ਕਿ ਪਰਚਾ ਕਿਸ-ਕਿਸ ਤੇ ਦਿਤਾ ਜਾਵੇ ਅਤੇ



ਸਰਸਾ ਸਬ-ਜੇਲ਼ ਤੋਂ ਕਚੈਹਰੀ ਨੂੰ ਜਾਂਹੇ ਹੋਏ ਪੁਲ਼ੀਸ ਹਥਕੜੀਆਂ ਨਾਲ ਅਗੇ: ਲੇਖਕ ਪਿਛੇ: ਅਮਰ ਸਿੰਘ ਮਹਿਮਦ ਵਾਲੀ ਅਤੇ ਕੰਧਾਰਾਸਿੰਘ ਵ੍ਰਨ ਉਮ ਤੋਂ ਪਿਛੇ: ਗੁਰਦੀਪ ਸਿੰਘ ਅਤੇ ਅਵਤਾਰ ਸਿੰਘ। (ਫੋਟੋ ਪ੍ਰਾਪਤੀ: ਸ੍ਰੀ ਬਾਵਾ ਸਿੰਘ ਜੀ ਮਾਨਪੁਰੀ, ਨਕੋੜਾ, ਧੰਨਵਾਦ ਸਹਿਤ)

ਕਤਲ ਦਾ ਵਕਤ ਕੇੜ੍ਹਾ ਲਿਖਾਇਆ ਜਾਵੇ। ਘਸੀਟਾ ਸਿੰਘ ਦੇ ਕਤਲ ਦਾ ਪਤਾ ਡਿ: ਕਮਿਸ਼ਨਰ ਹਿਸਾਰ ਨੂੰ ਭੀ ਫੌਰਨ ਟੈਲੀਫੋਨ ਤੇ ਦਿਤਾ ਗਿਆ। ਡਿ: ਕਮਿਸ਼ਨਰ ਪ੍ਰੇਮ ਕੁਮਾਰ ਗੋਇਲ ਭੀ ਐਸੇ ਮੌਕੇ ਦੀ ਉਡੀਕ ਵਿਚ ਸੀ। ਓਸਨੇ ਦੇਵੀ ਲਾਲ ਅਤੇ ਸ੍ਰ. ਪ੍ਰਤਾਪ ਸਿੰਘ ਕੈਰੋਂ ਦੀ ਸ਼ਾਬਾਸ਼ ਲੈਣ ਵਾਸਤੇ ਸਰਸੇ ਦੇ ਵਡੇ ਡਾਕਟਰ ਦੀ ਥਾਂ ਹਿਸਾਰ ਦੇ ਵਡੇ ਸਿਵਿਲ ਸਰਜਨ ਤੋਂ ਘਸੀਟਾ ਸਿੰਘ ਦੀ ਲਾਸ਼ ਦਾ ਪੋਸਟ ਮਾਰਟਮ ਕਰਾਇਆ। ਕਿਉਂਕਿ ਅਧੀ ਰਾਤ ਵੇਲੇ ਆਦਮੀ ਦੀ ਪਹਿਚਾਨ ਹੋਣੀ ਮੁਸਕਲ ਹੁੰਦੀ ਹੈ। ਇਸ ਕਟਕੇ ਕਤਲ ਦਾ ਵਕਤ ਦਿਨ ਚੜਨ ਵੇਲੇ ਦਾ ਲਿਖਾਇਆ ਗਿਆ। ਪੋਸਟ ਮਾਰਟਮ ਵੇਲੇ ਜੋ ਕੋਈ ਆਦਮੀ ਮੌਜੂਦ ਸਨ, ਓਨਾਂ ਏਹ ਭੀ ਦਸਿਆ ਕਿ ਖਾਣਾ ਅਜੇ ਅਧਾ ਕੁ ਹਜਮ ਹੋਇਆ ਸੀ। ਇਸ ਅਨੁਸਾਰ ਅਧੀ ਰਾਤ ਬਣਦੀ ਸੀ। ਪਰ ਸ੍ਰਕਾਰੀ ਪਖ ਦੀ ਨੀਯਤ ਇਸ ਕੇਸ ਨੂੰ ਪੂਰਾ ਸਫਲ ਬਣਾਉਣ ਦੀ ਸੀ। ਸੋ ਓਨਾਂ ਪੋਸਟ ਮਾਰਟਮ ਰੀਪੋਰਟ ਭੀ ਇਸੇ ਤਰਾਂ ਦੀ ਕਰਵਾਈ।

ਸੁਰਜੀਤ ਸਿੰਘ ਨੇ ਸਰਸੇ ਸਲਾਹ ਮਸ਼ਵਰਾ ਕਰਕੇ ਰਾਣੀਏ ਜਾਕੇ ਪਰਚਾ ਦਿਤਾ। ਪੰਜ ਆਦਮੀ ਇਸ ਪਰਚੇ ਵਿਚ ਰਖੇ ਗਏ। ਕੰਧਾਰਾ ਸਿੰਘ ਵਰਨ, ਉਸਦਾ ਲੜਕਾ ਅਵਤਾਰ ਸਿੰਘ, ਅਮਰ ਸਿੰਘ ਮਹਿਮਦਵਾਲੀ ਗੁਰਦੀਪ ਸਿੰਘ ਮਹਿਮਦਵਾਲੀ(ਇਹ ਦੋਵੇਂ ਸਕੇਭਰਾ ਹਾਰਨੀ ਰਹਿੰਦੇ ਸਨ) ਅਤੇ ਲੇਖਕ।

ਇਸ ਦਾ ਅਸਲ ਕਾਤਲ ਕੇਵਲ ਕੰਧਾਰਾ ਸਿੰਘ ਸੀ। ਕਤਲ ਕਰਕੇ ਓਸਨੇ ਪਿੰਡੋਂ ਬਾਹਰ ਬਗਾਨ ਵਿਚ ਜਾਕੇ ਡੇਰਾ ਲਾ ਲਿਆ। ਕਤਲ ਕਰਨ ਵੇਲੇ ਓਸਦੀ ਜੁਤੀ ਓਥੇ ਰਹਿ ਗਈ ਸੀ।

ਜਿਨਾਂ ਤੇ ਪਰਚਾ ਹੋਇਆ ਸੀ ਓਨਾਂ ਨੂੰ ਪੋਲਿਸ ਨੇ ਗ੍ਰਿਫਤਾਰ ਕਰਨ ਲਈ ਮੁਹਿੰਮ ਚਲਾਈ। ਮੁਹਿੰਮ ਸਾਰੇ ਪਿੰਡਾਂ ਵਿਚ ਦਹਸ਼ਤ ਫੈਲਾਉਣ ਵਾਸਤੇ ਭੀ ਚਲਾਈ। ਨਾਮਧਾਰੀ ਸਾਧ ਸੰਗਤ ਵਾਸਤੇ ਇਕ

ਤਾਂ ਏਹ ਦੁਖ ਕਿ ਦੋ ਨਾਮਧਾਰੀਆਂ ਨੂੰ ਲੜਾਕੇ ਇਕ ਨੂੰ ਮਰਵਾ ਦਿਤਾ ਹੈ। ਦੂਜੇ ਮਾਰਨ ਵਾਲੇ ਨੂੰ ਪਤਾ ਨਹੀਂ ਕਿ ਕੀ ਕਸ਼ਟ ਦਿਤਾ ਜਾਇਗਾ, ਤੀਜੇ ਓਨਾਂ ਦੇ ਪਿੰਡਾਂ ਵਿਚ ਜੋ ਨਾਮਧਾਰੀ ਸਿਧਾਂਤ ਵਿਰੋਧੀ ਅਨਸਰ ਸੀ ਉਸਨੂੰ ਉਤਸ਼ਾਹ।

ਇਸ ਦੁਖਾਂਤ ਘਟਨਾਂ ਵੇਲੇ ਸ੍ਰੀ ਸਤਿਗੁਰੂ ਸੂਚੇ ਪਾਤਸ਼ਾਹ ਜੀ ਮੰਡੀ ਹਿਮਾਚਲ ਸਨ। ਏਹ ਘਟਨਾਂ ਹੁੰਦੇ ਹੀ ਇਸ ਦੀ ਚਰਚਾ ਦਿਲੀ ਤਕ ਪਹੁੰਚ ਗਈ। ਇਸਦੇ ਪਹੁੰਚਾਉਣ ਤੇ ਨਾਮਧਾਰੀ ਵਿਰੋਧੀ ਅਨਸਰ ਨੇ ਬਹੁਤ ਜਤਨ ਕੀਤਾ ਅਤੇ ਖੁਸ਼ੀ ਮਨਾਈ।

ਕੰਧਾਰਾ ਸਿੰਘ ਨੂੰ ਪਤਾ ਲਗ ਚੁਕਾ ਸੀ ਕਿ ਪਰਚਾ ਕਿਸ-ਕਿਸ ਤੇ ਹੋਇਆ ਹੈ। ਏਸ ਦੌਰਾਨ ਮਹਿਮਦਵਾਲੀ ਵਾਲੇ ਦੋਵੇਂ ਭਰਾ ਅਤੇ ਕੰਧਾਰਾ ਸਿੰਘ ਦਾ ਲੜਕਾ ਅਵਤਾਰ ਸਿੰਘ, ਜਿਨਾਂ ਦਾ ਇਸ ਕਤਲ ਵਿਚ ਅਸਲੋਂ ਹੀ ਦੋਸ਼ ਨਹੀਂ ਸੀ, ਗ੍ਰਿਫਤਾਰ ਕੀਤੇ ਗਏ। ਓਨਾਂ ਨੂੰ ਪਕੜਕੇ ਸਰਸਾ ਸ਼ਹਿਰ ਦੇ ਥਾਣੇ ਵਿਚ ਰਖਿਆ ਗਿਆ। ੩-੪ ਦਿਨ ਲੰਘ ਗਏ ਕੰਧਾਰਾ ਸਿੰਘ ਪੇਸ਼ ਨਹੀਂ ਸੀ ਹੋਇਆ। ਆਖਰ ਕੰਧਾਰਾ ਸਿੰਘ ਹਾਜਰ ਹੋਇਆ। ਓਸਦੇ ਹਾਜਰ ਹੋਣ ਤੇ ਠਾਣੇਦਾਰ ਨੇ ਉਸਦੀ ਜੁਤੀ ਉਸਦੇ ਅਗੇ ਰਖ ਦਿਤੀ ਕਿ ਏਹ ਤੇਰੀ ਹੈ। ਇਸਤੇ ਕੰਧਾਰਾ ਸਿੰਘ ਨੇ ਆਖਿਆ ਕਿ ਜਿਨਾਂ ਜਿਨਾਂ ਤੇ ਝੂਠਾ ਪਰਚਾ ਕੀਤਾ ਹੈ ਓਨਾਂ ਨੂੰ ਛਡਦੇ, ਮੈਂ ਜੁਤੀ ਪਾਕੇ ਪੇਸ਼ ਹੋਕੇ ਆਖ ਦਿੰਦਾ ਹਾਂ ਕਿ ਮੈਂ ਹੀ ਕਤਲ ਕੀਤਾ ਹੈ। ਏਹ ਮੰਨਣ ਤੋਂ ਠਾਣੇਦਾਰ ਭਜ ਗਿਆ।

ਇਸ ਕੇਸ ਵਿਚ ਸਾਰੀ ਸਚਾਈ ਉਪਰ ਤਕ ਦਸੀ ਗਈ। ਪਰ ਓਥੇ ਕਿਸੇ ਗਲ ਦਾ ਕੋਈ ਅਸਰ ਨਹੀਂ ਸੀ ਹੋ ਰਿਹਾ। ਵਰਤਮਾਨ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਮੇਰੇ ਅਤੇ ਦੂਜੇ ਬੇਦੋਸ਼ਿਆਂ ਵਾਸਤੇ ਸ੍ਰ. ਪ੍ਰਤਾਪ ਸਿੰਘ ਮੁਖ ਮੰਤ੍ਰੀ ਨੂੰ ਮਨਾਲੀ ਜਾਕੇ ਆਖਿਆ। ਓਥੇ ਓਹ ਮੰਨ ਭੀ ਗਿਆ ਪਰ ਵਾਪਸ ਔਂਦਿਆਂ ਹੀ ਸਾਹਿਬ ਰਾਮ ਅਤੇ ਦੇਵੀ ਲਾਲ ਨੇ ਉਸ ਮੰਨੇ ਹੋਏ ਨੂੰ ਮੁਕਰਾ ਦਿਤਾ। ਸਰਸੇ ਰੈਸਟ ਹਾਊਸ ਵਿਚ



ਸ੍ਰੀ ਸਤਿਗੁਰੂ ਜੀ ਦੀ ਘਰ ਪਾਲੀ ਹੋਈ ਸਾਹੀਵਾਲ ਨਸਲ ਦੀ ਗਊ ''ਮੀਨਾਂ'' ਜਿਸਦਾ ਦੁੱਧ ੧੨ ਹਜਾਰ ਪਾਊਂਡ ਤੋਂ ਉਪਰ ਸੀ ਅਤੇ ਬਹੁਤ ਥੋੜਾ ਚਿਰ ਦੁੱਧੋਂ ਸੁੱਕਦੀ ਸੀ । ਪੁਲੀਸ ਦੇ ਜਬਰ ਕਾਰਣ ਇਸਦੇ ਜੀਵਨ ਦਾ ਅੰਤ ਹੋ ਗਿਆ ।

ਠਹਿਰੇ ਹੋਏ ਮੁਖ ਮੰਤ੍ਰੀ ਨੂੰ ਰੋੜੀ ਇਲਾਕੇ ਦੀਆਂ ਕਿਤਨੀਆਂ ਹੀ ਪੰਚਾ-ਇਤਾਂ ਨੇ ਮੇਰੇ ਨਿਰਦੋਸ਼ ਹੋਣ ਵਾਸਤੇ ਆਖਿਆ ਪਰ ਓਸਨੇ ਕਿਸੇ ਦੀ ਗਲ ਨਹੀਂ ਸੁਣੀ।

ਮੇਰੇ ਪੇਸ਼ ਨਾ ਹੋਣ ਕਰਕੇ ਮੈਨੂੰ ਮਫਰੂਰ ਕਰਾਰ ਦਿਤਾ ਗਿਆ। ਏਹ ਚਰਚਾ ਅਖਬਾਰਾਂ ਵਿਚ ਭੀ ਪ੍ਰਕਾਸ਼ਤ ਕੀਤੀ ਗਈ।

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਗਊਆਂ ਦੀ ਸਾਹੀਵਾਲ, ਹਰਿਆਣਾ ਅਤੇ ਥਾਰਪਾਰਕਰ ਨਸਲਾਂ ਦੇ ਸੁਧਾਰ ਅਤੇ ਬਹੁਤਾ ਦੁਧ ਪ੍ਰਾਪਤ ਕਰਨ ਦਾ ਜੋ ਅਦੁਤੀ ਉਦਾਹਰਣ ਵਿਦਿਤ ਕਰ ਦਿਤਾ ਸੀ, ਏਸ ਦੀ ਪ੍ਰਸਿਧੀ ਸਾਰੇ ਭਾਰਤ ਵਿਚ ਹੋ ਚੁਕੀ ਸੀ।

ਓਸ ਵੇਲੇ ਮੇਰੇ ਨਾਮ ਸ੍ਰੀ ਜੀਵਨ ਨਗਰ ਦੀ ਕੋਈ ਚਲ ਅਚਲ ਸੰਪਤੀ ਹੈ ਨਹੀਂ ਸੀ। ਮੇਰੇ ਨਾਂ ਪੇਸ਼ ਹੋਣ ਦੀ ਆੜ ਵਿਚ ਪਰੇਸ਼ਾਨ ਕਰਨ ਵਾਸਤੇ ਤਸੀਲਦਾਰ ਸਰਸਾ ਵਲੋਂ ਪ੍ਰਾਪਰਟੀ ਅਟੈਚਮੈਂਟ ਆਰ-ਡਰ (ਸੰਪਤੀ ਜਬਤ ਕਰਨ ਦਾ ਹੁਕਮ) ਲਿਖਵਾਕੇ ਸ੍ਰੀ ਸਤਿਗੁਰੂ ਜੀ ਦੀਆਂ ਗਊਆਂ ਪੋਲੀਸ ਨੇ ਤਬੇਲੇ ਵਿਚੋਂ ਖੋਲਕੇ ਨਹਿਰ ਦੀ ਪਟੜੀ ਦੇ ਰਸਤੇ ਅਗੇ ਲਾ ਲਈਆਂ। ਪਰ ਓਟੂ ਵਾਲੇ ਠਾਕਰਾਂ ਨੇ ਗਊਆਂ ਦੀ ਸਪੁਰਦਾਰੀ ਲੈਕੇ ਗਊਆਂ ਛਡਵਾ ਲਈਆਂ। ਇਹ ਹਰਕਤ ਦਹਿਸ਼ਤ ਫੈਲਾਉਣ ਵਾਸਤੇ ਕੀਤੀ ਗਈ। ਜੋਕਿ ਕਾਨੂੰਨ ਦੇ ਪਖ ਤੋਂ ਨਾਜਾਇਜ਼ ਸੀ। ਗਊਆਂ ਨੂੰ ਇਸ ਵਹਿਸ਼ੀਆਨਾ ਤੋਰਨ ਵਿਚ ਬਹੁਤ ਕਸ਼ਟ ਹੋਇਆ। ਇਸ ਕਸ਼ਟ ਨੂੰ ਨਾ ਸਹਾਰਦੀਆਂ ਹੋਈਆਂ ਦੋ ਚੋਟੀ ਦੀਆਂ ਗਊਆਂ ਸਾਹੀਵਾਲ ਨਸਲ ਵਿਚ ਜਿਨਾਂ ਦੀ ਸਾਨੀ ਦੁਧ ਦੇਣ ਵਿਚ ਭਾਰਤ ਭਰ ਵਿਚ ਕੋਈ ਨਹੀਂ ਸੀ, ਇਕ 'ਨੌ ਲਖੀ' ਅਤੇ ਦੂਜੀ 'ਮੀਨਾ' ਦੋਵੇਂ ਹੀ ਥੋੜੇ ਦਿਨਾਂ ਬਾਦ ਚੜ੍ਹਾਈ ਕਰ ਗਈਆਂ। ਸ੍ਰੀ ਸਤਿਗੁਰੂ ਜੀ ਅਤੇ ਇਲਾਕੇ ਦੀ ਸਾਧ ਸੰਗਤ ਨੇ ਇਸ ਹਰਕਤ ਨੂੰ ਬਹੁਤ ਬੁਰਾ ਮਹਸੂਸ ਕੀਤਾ।

ਗਊਆਂ ਖੋਲਣ ਵੇਲੇ ਅਫਸਰਾਂ ਨੂੰ ਆਖਿਆ ਹੀ ਨਹੀਂ ਦਰਖਾਸਤਾਂ ਭੀ ਦਿਤੀਆਂ ਕਿ ਇਸ (ਬੀਰ ਸਿੰਘ) ਦਾ ਇਨਾਂ ਗਊਆਂ ਨਾਲ ਕੋਈ ਸੰਬੰਧ ਨਹੀਂ, ਤਾਂ ਭੀ ਕੋਈ ਪ੍ਰਵਾਹ ਨਹੀਂ ਕੀਤੀ ਗਈ। ਓਸ ਵੇਲੇ ਦਿਤੀਆਂ ਦਰਖਾਸਤਾਂ ਦੀਆਂ ਨਕਲਾਂ ਪਾਠਕਾਂ ਦੀ ਜਾਣਕਾਰੀ ਲਈ ਏਥੇ ਦਿਤੀਆਂ ਜਾਂਦੀਆਂ ਹਨ:—

ਬਾਇਜਲਾਸ ਜਨਾਬ ਨੈਬ ਤਹਸੀਲਦਾਰ ਸਾਹਿਬ ਕੈਂਪ ਚੁਚਾਲ ਕੋਟਲੀ

ਸ੍ਰੀਮਾਨ ਜੀ!

ਨਹੈਤ ਅਦਬ ਸੇ ਗੁਜ਼ਾਰਸ਼ ਹੈ ਕਿ ਮਵੈਸ਼ੀ-ਮਾਲ, ਵਾ ਦੀਗਰ ਅਸ਼ੀਆ ਵਗੈਰਾ ਜੋ ਕੁਰਕ ਫਰਮਾਈ ਜਾ ਰਹੀ ਹੈ ਵੁਹ ਮਲਕੀਅਤ ਸਤਿਗੁਰੂ ਮਹਾਰਾਜ ਪ੍ਰਤਾਪ ਸਿੰਘ ਕੀ ਹੈ, ਹਰ-ਗਿਜ ਭੀ ਬਾਬਾ ਬੀਰ ਸਿੰਘ ਕੀ ਨਹੀਂ ਹੈ, ਕੁਰਕ ਨਾ ਫਰਮਾਈ ਜਾਵੇ।

ਅਗਰ ਕੁਰਕ ਫਰਮਾਈ ਗਈ ਤੋ ਮਹਾਰਾਜ ਜੀ ਕਾ ਬਹੁਤ ਨੁਕਸਾਨ ਹੋਗਾ, ਚੂੰਕਿ ਮਾਲ ਮਕਰੂਜ਼ਾ ਹਜ਼ਾਰੋਂ ਰੁਪਯਾ ਕੀ ਮਾਲੀਆਤ ਕਾ ਹੈ ਔਰ ਜੋ ਖੁਰਾਕ ਔਰ ਰਹੈਸ਼ ਕਾ ਇੰਤਜ਼ਾਮ ਯਹਾਂ ਹੈ ਔਰ ਕਿਸੀ ਜਗਾ ਪਰ ਨਹੀਂ ਹੋ ਸਕੇਗਾ। ਮਾਲ ਮਕਰੂਜ਼ਾ ਸਪੁਰਦਾਰੀ ਪਰ ਦੀਆ ਜਾਵੇ। ਚੋਧਰੀ ਸ਼ਿਓਕਰਨ ਸਿੰਘ ਹਲਫ ਚੌਧਰੀ ਬਲੂ ਰਾਮ ਸਪੁਰਦਾਰ ਆਫ ਚੋਟਾਲਾ ਮੌਜੂਦ ਹੈ, ਮਾਲ ਉਨਕੋ ਸਪੁਰਦਾਰੀ ਪਰ ਦੀਆ ਜਾਵੇ।

੩-੮-੫੮

ਅਵਤਾਰ ਸਿੰਘ ਵਲਦ ਜੈਮਲ ਸਿੰਘ ਮੁਖਤਿਆਰ

ਬਖਿਦਮਤ ਜਨਾਬ ਐਸ. ਐਚ: ਓ: ਸਾਹਿਬ
ਬਾਂਨਾ ਰਾਨੀਆਂ ਕੈਂਪ ਜੀਵਨ ਨਗਰ

ਸ੍ਰੀਮਾਨ ਜੀ !

ਨਵੇਦਨ ਹੈ ਕਿ ਮਾਲ ਮਵੈਸ਼ੀ ਵਗੈਰਾ ਜੋ ਤਹਸੀਲਦਾਰ ਸਾਹਿਬ ਵਾ ਗਰਦਾਵਰ ਹਲਕਾ ਨੇ ਕੁਰਕੀ ਕਰਕੇ ਆਪਕੇ ਸਪੁਰਦ ਕੀਆ ਹੈ ਇਨ ਤਮਾਮ ਮਵੈਸ਼ੀਆਂ ਯਾਨੀ ਘੋੜੇ, ਗਾਏਂ ਭੈਸੇਂ ਦੁਧ ਦੇਣੇ ਵਾਲੀ ਔਰ ਦੀਗਰ ਬਛੜਾ ਜਾਤ ਵਗੈਰਾ ਕਾ ਡਾਕਟਰੀ ਸਰਟੀਫੀਕਿਟ ਪੇਸ਼ ਕਰਤਾ ਹੂੰ ਚੂੰਕਿ ਯੇਹ ਬਹੁਤ ਕੀਮਤੀ ਮਵੈਸ਼ੀ ਹੈ ਔਰ ਗਵਰਨਮਿੰਟ ਰਜਿਸਟਰਡ ਹੈ ਜੋ ਕਿ ਮਲਕੀਅਤ ਸਤਿਗੁਰੂ ਜੀ ਮਹਾਰਾਜ ਪ੍ਰਤਾਪ ਸਿੰਘ ਕੀ ਹੈ ਅਗਰ ਕਿਸੀ ਭੀ ਜਾਨਵਰ ਕਾ ਕਿਸੀ ਕਿਸਮ ਕਾ ਨੁਕਸਾਨ ਹੂਆ ਤੋ ਉਸਕੇ ਜੁਮਾਵਾਰ ਹੋਂਗੇ, ਔਰ ਯਹਾਂ ਪਰ ਇਨ ਜਾਨਵਰੋਂ ਕਾ ਹਰ ਤਰਾਂ ਕਾ ਬੰਦੋਬਸਤ ਹੈ, ਕਿਸੀ ਦੂਸਰੀ ਜਗਾ ਹੋਣਾ ਨਾਮੁਮਕਿਨ ਹੈ, ਇਸ ਲੀਏ ਬਜਰੀਆ ਦਰਖਾਸਤ ਇਲਤਮਾਸ ਕਿ ਮਾਲ ਮਵੈਸ਼ੀ ਕੀ ਯਹਾਂ ਪਰ ਹੀ ਸਪੁਰਦਾਰੀ ਲੀ ਜਾਵੇ, ਮੇਹਰਬਾਨੀ ਹੋਗੀ। ੪-੮-੫੮

ਅਵਤਾਰ ਸਿੰਘ ਵਲਦ ਜੈਮਲ ਸਿੰਘ ਮੁਖਤਿਆਰੇਆਮ
ਸਤਿਗੁਰੂ ਜੀ ਮਹਾਰਾਜ ਪ੍ਰਤਾਪ ਸਿੰਘ

ਬਖਿਦਮਤ ਜਨਾਬ ਤਹਸੀਲਦਾਰ ਸਾਹਿਬ ਸਰਸਾ
ਕੈਂਪ ਜੀਵਨ ਨਗਰ

ਸ੍ਰੀਮਾਨ ਜੀ !

ਨਵੇਦਨ ਹੈ ਕਿ ਆਜ ਮੁਵਰਖਾ ੪-੮-੫੮ ਬਹੁਕਮ ਜਨਾਬ ਮਜਿਸਟਰੇਟ ਸਾਹਿਬ ਦਰਜਾ ਅਵਲਮੁਵੈਸ਼ੀਆਂ ਘੋੜੇ, ਗਾਏਂ ਭੈਂਸ ਬੈਲ ਵਗੈਰਾ ਔਰ ਦੀਗਰ ਅਸ਼ੀਆ ਵਗੈਰਾ ਜੋ ਕਿ ਕੁਰਕ

ਹੋ ਚੁਕਾ ਹੈ ਯੇ ਤਮਾਮ ਮਲਕੀਅਤ ਸਤਿਗੁਰੂ ਜੀ ਮਹਾਰਾਜ ਪ੍ਰਤਾਪ ਸਿੰਘ ਕੀ ਹੈ, ਇਸ ਮਾਲ ਵਾ ਦੀਗਰ ਅਸ਼ੀਆ ਪਰ ਬਾਬਾ ਬੀਰ ਸਿੰਘ ਜੀ ਕਾ ਕੋਈ ਹਕ ਨਹੀਂ ਹੈ, ਚੂੰਕਿ ਹੁਕਮ ਸਪੁਰਦਾਰੀ ਅਜ ਬਅਦਾਲਤ ਜਨਾਬ ਮਜਸਟਰੇਟ ਆਪਕੋ ਮਿਲ ਚੁਕਾ ਹੈ ਔਰ ਯੇ ਮਾਲ ਵਾ ਦੀਗਰ ਅਸ਼ੀਆ ਵਗ਼ੈਰਾ ਜੋ ਕੁਰਕ ਕੀਆ ਹੈ ਕਾਫੀ ਮਾਲੀਅਤ ਕਾ ਹੈ ਜਿਸਕਾ ਬੰਦੋਬਸਤ ਕਿਸੀ ਦੀਗਰ ਜਗਾ ਨਹੀਂ ਹੋ ਸਕਤਾ, ਜੈਸਾ ਕਿ ਯਹਾਂ ਪਰ ਹੈ ਇਸ ਲੀਏ ਬਜਰੀਆ ਦਰਖਾਸਤ ਇਲਤਮਾਸਾ ਹੈ ਕਿ ਹਮ ਅਸਖਾਸ਼ ਠਾਕਰ ਬਿਕਰਮ ਦੇਵ ਸਾਕਨ ਬਾਜੇਕਾ ਤਹਸੀਲ ਸਰਸਾ, ਠਾਕਰ ਸ੍ਰੀ ਰਾਜ ਸਿੰਘ ਸਾਕਨ ਬਾਜੇਕਾ ਤਹਸੀਲ ਸਰਸਾ, ਸੇਠ ਦੇਵਕੀ ਨੰਦਨ ਆੜ੍ਹਤੀ ਸਰਸਾ ਕੋ ਬਤੌਰ ਸਪਰ-ਦਾਰ ਪੇਸ਼ ਕਰਤੇ ਹੈਂ, ਬਰਾਏ ਮੇਹਰਬਾਨੀ ਸਪਰਦਾਰੀ ਲੇਕਰ ਮਾਲ ਮਵੈਸ਼ੀਆਂ ਵਾ ਦੀਗਰ ਅਸ਼ੀਆ ਜਿਨਕੋ ਮਕਰੂਕ ਕਰਾਰ ਦੀਆ ਗਿਆ ਹੈ, ਸਪੁਰਦਾਰੀ ਪਰ ਦੀਆ ਜਾਵੇ, ਐਨ ਨਿਵਾਜਸ਼ ਹੋਗੀ। ੪-੮-੫੮

ਸ੍ਰ. ਤੇਜਾ ਸਿੰਘ ਐਮ. ਐਲ. ਸੀ ਮੁਖਤਾਰੇਆਮ ਸਤਿਗੁਰੂ ਜੀ ਮਹਾਰਾਜ ਪ੍ਰਤਾਪ ਸਿੰਘ ਜੀ

ਇਹ ਭਜ ਦੌੜ ਕਰਦਿਆਂ ਕ਼ਰੀਬ ੨੦-੨੫ ਦਿਨ ਲਗ ਗਏ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਭੁਖ ਤ੍ਰੇਹ ਅਤੇ ਹੋਰ ਹਰ ਪ੍ਰਕਾਰ ਦੀ ਬੇ-ਆਰਾਮੀ ਸਹਿਨ ਕਰਕੇ ਇਸ ਕੇਸ ਦੀ ਸਚਾਈ ਦਸਕੇ ਸਭ ਮੰਤ੍ਰੀ ਅਤੇ ਹੋਰ ਮੁਖੀਆਂ ਨੂੰ ਬੇਸ਼ਕ ਸਪਸ਼ਟ ਕਰ ਦਿਤਾ ਕਿ ਇਸ ਵਿਚ ਕਾਤਲ ਇਕੋ ਹੈ ਬਾਕੀ ਬੇਦੋਸ਼ ਹਨ। ਪਰ ਸ੍ਰ. ਪ੍ਰਤਾਪ ਸਿੰਘ ਕੈਰੋਂ ਨੇ ਇਸ ਕੇਸ ਨੂੰ ਆਪਣੀ ਇਜ਼ਤ ਦਾ ਸਵਾਲ ਬਣਾ ਲਿਆ ਸੀ। ਕਿਤਨੇ ਹੋਰ ਮੰਨੇ ਪ੍ਰਮੰਨੇ ਲੋਕਾਂ ਨੇ ਭੀ ਸ੍ਰਦਾਰ ਨੂੰ ਆਖਿਆ ਕਿ ਇਤਨੀ ਵਧੀਕੀ ਨਾ ਕਰੋ। ਸ੍ਰ. ਪ੍ਰਤਾਪ ਸਿੰਘ ਦੇ ਇਕ ਮਿਤਰ ਅਤੇ ਪੰਜਾਬ



ਸ੍ਰੀ ਸਤਿਗੁਰੂ ਜੀ ਦੀ ਘਰ ਪਾਲੀ ਹੋਈ ਸਾਹੀਵਾਲ ਨਸਲ ਦੀ ਭਾਰਤ ਵਿਚ ਸਰਵੋਤਮ ਗਊ ''ਨੌ ਲਖੀ'' ਜਿਸ ਦਾ ੩੦੦ ਦਿਨਾਂ ਵਿਚ ਦੁੱਧ ੧੪੧੫੦ ਪਾਊਂਡ ਅਤੇ ਇਕ ਦਿਨ ਦਾ ੭੫ ਪਾਊਂਡ ਸੀ। ਪੁਲੀਸ ਦੇ ਵਹਿਸ਼ੀਆਨਾ ਵਰਤਾਓ ਕਾਰਣ ਚੜ੍ਹਾਈ ਕਰ ਗਈ।

ਕਾਂਗ੍ਰਸ ਦੇ ਪੁਰਾਣੇ ਵਰਕਰ ਅਤੇ ਦੇਸ਼ ਭਗਤ, ਖਾਨ ਅਬਦੁਲ ਗਫਾਰ, ਐਮ. ਐਲ. ਏ. ਅੰਬਾਲਾ ਨੇ ਸ੍ਰਦਾਰ ਨੂੰ ਬਹੁਤ ਸਮਝਾਇਆ। ਇਨਾਂ ਦੇ ਨਾਲ ਖਰੜ ਦੇ ਪਾਸ ਹੀ ਇਕ ਪਿੰਡ ਬਰਿਆਲੀ ਦੇ ਰਹਿਣ ਵਾਲੇ ਸ੍ਰ. ਨੰਦ ਸਿੰਘ ਜੀ ਸਨ, ਏਨਾਂ ਦਾ ਭੀ ਸ੍ਰਦਾਰ ਨਾਲ ਬਹੁਤ ਨੇੜ ਸੀ। ਏਨਾਂ ਨੇ ਭੀ ਬਹੁਤ ਕੁਛ ਆਖਿਆ ਪਰ ਓਹ ਇਸ ਕੇਸ ਵਿਚ ਦੇਵੀ ਲਾਲ ਦੇ ਦਾਇਰੇ ਵਿਚ ਐਸਾ ਬਝਾ ਹੋਇਆ ਸੀ ਕਿ ਕਿਸੇ ਦੀ ਆਖੀ ਨਾ ਮੰਨੀ।

ਬਹੁਤ ਸਾਰੇ ਮੁਖੀ ਨਾਮਧਾਰੀ ਅਤੇ ਦੂਜੇ ਹੋਰ ਸਹਿਯੋਗੀਆਂ ਨੇ ਮੈਨੂੰ ਇਸ ਕਰਕੇ ਪੇਸ਼ ਨਾ ਹੋਣ ਦਿਤਾ ਕਿਉਂਕਿ ਓਨਾਂ ਨੂੰ ਯਕੀਨ ਸੀ ਕਿ ਸ੍ਰ. ਪ੍ਰਤਾਪ ਸਿੰਘ ਨੂੰ ਮਨਾ ਲਵਾਂਗੇ। ਓਹ ਏਸ ਕੰਮ ਵਿਚ ਸਫਲ ਨਾ ਹੋ ਸਕੇ, ਛੇਕੜ ੧੧ ਅਗਸਤ ਸੰਨ'੧੯੫੮ ਨੂੰ ਮੈਂ ਸਰਸੇ ਮੇਜਿਸਟ੍ਰੇਟ ਦੇ ਪੇਸ਼ ਹੋਇਆ। ਏਥੇ ਹੀ ਮੈਨੂੰ ਗ੍ਰਿਫਤਾਰ ਕਰਕੇ ੪ ਦਿਨ ਦਾ ਰੀਮਾਂਡ ਲੈਕੇ ਰਾਣੀਏ ਲੈ ਜਾਇਆ ਗਿਆ। ਓਥੇ ਪੁਛ ਗਿਛ ਮਲਿਕ ਠਾਣੇਦਾਰ ਨੇ ਕੀਤੀ ਫੇਰ ਸ੍ਰ. ਊਧਮ ਸਿੰਘ ਇਨਸਪੈਕਟਰ ਜੋ ਸਾਡੀ ਤਫਤੀਸ਼ ਤੇ ਖਾਸ ਕਰਕੇ ਲਗਾਇਆ ਗਿਆ ਸੀ,ਉਸਨੇ ਭੀ ਪੁਛ ਗਿਛ ਕੀਤੀ। ਓਨਾਂ ਦੋਹਾਂ ਅਫਸਰਾਂ ਨੂੰ ਏਹ ਪਤਾ ਲਗ ਚੁਕਾ ਸੀ ਕਿ ਕਾਤਲ ਸਿਰਫ ਕੰਧਾਰਾ ਸਿੰਘ ਹੀ ਹੈ ਪਰ ਮੁਖ ਮੰਤ੍ਰੀ ਦੀ ਨੀਤੀ ਅਨੁਸਾਰ ਜੋ ਕੇਸ ਬਣਾਇਆ ਗਿਆ ਸੀ. ਉਹ ਇਸ ਵਿਚ ਕੁਛ ਕਰ ਨਹੀਂ ਸਨ ਸਕਦੇ।

ਚਾਰ ਦਿਨ ਬਾਦ ਮੇਜਿਸਟ੍ਰੇਟ ਦੇ ਪੇਸ਼ ਕਰਕੇ ਮੈਨੂੰ ਸਰਸਾ ਸਬ ਜੇਲ ਵਿਚ ਭੇਜ ਦਿਤਾ। ਮੇਰੀ ਪਹਿਲੀ ਅਤੇ ਦੂਜੀ ਪੇਸ਼ੀ ਸਮੇਂ ਮੇਰੇ ਵਲੋਂ ਸ੍ਰ. ਸੰਤ ਸਿੰਘ ਲਾਇਲਪੁਰ ਵਾਲੇ ਵਕੀਲ(ਜੋ ਕੁਝ ਚਿਰ ਇਥੋਪੀਆਂ ਵਿਚ ਭਾਰਤੀ ਰਾਜਦੂਤ ਭੀ ਰਹਿ ਚੁਕੇ ਸਨ) ਪੇਸ਼ ਹੁੰਦੇ ਰਹੇ। ਜਮਾਨਤ ਦੀ ਦਰਖਾਸਤ ਦਿਤੀ (ਪੋਲੀਸ ਪਾਸ ਕੋਈ ਉਤ੍ਰ ਹੀ ਨਹੀਂ ਸੀ) ਪਰ ਓਹ ਨਾ ਮਨਜੂਰ ਹੋ ਗਈ ਕਿਉਂਕਿ ਨੀਤੀ ਏਹ ਸੀ ਕਿ ਇਸਨੂੰ

ਛਡਣਾ ਨਹੀਂ। ਗਿਆਨੀ ਜੈਲ ਸਿੰਘ ਜੀ ਪੰਜਿਤ ਜਵਾਹਰ ਲਾਲ ਜੀ ਦੇ ਕਾਫੀ ਨੇੜੇ ਸਨ ਗਿਆਨੀ ਜੀ ਨੇ ਪੰਡਿਤ ਜੀ ਨੂੰ ਆਖਿਆ ਕਿ ਸ੍ਰ. ਪ੍ਰਤਾਪ ਸਿੰਘ ਕੈਰੋਂ ਨਾਮਧਾਰੀਆਂ ਨਾਲ ਨਾਜਾਇਜ ਵਧੀਕੀਆਂ ਕਰ ਰਿਹਾ ਹੈ। ਪੰਡਿਤ ਜੀ ਨੇ ਸੁਣ ਲਿਆ ਪਰ ਕਿਹਾ ਕੁਛ ਨਹੀਂ ਅਤੇ ਕੀਤਾ ਭੀ ਕੁਛ ਨਹੀਂ। ਕਰਨਾ ਤਾਂ ਓਨਾਂ ਹੈ ਹੀ ਨਹੀਂ ਸੀ ਕਿਉਂਕਿ ਇਸਤੋਂ ਪਹਿਲਾਂ ਸ੍ਰ. ਪ੍ਰਤਾਪ ਸਿੰਘ ਕੈਰੋ ਦੀਆਂ ਵਧੀਕੀਆਂ ਅਤੇ ਹੋਰ ਗਲਤੀਆਂ ਬਾਰੇ ਓਨਾਂ ਨੂੰ ਬਹੁਤ ਸਾਰੇ ਆਖ ਚੁਕੇ ਸਨ, ਓਨਾਂ ਕਿਸੇ ਦੀ ਨਹੀਂ ਸੀ ਮੰਨੀ।

ਸ੍ਰ. ਪ੍ਰਤਾਪ ਸਿੰਘ ਕੈਰੋਂ ਨੇ ਏਹ ਫੈਸਲਾ ਕਰ ਰਖਿਆ ਸੀ ਕਿ ਏਹ ਪੰਜੇ ਮੁਜਰਮ ਬਹੁਤ ਛੇਤੀ ਮੈਜਿਸਟ੍ਰੇਟ ਤੋਂ ਸੈਸ਼ਨ ਸਪੁਰਦ ਕਰਾਕੇ ਸਜਾ ਕਰਾ ਦਿਤੇ ਜਾਣ। ਓਨਾ ਦੀ ਇਸ ਨੀਤੀ ਦਾ ਪਤਾ ਲਗ ਚੁਕਾ ਸੀ। ਜਿਸ ਦਿਨ ਪਹਿਲੀ ਤਾਰੀਖ ਤੇ ਅਸੀਂ ਪੰਜੇ ਮੈਜਿਸਟ੍ਰੇਟ ਦੇ ਪੇਸ਼ ਹੋਏ ਇਸਤਗਾਸੇ ਵਲੋਂ ਪਹਿਲਾ ਗਵਾਹ ਪੇਸ਼ ਹੋਣ ਵਾਲਾ ਸੀ, ਕੰਧਾਰਾ ਸਿੰਘ ਨੇ ਤੁਰਤ ਇਤਰਾਜ ਕਰ ਦਿਤਾ ਕਿ ਦੇਵੀ ਲਾਲ ਨਾਮਧਾਰੀਆਂ ਨਾਲ ਵਿਰੋਧ ਰਖਦਾ ਹੈ। ਸਾਨੂੰ ਏਸ ਜਿਲੇ ਵਿਚ ਇਨਸਾਫ ਨਹੀਂ ਮਿਲੇਗਾ। ਅਸੀਂ ਹਾਈਕੋਰਟ ਵਿਚ ਦਰਖਾਸਤ ਦੇਣੀ ਹੈ। ਸਾਨੂੰ ਵਕਤ ਦਿਤਾ ਜਾਵੇ।

ਏਸ ਸਬੰਧ ਵਿਚ ਮੈਜਿਸਟ੍ਰੇਟ ਪਾਸ ਦਰਖਾਸਤ ਦਿਤੀ ਗਈ। ਮੁਕਦਮੇ ਦੀ ਸੁਣਵਾਈ ਓਥੇ ਹੀ ਰੁਕ ਗਈ। ਓਧਰ ਇਸੇ ਸਬੰਧ ਵਿਚ ਹਾਈਕੋਰਟ ਵਿਚ ਭੀ ਦਰਖਾਸਤ ਦਿਤੀ ਗਈ। ਕ੍ਰੀਬ ਦੋ ਮਹੀਨੇ ਲਗ ਗਏ। ਮੁਖ ਜਜ ਅੰਗਰੇਜ "ਫਾਲਸ਼ਾ" ਸੀ। ਉਸਨੇ ਦਰਖਾਸਤ ਮੰਨ ਲਈ ਅਤੇ ਦੇਵੀ ਲਾਲ ਦੇ ਦਖਲ ਵਾਲਾ ਇਤਰਾਜ ਮੰਨਕੇ ਫੈਸਲਾ ਦੇ ਦਿਤਾ ਕਿ ਮੁਕਦਮਾ ਫੀਰੋਜਪੁਰ ਸੁਣਿਆ ਜਾਵੇ।

*

ਹਾਈ ਕੋਰਟ ਦੇ ਫੈਸਲੇ ਦੇ ਸੰਬੰਧਿਤ ਸ਼ਬਦ ਏਹ ਹਨ:-

Briefly the reasons for which this transfer is sought are that thcse as well as other cases, in which tha petitioner has been involved, have been, brought against him at the instance of one Ch. DeviLal who is a very influential and politically powerful person in these regions and whose nominee as Congress candidate for the Sirsa Assembly seat at the last election in 1957 was defeated by a candidate supported by the petitioner and other members of his religious community, Namdhari Sikhs. It so happens that the election appeal of the succesful caudidate, who was unseated on the petition of the defeated Congress candidate, came before a Bench of which I was a member only !ast waek, and the main ground on which the succesful candidate was unseated was that Maharaj Partap Singh' the head the Namdhari community, had issued a farman ordering his followers to vote for the canpidate opposing the nominee of Ch. Dev! Lal.

In these circumtances, I think it would be better if the cases were transfered to some other district and ! accorcing!y accept the application and order that the cases be sent to the Districk Magisfrate, Ferozpur, to be dealt with by some compotent Magstratei in that district.

1st-December, 1958. Sd/-D.Falhaw,
Judge.

ਇਕ ਹੋਰ ਕਤਲ

੨੩

ਇਸ ਦੌਰਾਨ ਸਰਸੇ ਵਿਚ ਇਕ ਹੋਰ ਘਟਨਾ ਵਾਪਰੀ। ਪਛਮੀ ਪੰਜਾਬ ਤੋਂ ਆਏ ਹੋਏ ਰਲਾ ਸਿੰਘ ਮਜਬੀ ਨਾਮਧਾਰੀ ਦਾ ਪੁਤਰ ਬਲਕਾਰ ਸਿੰਘ, ਨਾਮਧਾਰੀ ਸਿੰਘਾਂ ਅਤੇ ਸ੍ਰੀ ਸਤਿਗੁਰੂ ਜੀ ਵਿਰੁਧ ਸ੍ਰ: ਪ੍ਰਤਾਪ ਸਿੰਘ ਨੂੰ ਜਾ ਜਾਕੇ ਚੁਗਲੀਆਂ ਕਰਦਾ ਰਹਿੰਦਾ ਸੀ। ਇਸ ਕਰਕੇ ਸ੍ਰਦਾਰ ਕੈਰੋਂ ਨੇ ਸਰਸੇ ਅਫਸਰਾਂ ਨੂੰ ਆਖ ਰਖਿਆ ਹੋਇਆ ਸੀ ਕਿ ਬਲਕਾਰ ਸਿੰਘ ਜੋ ਆਖੇ ਇਸ ਦੀ ਗਲ ਮੰਨ ਲਿਆ ਕਰੋ। ਇਸ ਬਲਕਾਰ ਸਿੰਘ ਨੇ ਰੋਭ ਦਾਬ ਜਮੌਣ ਵਾਸਤੇ, ਬੰਦਿਆਂ ਦੇ ਸਾਹਣੇ ਐਵੇਂ ਹੀ ਕਦੀ ਕਿਸੇ ਅਫਸਰ ਨੂੰ ਕਦੀ ਕਿਸੇ ਨੂੰ ਫੋਨ ਕਰਦੇ ਰਹਿਣਾ। ਇਸ ਬਲਕਾਰ ਸਿੰਘ ਦਾ ਇਕ ਸਾਥੀ ਗੁਰਦੀਪ ਸਿੰਘ ਮਜਬੀ ਹਰ ਵਕਤ ਇਸ ਦੇ ਨਾਲ ਰਹਿੰਦਾ ਸੀ ਅਤੇ ਬਰਛਾ ਜਾਂ ਕੋਈ ਹਥਯਾਰ ਭੀ ਹਥ ਵਿਦ ਰਖਦਾ ਸੀ। ਓਹ ਇਸ ਦਾ ਇਕ ਤਰਾਂ ਦਾ ਬਾਡੀ ਗਾਰਡ ਬਣਿਆ ਰਹਿੰਦਾ ਸੀ। ਇਸ ਗੁਰਦੀਪ ਸਿੰਘ ਨੇ ਬਲਕਾਰ ਸਿੰਘ ਦੇ ਘਰ ਵਾਲੀ ਨਾਲ ਆਪਣੇ ਨਾਜਾਇਜ ਸਬੰਧ ਬਣਾ ਲਏ ਸਨ, ਸਰਸੇ ਸ਼ਹਿਰ ਵਿਚ, ਰਾਣੀਆਂ ਬਾਜਾਰ ਵਿਚ ਇਕ ਚੌਬਾਰੇ ਵਿਚ ਏਨਾਂ ਰਿਹਾਇਸ਼ ਰਖੀ ਹੋਈ ਸੀ। ਸਰਸੇ ਅਤੇ ਸ੍ਰੀ ਜੀਵਨ ਨਗਰ ਇਲਾਕੇ ਵਿਚ ਬਲਕਾਰ ਸਿੰਘ ਦੇ ਏਸ ਕਰਤਬ ਦਾ ਪਤਾ ਸੀ ਕਿ ਏਹ ਨਾਮਧਾ-ਰੀਆਂ ਵਿਰੁਧ ਚੁਗਲੀਆਂ ਕਰ ਕਰਕੇ ਸ੍ਰਕਾਰ ਪਾਸੋਂ ਖੂਬ ਫਾਇਦਾ ਉਠਾ ਰਿਹਾ ਹੈ।

ਗੁਰਦੀਪ ਸਿੰਘ(ਉਪਨਾਮ ਗਰੀਬੂ) ਅਤੇ ਜੀਤੋ ਬਲਕਾਰ ਸਿੰਘ ਦੇ ਘਰਵਾਲੀ ਦੀ ਐਸੀ ਬਦਨੀਯਤ ਹੋ ਗਈ, ਓਨਾਂ ਇਹ ਠਾਣ ਲਈ ਕਿ ਬਲਕਾਰ ਸਿੰਘ ਨੂੰ ਮਾਰ ਦੇਈਏ, ਜੋ ਨਾਮਧਾਰੀ ਮੁਖਤਿਆਰ ਹਨ,

ਅਵਤਾਰ ਸਿੰਘ ਝਬਰ, ਗੁਰਬਖਸ਼ ਸਿੰਘ ਨੰਬਰਦਾਰ ਹਰੀ ਸਿੰਘ ਵਡਾਣੇ ਆਦਿ ਇਨਾਂ ਵਿਚੋਂ ਕਿਸੇ ਇਕ ਦੇ ਨਾਮ ਪਰਚਾ ਕਰਵਾ ਦਿਆਂਗੇ। ਬਲਕਾਰ ਸਿੰਘ ਦੇ ਨਾਮਧਾਰੀਆਂ ਨਾਲ ਵਿਰੋਧ ਦਾ ਐਥੇ ਸਭ ਨੂੰ ਪਤਾ ਹੀ ਹੈ। ਆਪਾਂ ਫਿਰ ਮੌਜ ਕਰਾਂਗੇ।

ਇਹ ਸੋਚਕੇ, ਜਿਸ ਚੌਬਾਰੇ ਵਿਚ ਬਲਕਾਰ ਸਿੰਘ ਦੀ ਸਿਰਸੇ ਰਹਾਇਸ਼ ਸੀ(ਰਾਣੀਆਂ ਬਾਜਾਰ ਵਿਚ) ਓਥੇ ਗੁਰਦੀਪ ਸਿੰਘ ਅਤੇ ਜੀਤੇ ਨੇ ਬਲਕਾਰ ਸਿੰਘ ਨੂੰ ਖਤਮ ਕਰ ਦੇਣ ਦੀ ਨੀਯਤ ਨਾਲ ਉਸਤੇ ਹਮਲਾ ਕਰ ਦਿਤਾ। ਕਿਸੇ ਤੇਜ ਧਾਰ ਹਥਯਾਰ ਦੇ ਇਕ ਦੋ ਵਾਰ ਐਸੇ ਕੀਤੇ ਜੋ ਬੜੇ ਗੰਭੀਰ ਸਨ। ਪਰ ਬਲਕਾਰ ਸਿੰਘ ਪੌੜੀਆਂ ਵਿਚੋਂ ਰਿੜ੍ਹਦਾ ਰਿੜ੍ਹਦਾ ਕਿਸੇ ਤਰਾਂ ਬਾਜਾਰ ਵਿਚ ਆ ਡਿਗਾ। ਏਥੇ ਇਸਨੂੰ ਡਿਗਾ ਹੋਇਆ ਖ਼ੂਨ ਨਾਲ ਲਥ ਪਥ ਵੇਖਕੇ ਜੋ ਕੋਈ ਓਥੇ ਸਨ, ਓਹ ਉਸਨੂੰ, ਝਟ ਸ੍ਰਕਾਰੀ ਹਸਪਤਾਲ ਲੈ ਗਏ। ਓਥੇ ਪਹੁੰਚਣ ਤਕ ਏਹ ਬੇਹੋਸ਼ ਹੋ ਗਿਆ। ਗੁਰਦੀਪ ਸਿੰਘ ਭੀ ਨਾਲ ਹੀ ਮਗਰੇ ਚਲਾ ਗਿਆ ਏਹ ਸੋਚਕੇ ਕਿ ਇਸਨੇ ਹੁਣ ਮਰ ਜਾਣਾ ਹੀ ਹੈ, ਪਰਚਾ ਨਾਮਧਾਰੀ ਮੁਖੀਆਂ ਤੇ ਦੇ ਦਿਆਂਗਾ।

ਹਸਪਤਾਲ ਲੋਕਾਂ ਦੀ ਭੀੜ ਇਕਠੀ ਹੋ ਗਈ। ਡਾਕਟਰ ਨੇ ਝਟ ਪੋਲੀਸ ਬੁਲਾ ਲਈ। ਪੋਲੀਸ ਦੇ ਔਂਦਿਆਂ ਹੀ ਡਾਕਟਰ ਨੇ ਇਕ ਟੀਕਾ ਬਲਕਾਰ ਸਿੰਘ ਨੂੰ ਲਾਇਆ ਉਸਨੇ ਥੋੜੀ ਹੋਸ਼ ਕੀਤੀ। ਡਾਕਟਰ ਨੇ ਪੁਛਿਆ ਤੈਨੂੰ ਮਾਰਿਆ ਕਿਸ ਨੇ ਹੈ ? ਉਸਨੇ ਝਟ ਆਖਿਆ "ਗ੍ਰੀਬੂ" ਨੇ। ਗਰੀਬੂ ਦੂਰ ਪਿਛਾਂਹ ਖਲੋਤਾ ਸੀ। ਉਸਨੇ ਨਹੀਂ ਸੁਣਿਆ ਕਿ ਬਲਕਾਰ ਸਿੰਘ ਨੇ ਮੇਰਾ ਨਾਮ ਲੈ ਦਿਤਾ ਹੈ। ਡਾਕਟਰ ਨੇ ਅਵਾਜ ਦਿਤੀ ਗਰੀਬੂ ਏਥੇ ਹੈ ? ਓਹ ਝਟ ਬੋਲ ਪਿਆ ਅਤੇ ਅਗਾਂਹ ਆਇਆ ਪੋਲੀਸ ਨੇ ਓਸਨੂੰ ਓਥੇ ਹੀ ਪਕੜ ਲਿਆ। ਬਲਕਾਰ ਸਿੰਘ ਫੇਰ ਬੋਲ ਨਹੀਂ ਸਕਿਆ। ਪਹਿਲਾਂ ਉਸ ਦੀ ਨੀਯਤ ਚਾਹੇ ਕਿਸੇ ਤਰ੍ਹਾਂ ਦੀ ਸੀ। ਸ੍ਰੀ ਸਤਿਗੁਰੂ ਜੀ ਨੇ ਐਸੀ ਕਿਰਪਾ ਕੀਤੀ ਕਿ ਜਾਂਦਾ ਜਾਂਦਾ ਸਚ ਬੋਲ

ਗਿਆ। ਅਤੇ ਚੜ੍ਹਾਈ ਕਰ ਗਿਆ। ਗੁਰਦੀਪ ਸਿੰਘ ਨੂੰ ਪੋਲੀਸ ਨੇ ਪੁਛ ਗਿਛ ਕੀਤੀ ਉਸ ਨੇ ਜੀਤੋ ਦਾ ਨਾਮ ਭੀ ਦਸ ਦਿਤਾ ਅਤੇ ਜੀਤੋ ਭੀ ਗ੍ਰਿਫਤਾਰ ਕੀਤੀ ਗਈ। ਏਨਾਂ ਦਿਨਾਂ ਵਿਚ ਅਸੀਂ ਅਜੇ ਸਰਸਾ ਸਬ ਜੇਲ ਵਿਚ ਹੀ ਸਾਂ(ਏਹ ਗੁਰਦੀਪ ਸਿੰਘ ਅਤੇ ਜੀਤੋ ਤੇ ਕਤਲ ਦੇ ਕੇਸ ਦਾ ਫੈਸਲਾ ਏਹ ਹੋਇਆ ਕਿ ਗੁਰਦੀਪ ਸਿੰਘ ਨੂੰ ਮ੍ਰਿਤਯੂ ਦੰਡ ਅਤੇ ਜੀਤੋ ਬਰੀ)

ਸਾਡੇ ਕੇਸ ਦੇ ਤਬਾਦਲੇ ਦਾ ਹੁਕਮ ਔਂਦਿਆਂ ਅਤੇ ਸਾਨੂੰ ਫੀਰੋਜਪੁਰ ਜੇਲ ਵਿਚ ਲੈਕੇ ਜਾਣ ਤਕ ਕ੍ਰੀਬ ਪੋਹ ਦਾ ਮਹੀਨਾ(ਅੰਗਰੇਜੀ ਮਹੀਨਾ ਦਸੰਬਰ) ਆ ਗਿਆ। ਸਾਨੂੰ ਪੰਜਾਂ ਨੂੰ ਫੀਰੋਜਪੁਰ ਜੇਲ ਲੈ ਜਾਇਆ ਗਿਆ।

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸਮੇਂ ਦੀ ਅੰਤਲੀ ਪਸ਼ੂ ਪ੍ਰਦਰਸ਼ਨੀ

੨੪

ਏਧਰ ਸ੍ਰੀ ਜੀਵਨ ਨਗਰ ਵਿਚ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਹਮੇਸ਼ਾਂ ਦੀ ਤਰਾਂ ਪਸ਼ੂ ਪ੍ਰਦਰਸ਼ਨੀ ਕਰਨੀ ਚਾਹੀ। ਪ੍ਰਦਰਸ਼ਨੀ ਦੇ ਪੁਰਸ-ਕਾਰ(ਇਨਾਮ) ਦੇਣ ਵਾਸਤੇ ਕੇਂਦਰ ਵਿਚੋਂ ਕਿਸੇ ਵਿਸ਼ੇਸ਼ ਮੰਤ੍ਰੀ ਨੂੰ ਲਿਔਣ ਦੀ ਤਜਵੀਜ ਕੀਤੀ ਗਈ। ਏਨਾਂ ਦਿਨਾਂ ਵਿਚ ਪੰਜਾਬ ਵਿਚ ਸ੍ਰ. ਪ੍ਰਤਾਪ ਸਿੰਘ ਕੈਰੋਂ, ਅਤੇ ਦਿਲੀ ਵਿਚ ਮਹਾਰਾਜ ਨਿਹਾਲ ਸਿੰਘ ਜੀ ਏਸ ਜਤਨ ਵਿਚ ਲਗੇ ਹੋਏ ਸਨ ਕਿ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਜੋ ਚਾਹੁਣ ਓਹ ਕੁਛ ਕਿਸੇ ਹਾਲਤ ਵਿਚ ਨਾ ਹੋਣ ਦਿਤਾ ਜਾਵੇ। ਕੇਂਦਰੀ ਮੰਤ੍ਰੀ ਮੰਡਲ ਵਿਚ ਕਈ ਵਿਸ਼ੇਸ਼ ਮੰਤ੍ਰੀ ਸਨ ਜੋ ਸ੍ਰੀ ਸਤਿਗੁਰੂ ਜੀ ਦਾ ਬਹੁਤ ਸਤਿਕਾਰ ਕਰਦੇ ਸਨ। ਸ੍ਰੀ ਸਤਿਗੁਰੂ ਜੀ ਵਲੋਂ ਏਹ ਜਤਨ ਕੀਤਾ ਗਿਆ ਕਿ ਕੋਈ ਵਿਸ਼ੇਸ਼ ਮੰਤ੍ਰੀ ਆਵੇ ਜੋ ਇਸ ਪ੍ਰਦਰਸ਼ਨੀ



(ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਵਲੋਂ ਦੀ ਅੰਤਿਮ ਪਸ਼ੂ ਪ੍ਰਦਰਸ਼ਨੀ।)

ਫੋਟੋ:- ਸ੍ਰੀ ਸਤਿਗੁਰੂ ਜੀ ਦੇ ਨਾਲ ਖੜੇ ਸ੍ਰੀ ਸਤਿਗੁਰੂ ਜੀ ਤੋਂ ਸਜੇ ਪਾਸੇ:- ਸ੍ਰ: ਹਰਬੰਸ ਸਿੰਘ ਜੀ, ਪਸ਼ੂ ਪਾਲਕ ਮਹਿਕਮਾ ਕੇਂਦ੍ਰ ਸਰਕਾਰ ਦੇ ਵਡੇ ਅਫਸਰ ਖਬੇ ਪਾਸੇ:- ਲਾਲਾ ਹਰਦੇਵ ਸਹਾਇ ਜੀ, ਚੌਧਰੀ ਰਾਮ ਨਾਰਾਇਣ ਜੀ।

ਦੇ ਜੇਤੂ ਪਸ਼ੂਆਂ ਦੇ ਮਾਲਕਾਂ ਨੂੰ ਇਨਾਮ ਦੇਵੇ। ਪਰ ਮਹਾਰਾਜ ਨਿਹਾਲ ਸਿੰਘ ਜੀ, ਜਿਨਾਂ ਨੂੰ ਸ੍ਰੀ ਸਤਿਗੁਰੂ ਸਚੇ ਪਾਤਸ਼ਾਹ ਜੀ ਦੇ ਕਹਿਣ ਤੇ ਰਾਜ ਸਭਾ ਦੀ ਮੈਂਬਰੀ ਮਿਲੀ ਹੋਈ ਸੀ, ਓਹ ਵਿਰੋਧ ਕਰਨ ਤੇ ਤੁਲੇ ਹੋਏ ਸਨ ਕਿ ਜਿਸ ਮੰਤ੍ਰੀ ਨੂੰ ਤਿਆਰ ਕੀਤਾ ਜਾਂਦਾ ਸੀ ਸ੍ਰੀ ਜੀਵਨ ਨਗਰ ਚਲਣ ਵਾਸਤੇ ਓਹ ਓਸੇ ਨੂੰ ਏਹ ਪ੍ਰਭਾਵ ਦੇਕੇ ਰੋਕ ਦਿੰਦੇ ਕਿ ਇਨਾਂ ਤੇ ਪ੍ਰਧਾਨ ਮੰਤ੍ਰੀ ਪੰ: ਜਵਾਹਰ ਲਾਲ ਖੁਸ਼ ਨਹੀਂ।

ਲੋਕ ਸਭਾ ਦੇ ਮੈਂਬਰ, ਚੌ: ਰਾਮ ਨਾਰਇਣ ਜੋ ਭਾਰਤ ਸੇਵਕ ਸਮਾਜ ਦੇ ਮੁਖੀ ਸਕਤ੍ਰ ਸਨ ਅਤੇ ਪੰ: ਜਵਾਹਰ ਲਾਲ ਦੇ ਭੀ ਬਹੁਤ ਨੇੜੇ ਸਨ, ਓਨਾਂ ਨਾਲ ਸ੍ਰੀ ਜੀਵਨ ਨਗਰ ਔਣ ਵਾਸਤੇ ਗਲਬਾਤ ਕੀਤੀ ਓਹ ਮੰਨ ਗਏ। ਮਹਾਰਾਜ ਨਿਹਾਲ ਸਿੰਘ ਜੀ ਨੇ ਜਤਨ ਤਾਂ ਕੀਤਾ ਪਰ ਓਨਾਂ ਤੇ ਮਹਾਰਾਜ ਜੀ ਦਾ ਪਾਣੀ ਨਹੀਂ ਚੜ ਸਕਿਆ।

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸਮੇਂ ਦੀ ਏਹ ਆਖਰੀ ਪਸ਼ੂ ਪ੍ਰਦਰਸ਼ਨੀ ਸ੍ਰੀ ਜੀਵਨ ਨਗਰ ਵਿਚ ਹੋਈ। ਇਸ ਵਿਚ ਗਊ ਰਖਯਾ ਆਂਦੋਲਨ ਦੇ ਮੁਖੀ ਲਾਲਾ ਹਰਦੇਵ ਸਹਾਇ ਜੀ ਅਤੇ ਕੇਂਦਰੀ ਪਸ਼ੂ ਪਾਲਨ ਮਹਿਕਮੇ ਦੇ ਉਚ ਕੋਟੀ ਦੇ ਅਫਸਰ ਸ੍ਰਦਾਰ ਹਰਬੰਸ ਸਿੰਘ ਅਤੇ ਹੋਰ ਕਈ ਵਿਸ਼ੇਸ਼ ਵਯਕਤੀ ਸ਼ਾਮਲ ਹੋਏ। ਪ੍ਰਦਰਸ਼ਨੀ ਬਹੁਤ ਸਫਲ ਹੋਈ। ਆਏ ਹੋਏ ਸਭਨਾਂ ਨੇ ਸ੍ਰੀ ਸਤਿਗੁਰੂ ਜੀ ਦੀਆ ਗਊਆਂ ਵੇਖਕੇ ਬਹੁਤ ਸਿਫਤ ਕੀਤੀ ਅਤੇ ਬਹੁਤ ਪ੍ਰਭਾਵਿਤ ਹੋਏ। ਏਹ ਪ੍ਰਦਰ-ਸ਼ਨੀ ਨਵੰਬਰ ੧੯੫੯ ਦੇ ਆਖਰੀ ਦਿਨਾਂ ਵਿਚ ਹੋਈ।

ਫੀਰੋਜਪੁਰ ਜੇਲ ਅਤੇ ਮੁਕਦਮੇ ਦੀ ਸੁਣਵਾਈ

੨੫

ਫੀਰੋਜਪੁਰ ਲੈ ਜਾਕੇ ਸਾਨੂੰ ਮੈਜਿਸਟ੍ਰੇਟ ਦੇ ਪੇਸ਼ ਕੀਤਾ ਗਿਆ। ਸਾਡੇ ਨਾਲ ਸ੍ਰ. ਨਰਿੰਦਰ ਸਿੰਘ ਚੀਮਾ ਸਰਸੇ ਦਾ ਵਕੀਲ ਪੇਸ਼ ਹੋਇਆ ਕਿਉਂਕਿ ਸਰਸੇ ਮੈਨੂੰ ਇਕ ਵਖਰੇ ਕਮਰੇ ਵਿਚ(ਬੀ-ਕਲਾਸ) ਰਖਿਆ

ਹੋਇਆ ਸੀ। ਚੀਮਾਂ ਵਕੀਲ ਨੇ ਮ੍ਰੈਜਿਸਟ੍ਰੇਟ ਪਾਸ ਮੇਰੇ ਬੀ ਕਲਾਸ ਵਿਚ ਰਖਣ ਵਾਸਤੇ ਦਰਖਾਸਤ ਦਿਤੀ। ਮੈਜਿਸਟ੍ਰੇਟ ਨੇ ਪਹਿਲਾਂ ਤਾਂ ਕੁਛ ਨਾਂਹ ਨੁਕਰ ਕੀਤੀ ਫੇਰ ਮੰਨ ਗਿਆ।

ਜੇਲ ਵਿਚ ਬੀ-ਕਲਾਸ ਦੇ ਵਾਰਡ ਵਿਚ ਇਕ ਬੈਰਕ ਸੀ ਅਤੇ ਪੰਜ ਛੋਟੇ ਕਮਰੇ(ਚਕੀਆਂ) ਸਨ। ਏਥੇ ਵੀਹ ਸਾਲ ਕੈਦ ਵਾਲੇ ਕਾਫੀ ਵਯਕਤੀ ਸਨ। ਕਮਰਿਆਂ ਵਿਚੋਂ ਇਕ ਵਿਚ ਇਕ ਸ੍ਰਦਾਰ ਅਮਰ ਸਿੰਘ ਰਹਿੰਦੇ ਸਨ(ਪਿਛੋਂ ਸਿਆਲਕੋਟ ਦੇ ਜਿਲੇ ਦੇ ਸਨ ਅਜਕਲ ਕੀੜੀ ਬਸੀ ਸਰਹਿੰਦ ਪਾਸ ਰਹਿੰਦੇ ਸਨ) ਪਿੰਡ ਵਿਚ ਇਕ ਲੜਾਈ ਹੋ ਜਾਣ ਕਰਕੇ ਇਨਾਂ ਨੂੰ ਢਾਈ ਸਾਲ ਕੈਦ ਹੋਈ ਸੀ। ਏਹ ਫੌਜੀ ਸਨ ਅਤੇ ਪੜੇ ਲਿਖੇ ਹੋਣ ਕਰਕੇ ਏਨਾਂ ਨੂੰ ਬੀ ਕਲਾਸ ਮਿਲੀ ਹੋਈ ਸੀ) ਏਨਾਂ ਨੂੰ ਮੇਰੀ ਸੁਚ ਸੋਧ ਦੀ ਮਰਿਯਾਦਾ ਦਾ ਪਤਾ ਸੀ। ਏਸ ਕਰਕੇ ਏਨਾਂ ਨੇ ਅਫਸਰਾਂ ਨੂੰ ਆਖਕੇ ਆਪਣੀ ਚਕੀ(ਬੀ ਕਲਾਸ ਦਾ ਛੋਟਾ ਕਮਰਾ) ਮੇਰੇ ਵਾਸਤੇ ਖਾਲੀ ਕਰ ਦਿਤੀ ਅਤੇ ਆਪਣਾ ਡੇਰਾ ਬੀਕਲਾਸ ਬੈਰਕ ਵਿਚ ਲਾ ਲਿਆ।

ਜੇਲ ਅੰਦਰ ਖੂਹ ਸੀ। ਮੇਰੇ ਨਾਲ ਦੇ ਮੁਜਰਮਾਂ ਵਿਚੋਂ ਅਮਰ ਸਿੰਘ ਮਹਿਮਦਵਾਲੀ, ਇਕ ਗਾਗਰ ਪਾਣੀ ਦੀ ਹਰ ਰੋਜ ਰਾਤ ਨੂੰ ਮੇਰੇ ਕਮਰੇ ਵਿਚ ਛਡ ਜਾਂਦਾ ਸੀ।

ਮੇਰੀ ਗ੍ਰਿਫਤਾਰੀ ਅਤੇ ਜੇਲ ਵਿਚ ਰਹਿਣ ਦੇ ਦੌਰਾਨ ਨਾਮਧਾਰੀ ਸਾਧ ਸੰਗਤ ਵਿਚ ਬਹੁਤ ਬੇਚੈਨੀ ਬਣੀ ਰਹੀ। ਮੇਰੀਆਂ ਊਣਤਾਈਆਂ ਨੂੰ ਨਾ ਵੇਖਦਿਆਂ ਹੋਇਆਂ ਸਾਧ ਸੰਗਤ ਨੇ ਮੇਰੀ ਬੰਦ ਖਲਾਸੀ ਵਾਸਤੇ ਜੋ ਭਜਨ ਬਾਣੀ ਅਤੇ ਅਰਦਾਸੇ ਕੀਤੇ ਓਨਾਂ ਦੀ ਗਿਣਤੀ ਨਹੀਂ ਕੀਤੀ ਜਾ ਸਕਦੀ। ਮੈਂ ਇਸਦਾ ਦੇਣਾ ਨਹੀਂ ਦੇ ਸਕਦਾ।

ਹਾਈ ਕੋਰਟ ਦਾ ਹੁਕਮ ਔਣ ਤੇ ਭੀ ਸਾਡੇ ਕੇਸ ਦੀ ਸੁਣਵਾਈ ਚਾਲੂ ਨਹੀਂ ਸੀ ਹੋ ਰਹੀ। ਇਸ ਕਰਕੇ ਮੇਰੀ ਜਮਾਨਤ ਦੀ ਦਰਖਾਸਤ ਦਿਤੀ। ਜੋ ਨਾਮਨਜ਼ੂਰ ਕੀਤੀ ਗਈ ਪਰ ਕੇਸ ਦੀ ਸੁਣਵਾਈ ਛੇਤੀ ਸ਼ੁਰੂ

ਹੋ ਗਈ। ਅਤੇ ਮੈਜਿਸਟ੍ਰੇਟ, ਸ੍ਰੀ ਰਿਪੁਜੀਤਸੇਨ ਨੇ ਪੰਜ ਫ਼ਰਵਰੀ ੧੯੫੯ ਨੂੰ ਸ਼ੈਸਨ ਜਜ ਦੀ ਸੁਣਵਾਈ ਵਾਸਤੇ ਕੇਸ ਭੇਜ ਦਿਤਾ।

ਪੰਜਾਬ ਸ੍ਰਕਾਰ ਦੇ ਕਈ ਮੰਤ੍ਰੀ ਸਾਡੇ ਨਾਲ ਹਮਦਰਦੀ ਰਖਦੇ ਸਨ ਪਰ ਕੁਛ ਕਰ ਸਕਣ ਦਾ ਹੌਸਲਾ ਓਨਾਂ ਵਿਚ ਨਹੀਂ ਸੀ। ਗਿਆਨੀ ਕਰਤਾਰ ਸਿੰਘ ਜੀ ਭੀ ਮੰਤ੍ਰੀ ਮੰਡਲ ਵਿਚ ਸਨ। ਗਿਆਨੀ ਜੀ ਨੇ ਮੰਤ੍ਰੀ ਹੁੰਦੇ ਹੋਏ ਆਕੇ ਜੇਲ ਵਿਚ ਮੇਰੀ ਮਲਾਕਾਤ ਕੀਤੀ ਓਹ ਕੈਰੋਂ ਤੋਂ ਨਹੀਂ ਡਰੇ।

ਬਣਾਏ ਹੋਏ ਦੋਸ਼ੀਆਂ ਵਲੋਂ ਤਿੰਨ ਵਕੀਲ ਸਨ, ਮਲਿਕ ਰਾਧਾ ਕਿਸ਼ਨ, ਅਤੇ ਸ੍ਰੀ ਬਤਰਾ (ਏਹ ਦੋਵੇਂ ਹਿਸਾਰ ਦੇ ਸਨ) ਤੀਜੇ ਸ੍ਰੀ ਮੈਣੀ ਜੋ ਫੀਰੋਜਪੁਰ ਵਿਚ ਫੌਜਦਾਰੀ ਦੇ ਵਿਸ਼ੇਸ਼ ਸਨ।

ਮੁਕਦਮੇ ਦੀ ਸੁਣਵਾਈ ਸ਼ੁਰੂ ਹੋਈ। ਸੈਸ਼ਨ ਜਜ ਵਲੋਂ ਪੁਛਿਆ ਗਿਆ ਕਿ ਇਸ ਕਤਲ ਦਾ ਮੂਲ ਮਨੋਰਥ ਕੀ ਸੀ? ਸ੍ਰਕਾਰੀ ਵਕੀਲ ਨੇ ਜਮੀਨ ਦਾ ਝਗੜਾ ਦਸਿਆ।

ਪਹਿਲੀਆਂ ਗਵਾਹੀਆਂ ਵਿਚ ਮੁਦਈਆਂ ਵਲੋਂ ਘਸੀਟਾ ਸਿੰਘ ਦੇ ਘਰ ਵਾਲੀ ਦੇ ਬਿਆਨ ਹੋ ਰਹੇ ਸਨ। ਘਟਨਾਂ ਅਧੀ ਰਾਤ ਦੀ ਸੀ ਪਰ ਓਸਨੂੰ ਦਿਨ ਚੜਨ ਦੇ ਵੇਲੇ ਦੀ ਬਣਾਕੇ ਪੇਸ਼ ਕੀਤਾ ਗਿਆ ਸੀ। ਮਾਈ ਬਿਆਨ ਦੇ ਰਹੀ ਸੀ ਤਾਂ ਜਜ ਨੇ ਆਖਿਆ ਜੇ ਤੂੰ ਏਥੇ ਹੀ ਝੂਠ ਬੋਲਦੀ ਹੈਂ ਤਾਂ ਤੇਰਾ ਬਾਕੀ ਦਾ ਬਿਆਨ ਕਿਵੇਂ ਸਚਾ ਮੰਨਿਆ ਜਾਇਗਾ? ਇਸਤਰਾਂ ਦੇ ਕਈ ਬਿਆਨ ਐਸੇ ਹੋਏ ਜਿਨਾਂ ਵਿਚੋਂ ਗਵਾਹਾਂ ਤੇ ਪੂਰਾ ਸ਼ਕ ਸੀ ਕਿ ਏਹ ਸਚ ਨਹੀਂ ਕਹਿ ਰਹੇ।

ਅਦਾਲਤ ਦਾ ਕਮਰਾ ਹਰ ਤਾਰੀਖ ਤੇ ਸਾਧ ਸੰਗਤ ਅਤੇ ਹੋਰ ਸ੍ਰੋਤਿਆਂ ਨਾਲ ਪੂਰਾ ਭਰਿਆ ਹੁੰਦਾ ਸੀ।

ਜਿਸ ਦਿਨ ਪੋਲੀਸ ਘਸੀਟਾ ਸਿੰਘ ਦੇ ਝਗੜੇ ਵਾਲੀ ਜਮੀਨ ਦਾ ਕਬਜਾ ਲੈਣ ਗਈ ਸੀ। ਜੋ ਠਾਣੇਦਾਰ ਓਥੇ ਸੀ ਓਹੋ ਹੀ ਇਸ ਕੇਸ

ਵਿਚ ਸ੍ਰਕਾਰ ਅਤੇ ਮੁਦਈਆਂ ਵਲੋਂ ਗਵਾਹ ਸੀ। ਜਿਰਹ ਵਿਚ ਜਦੋਂ ਉਸਨੂੰ ਪੁਛਿਆ ਗਿਆ ਕਿ ਜਦੋਂ ਕਬਜ਼ਾ ਲੈਣ ਗਏ ਸੀ, ਜੋੜੇ ਕਬਜ਼ਾ ਰੋਕਣ ਆਏ ਸੀ, ਓਨਾਂ ਦੇ ਹਥਾਂ ਵਿਚ ਕੀ ਹਥਿਆਰ ਫੜੇ ਹੋਏ ਸਨ? ਠਾਣੇਦਾਰ ਨੇ ਕਿਹਾ ਕਿ ਓਨਾਂ ਦੇ ਹਥਾਂ ਵਿਚ ਮਾਲਾ ਫੜੀਆਂ ਹੋਈਆਂ ਸਨ। ਭਾਵੇਂ ਏਹ ਸਚ ਹੀ ਸੀ ਪਰ ਮੁਦਈ ਅਤੇ ਖਾਸ ਕਰਕੇ ਸ੍ਰਕਾਰੀ ਅਫਸਰਾਂ ਨੇ ਇਸਤੋਂ ਬਹੁਤ ਚਿੜ ਮੰਨੀ।

ਕੇਸ ਦੀ ਬਹਿਸ ਹੋਈ। ਬਹਿਸ ਦੇ ਆਖਰੀ ਦਿਨ ਜਜ ਨੇ ਲੋਕਾਂ ਦੀ ਅੱਤ ਸਾਧ ਸੰਗਤ ਦੀ ਭੀੜ ਦੇਖਕੇ ਕਹਿ ਦਿਤਾ ਕਿ ਫੈਸਲਾ ਮਹਿਫੂਜ਼ ਹੈ (ਰੀਜ਼ਰਵ ਹੈ) ਯਾਨੀ ਫੈਸਲੇ ਦੀ ਕੋਈ ਤਾਰੀਖ ਨਹੀਂ ਦਿਤੀ।

ਫੈਸਲੇ ਵਾਲੇ ਦਿਨ ਸ੍ਰੀ ਸਤਿਗੁਰੂ ਜੀ ਨੇ ਫੀਰੋਜਪੁਰ ਦਰਸ਼ਨ ਦਿਤੇ

੨੬

੧੪ ਵੈਸਾਖ (੨੯ ਅਪ੍ਰੈਲ ੧੯੫੯) ੨੦੧੬ ਨੂੰ ਜੇਲ ਵਿਚ ਆਪਣੇ ਕਮਰਿਆਂ ਵਿਚ ਅਸੀਂ ਨਿਤਨੇਮ ਕਰ ਰਹੇ ਸਾਂ। ਥੋੜਾ ਨਿਤਨੇਮ ਰਹਿੰਦਾ ਸੀ। ਜੇਲ ਦੇ ਇਕ ਕਰਮਚਾਰੀ ਨੇ ਆਕੇ ਆਖਿਆ ਕਿ ਤੁਹਾਨੂੰ ਸਭ ਨੂੰ ਅਦਾਲਤ ਵਿਚ ਬੁਲਾਇਆ ਗਿਆ ਹੈ।

ਸੈਸ਼ਨ ਜਜ ਨੇ ਫੈਸਲਾ ਸੁਣਾਇਆ ਕਿ ਕੰਧਾਰਾ ਸਿੰਘ ਗੁਰਦੀਪ ਸਿੰਘ ਫਾਂਸੀ, ਅਮਰ ਸਿੰਘ ਅਵਤਾਰ ਸਿੰਘ ਉਮਰ ਕੈਦ ਅਤੇ ਸ਼ਕ ਦਾ ਫਾਇਦਾ ਦਸਕੇ ਮੈਨੂੰ ਬਰੀ ਕਰ ਦਿਤਾ।

ਏਸ ਤਾਰੀਖ ਦਾ ਕਿਸੇ ਨੂੰ ਪਤਾ ਨਹੀਂ ਸੀ ਲਗਣ ਦਿਤਾ। ਅਸ਼ਚਰਯ ਏਹ ਹੋਇਆ ਕਿ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਫੈਸਲਾ ਸੁਣੌਣ ਤੋਂ ਜਰਾ ਪਹਿਲਾਂ ਅਚਾਨਕ ਆ ਦਰਸ਼ਨ ਦਿਤੇ। ਸ੍ਰੀ ਸਤਿਗੁਰੂ ਜੀ ਓਸ ਘਰ ਵਿਰਾਜਮਾਨ ਸਨ ਜਿਥੋਂ ਸਾਡੇ ਦੋ ਜੋਧਿਆਂ (ਕੰਧਾਰਾ

ਸਿੰਘ ਅਤੇ ਮੇਰੇ) ਵਾਸਤੇ ਪ੍ਰਸਾਦੇ ਪਕਕੇ ਔਂਦੇ ਹੁੰਦੇ ਸਨ।

ਫੈਸਲਾ ਸੁਣਦਿਆਂ ਹੀ ਪੋਲੀਸਨੇਮੇਰੀਹਥਕੜੀ ਖੋਲ ਦਿਤੀ। ਬਿਖੜੇ ਦਾਉ ਲੰਘਾਵੈ ਮੇਰਾ ਸਤਿਗੁਰ ਸੁਖ ਸਹਜ ਸੇਤੀ ਘਰ ਜਾਤੇ। ਦੂਜਿਆਂ ਨੂੰ ਜੇਲ ਵਿਚ ਲੈ ਗਏ। ਕੰਧਾਰਾ ਸਿੰਘ ਨੇ ਘਸੀਟਾ ਸਿੰਘ ਨੂੰ ਮਾਰਿਆ ਸੀ ਤਾਂ ਏਹ ਕੇਸ ਚਲਿਆ ਸੀ। ਸ੍ਰੀ ਸਤਿਗੁਰੂ ਜੀ ਕੰਧਾਰਾ ਸਿੰਘ ਤੇ ਨਾਰਾਜ ਸਨ। ਅਤੇ ਜੇਲ ਵਿਚ ਜਦੋਂ ਦਰਸ਼ਨ ਦੇਣ ਔਂਦੇ ਤਾਂ ਪਹਿਲਾਂ ਖਬਰ ਆ ਜਾਂਦੀ ਕਿ ਕੰਧਾਰਾ ਸਿੰਘ ਸਾਡੇ ਮਥੇ ਨਾ ਲਗੇ। ਕੰਧਾਰਾ ਸਿੰਘ ਦੁਖੀ ਤਾਂ ਬੜਾ ਸੀ ਪਰ ਬਚਨ ਦੀ ਪਾਲਣਾ ਕਰਦਾ ਰਿਹਾ। ਜਦੋਂ ਏਹ ਫੈਸਲਾ ਸੁਣਾਇਆ ਗਿਆ ਮੈਂ ਸਿਧਾ ਸ੍ਰੀ ਸਤਿਗੁਰੂ ਜੀ ਪਾਸ ਪਹੁੰਚ ਗਿਆ ਜਾਕੇ ਮਥਾ ਟੇਕਿਆ ਅਤੇ ਭਰੀਆਂ ਅਖਾਂ ਨਾਲ ਬੇਨਤੀ ਕੀਤੀ ਕਿ ਦੂਜਿਆਂ ਤੇ ਭੀ ਕਿਰਪਾ ਕਰੋ। ਸਚੇ ਪਾਤਸ਼ਾਹ ਜੀ ਕੁਛ ਚਿਰ ਵਿਸਮਾਦ ਰਹੇ। ਫੇਰ ਜੇਲ ਵਿਚ ਓਨਾਂ ਦੀ, ਵਿਸ਼ੇਸ਼ ਕਰਕੇ ਕੰਧਾਰਾ ਸਿੰਘ ਜੀ ਮੁਲਾਕਾਤ ਕੀਤੀ। ਕੰਧਾਰਾ ਸਿੰਘ ਨੇ ਅਰਜ ਕੀਤੀ ਕਿ ਸਚੇ ਪਾਤਸ਼ਾਹ ਜੀ ਹੁਣ ਤਕ ਹਵਾਲਾਤੀ ਸਾਂ ਅਤੇ ਆਪ ਜੀ ਦੀ ਕਿਰਪਾ ਨਾਲ ਸੋਧ ਰਖੀ ਹੈ। ਹੁਣ ਏਨਾਂ ਨੇ ਦੋਸ਼ੀ ਕਰਾਰ ਦੇ ਦਿਤਾ ਹੈ ਅਤੇ ਫਾਂਸੀ ਵਾਲੀ ਕੋਠੜੀ ਵਿਚ ਰਹਿਣਾ ਪੈਣਾ ਹੈ। ਸੋਧ ਦਾ ਪ੍ਰਸਾਦਾ ਨਹੀਂ ਛਕਿਆ ਜਾਸਕਣਾ। ਸ੍ਰੀ ਸਤਿਗੁਰੂ ਜੀ ਨੇ ਆਗਿਆ ਦੇ ਦਿਤੀ ਕਿ ਐਸੀ ਮਜਬੂਰੀ ਵਿਚ ਤੈਨੂੰ ਖੁਲ੍ਹਾ ਪ੍ਰਸਾਦਾ ਛਕਣ ਦਾ ਕੋਈ ਹਰਜ ਨਹੀਂ।

ਇਸ ਕੇਸ ਦੇ ਫੈਸਲੇ ਦੀਆਂ ਖਬਰਾਂ ਬਿਜਲੀ ਦੀ ਕਰੰਟ ਤਰਾਂ ਸਾਰੇ ਪਹੁੰਚ ਗਈਆਂ। ਮੈਨੂੰ ਨਾਲ ਲੈਕੇ ਸ੍ਰੀ ਸਤਿਗੁਰੂ ਜੀ ਸ੍ਰੀ ਭੈਣੀ ਸਾਹਿਬ ਆਏ। ਪਹਿਲਾਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਵਾਲੇ ਮੰਦਰ ਵਿਚ ਫੇਰ ਗਦੀ ਸਾਹਿਬ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਵਾਲੇ ਚੌਬਾਰੇ ਅਤੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਹਸਤ ਕੰਵਲਾਂ ਨਾਲ ਲਾਈ ਹੋਈ ਲੋਹ ਨੂੰ ਮਥਾ ਟਿਕਵਾਇਆ। ਅਗਲੇ ਦਿਨ ਸਰਸੇ ਅਤੇ ਸ੍ਰੀਜੀਵਨ ਨਗਰ ਮੈਨੂੰ

ਨਾਲ ਲੈਕੇ ਦਰਸ਼ਨ ਦਿਤੇ। ਸਰਮੇ ਸ੍ਰੀ ਸਤਿਗੁਰੂ ਜੀ ਨੇ ਚੀਮਾ ਵਕੀਲ ਅਤੇ ਕਈਆਂ ਨੂੰ ਸੁਣਾਕੇ ਆਖਿਆ ਕਿ ਮੈਂ ਕੰਧਾਰਾ ਸਿੰਘ ਤੇ ਨਾਰਾਜ ਰਿਹਾ ਹਾਂ। ਪਰ ਗੁਰਦੀਪ ਸਿੰਘ ਆਦਿਕ ਬੇਦੋਸਿਆਂ ਨੂੰ ਸਜ਼ਾ ਸੁਣੌਣ ਕਰਕੇ ਹੁਣ ਨਾਰਾਜਗੀ ਛਡਕੇ ਉਸਨੂੰ ਮਿਲਕੇ ਆਇਆ ਹਾਂ।

ਫੈਸਲੇ ਦੀ ਨਕਲ ਮੁਜਰਮਾਂ ਵਲੋਂ ਲਈ ਗਈ ਅਤੇ ਸ੍ਰਕਾਰ ਦੀ ਕੂਟਲ ਨੀਤੀ ਜਿਸਦੀ ਪੂਰਤੀ ਅਜੇ ਨਹੀਂ ਸੀ ਹੋਈ ਦੇ ਅਧਾਰ ਤੇ ਇਸਤਗਾਸੇ ਵਲੋਂ ਭੀ ਲਈ ਗਈ। ਦੋਹਾਂ ਪਾਸਿਆਂ ਵਲੋਂ ਅਪੀਲਾਂ ਦਾਇਰ ਹੋ ਗਈਆਂ। ਸ੍ਰਕਾਰੀ ਪਖ ਨੇ ਅਮਰ ਸਿੰਘ ਅਤੇ ਅਵਤਾਰ ਸਿੰਘ ਨੂੰ ਮ੍ਰਿਤਯੂ ਡੰਨ ਦਵੌਣ ਵਾਸਤੇ ਅਤੇ ਮੇਰੀ ਬਰੀਅਤ ਦੇ ਵਿਰੁਧ ਨਿਗਰਾਨੀ ਦਾਇਰ ਕੀਤੀ।

ਸ੍ਰੀ ਸਤਿਗੁਰੂ ਜੀ ਵਿਰੁਧ ਦੀਵਾਨੀ ਮੁਕਦਮੇ

੨੭

ਦੇਵੀ ਲਾਲ ਅਤੇ ਉਸਦੇ ਅਸਰ ਅਧੀਨ ਆਏ ਹੋਏ ਇਲਾਕਾ ਸ੍ਰੀ ਜੀਵਨ ਨਗਰ ਦੇ ੪-੫ ਪਰਿਵਾਰ ਅਜੇ ਏਥੇ ਨਹੀਂ ਸਨ ਰੁਕੇ। ਏਨਾਂ ਨੇ ਵੱਖ ਵਖ ਚੌਦਾਂ ਮੁਕਦਮੇ ਦੀਵਾਨੀ ਅਦਾਲਤਾਂ ਵਿਚ ਸ੍ਰੀ ਸਤਿਗਰੂ ਜੀ ਵਿਰੁਧ ਦਾਇਰ ਕਰ ਦਿਤੇ। ਏਨਾਂ ਮੁਕਦਮਿਆਂ ਵਿਚ ਮੁਖ-ਇਤ-ਰਾਜ ਏਹ ਸੀ ਕਿ ਸਾਨੂੰ ਸਾਡੀਆਂ ਜਮੀਨਾਂ ਨਹੀਂ ਦਿਤੀਆਂ ਗਈਆਂ। ਜਦੋਂ ਕਿ ਏਹ ਲੋਕ ਜਮੀਨਾਂ ਲਈ ਬੈਠੇ ਸਨ। ਪਰ ਇਨਾਂ ਰਾਹੀਂ ਦੇਵੀ ਲਾਲ ਅਤੇ ਕੈਰੋਂ ਦੀ ਏਹ ਜੋਰਦਾਰ ਕੋਸ਼ਸ਼ ਸੀ ਕਿ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੂੰ ਕਚੈਹਰੀ ਵਿਚ ਲਿਆਕੇ ਖਲਾਰਿਆ ਜਾਵੇ।

ਸ੍ਰੀ ਸਤਿਗੁਰੂ ਸਚੇ ਪਾਤਸ਼ਾਹ ਜੀ ਬਚਨ ਕੀਤਾ ਕਿ ਕੁਛ ਭੀ ਹੋਵੇ, ਅਸੀਂ ਕਚੈਹਰੀ ਨਹੀਂ ਜਾਵਾਂਗੇ। ਏਧਰ ਏਨਾਂ ਨੇ ਜੋ ਮੁਕਦਮੇ ਦਾਇਰ ਕੀਤੇ ਸਨ, ਓਨਾਂ ਵਿਚ ਵਿਸ਼ੇਸ਼ ਕਰਕੇ ਸ੍ਰੀ ਸਤਿਗਰੂ ਪ੍ਰਤਾਪ ਸਿੰਘ ਜੀ ਨੂੰ ਪ੍ਰਤਿਵਾਦੀ (ਮੁਦਾਲੇ) ਬਣਾਕੇ ਗਵਾਹ ਰਖਿਆ ਸੀ। ਜੋਰ ਏਸ ਗਲ

ਤੇ ਦਿਤਾ ਜਾ ਰਿਹਾ ਸੀ ਕਿ ਸ੍ਰੀ ਸਤਿਗੁਰੂ ਜੀ ਕਚੈਹਰੀ ਵਿਚ ਆਕੇ ਬਿਆਨ ਦੇਣ।

ਏਧਰ ਕਤਲ ਕੇਸ ਦੀ ਤਾਰੀਖ ਹਾਈਕੋਰਟ ਵਿਚ ਲਗ ਗਈ। ਪੰਜ ਅਗਸਤ ਨੂੰ ਸੁਣਵਾਈ ਹੋਈ। ਬਣਾਏ ਹੋਏ ਦੋਸ਼ੀਆਂ ਵਲੋਂ ਫੌਜਦਾਰੀ ਦੇ ਪ੍ਰਸਿਧ ਵਕੀਲ ਲਾਲਾ ਹਰਿ ਪ੍ਰਸ਼ਾਦ ਸ੍ਰੀ ਮਦਨ ਲਾਲ ਸੇਠੀ ਅਤੇ ਦਿਲੀ ਦੇ ਇਕ ਹੋਰ ਪ੍ਰਸਿਧ ਵਕੀਲ ਪੇਸ਼ ਹੋਏ। ਕੇਸ ਦੀ ਸੁਣਵਾਈ ਜਸਟਿਸ ਜੀ. ਡੀ. ਖੋਸਲਾ ਅਤੇ ਜਸਟਿਸ ਆਰ. ਪੀ. ਖੋਸਲਾ ਨੇ ਕੀਤੀ। ਦੋਹਾਂ ਜਜਾਂ ਨੇ ਫੈਸਲਾ ਝਟ ਦੇ ਦਿਤਾ ਕਿ ਸਭ ਅਪੀਲਾਂ ਨਾ ਮਨਜ਼ੂਰ। ਜੋ ਫੈਸਲਾ ਸੈਸ਼ਨ ਜਜ ਦਾ ਸੀ ਓਹੀ ਬਹਾਲ ਰਿਹਾ।

ਏਨਾਂ ਦਿਨਾਂ ਵਿਚ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਸਰੀਰ ਮਿਆਦੀ ਬੁਖਾਰ ਨਾਲ ਬਹੁਤ ਕਮਜ਼ੋਰ ਹੋ ਰਿਹਾ ਸੀ। ਫੈਸਲਾ ਸਾਰੇ ਸੁਣਿਆ ਗਿਆ। ਨਕਲ ਲੈਕੇ ਇਸ ਦੀ ਅਪੀਲ ਸੁਪਰੀਮ ਕੋਰਟ ਵਿਚ ਦਾਇਰ ਕੀਤੀ ਗਈ।

ਸਰਸੇ ਦੀ ਦੀਵਾਨੀ ਅਦਾਲਤ ਵਿਚ ਸ੍ਰੀ ਸਤਿਗੁਰੂ ਸਚੇ ਪਾਤਸ਼ਾਹ ਜੀ ਦੇ ਪੇਸ਼ ਹੋਣ ਵਾਸਤੇ ਮੁਦਈਆਂ ਵਲੋਂ ਬਾਰ ਬਾਰ ਜ਼ੋਰ ਦਿਤਾ ਜਾ ਰਿਹਾ ਸੀ। ਓਨਾਂ ਦੀ ਦਰਖਾਸਤ ਦੀ ਸੁਣਵਾਈ ਵਾਸਤੇ ੨੪ ਅਗਸਤ ੧੯੫੯ ਤਾਰੀਖ ਮੁਕਰਰ ਹੋਈ ਸੀ।

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਜੋਤੀਜੋਤ ਸਮਾਉਣਾ ਅਤੇ ਬਾਦ ਦੀਆਂ ਘਟਨਾਂ

੨੮

ਸ੍ਰੀ ਸਤਿਗੁਰੂ ਸਚੇ ਪਾਤਸ਼ਾਹ ਜੀ ਨੇ ਬਚਨ ਕੀਤਾ ਮੈਂ ਕਚੈਹਰੀ ਬਿਲਕੁਲ ਨਹੀਂ ਜਾਵਾਂਗਾ। ਸ੍ਰੀ ਸਤਿਗੁਰੂ ਜੀ ਕੁਛ ਦਿਨ ਮੰਡੀ(ਹਿਮਾ-ਚਲ ਪ੍ਰਦੇਸ) ਨਿਵਾਸ ਕੀਤਾ। ਪਰ ਛੇਤੀ ਹੀ ਵਾਪਸ ਸ੍ਰੀ ਭੈਣੀ ਸਾਹਿਬ

ਆ ਦਰਸ਼ਨ ਦਿਤੇ । ਸਰੀਰ ਅਤਿ ਕਮਜੋਰ ਹੋ ਗਿਆ ਸੀ। ਉਠਣਾ ਬੈਠਣਾ ਬਹੁਤ ਕਠਿਨਾਈ ਨਾਲ ਹੁੰਦਾ ਸੀ। ਤਾਂ ਵੀ ਆਪ ਸਵੇਰ ਦਾ ਇਸ਼ਨਾਨ ਕਰਦੇ ਰਹੇ। ਅਤੇ ਭਜਨ ਬਾਣੀ ਦਾ ਨਿਤਨੇਮ ਭੀ ਕੁਛ ਬੈਠਕੇ ਬਹੁਤਾ ਲੇਟਕੇ ਕਰਦੇ ਜਰੂਰ। ਡਾਕਟਰੀ ਦਵਾਈ ਤਾਂ ਲੈਂਦੇ ਨਹੀਂ ਸਨ। ਦੁਆਬੇ ਵਿਚੋਂ ਇਕ ਵੈਦ ਜੀ ਆਏ ਸਨ ੩-੪ ਦਿਨ ਪਹਿਲਾਂ ਇਕ ਵਾਰੀ ਓਨਾਂ ਦੀ ਦਵਾਈ ਲਈ। ਫੇਰ ਆਗਿਆ ਕਰ ਦਿਤੀ ਕਿ ਹੁਣ ਦਵਾਈ ਨਹੀਂ ਛਕਣੀ। ਪੰਜ ਭਾਦਰੋਂ ਰਾਤ ਦੇ ੧੨ ਵਜੇ (੨੧-੨੨ ਅਗਸਤ)ਲਖਾਂ ਨਾਮਧਾਰੀਆਂ ਦੇ ਹ੍ਰਿਦਯ ਸਮ੍ਰਾਟ ਅਤੇ ਦੇਹ ਪ੍ਰਾਣ ਰੂਪ ਸਤਿਗੁਰੂ ਜੀ, ਪਰਮ ਧਾਮ ਪਧਾਰ ਗਏ। ਇਸਤੇ

ਠੀਕਰ ਫੋੜ ਦਿਲੀਸ ਸਿਰ ਪ੍ਰਭ ਪੁਰ ਕੀਯਾ ਪਯਾਨ.........
ਅਤੇ......... ਹੈ ਹੈ ਹੈ ਸਭ ਜਗ ਭਯੋ ਜੈ ਜੈ ਜੈ ਸੁਰ ਲੋਗ।
ਵਾਲੀਆਂ ਪੰਕਤੀਆਂ ਸਭ ਦੇ ਸਾਮਣੇ ਸਾਕਾਰ ਹੋਈਆਂ।

ਓਹ ਕਾਂਗ੍ਰਸ ਪਾਰਟੀ, ਜਿਸਦੇ ਕਿਤਨੇ ਹੀ ਮੁਖੀਆਂ ਨੇ ਹਰ ਸੰਕਟ ਸਮੇ ਸ੍ਰੀ ਸਤਿਗੁਰੂ ਜੀ ਪਾਸੋਂ ਸਹਾਇਤਾ ਮੰਗੀ ਜੋ ਓਨਾਂ ਨੂੰ ਮਿਲਦੀ ਰਹੀ। ਆਪਣੇ ਸਵਾਰਥ ਅਤੇ ਜਿਦਾਂ ਪੂਰੀਆਂ ਕਰਦੇ ਹੋਏ ਉਸਦੇ ਮੁਖੀਆਂ ਨੇ ਓਸ ਕ੍ਰਿਤਘਨਤਾ ਦਾ ਪ੍ਰਮਾਣ ਦਿਤਾ ਜਿਸਦਾ ਉਦਾਹਰਣ ਉਹ ਆਪ ਹੀ ਹਨ। ਏਹ ਕੁਛ ਇਸ ਕਰਕੇ ਕੀਤਾ ਗਿਆ ਕਿ ਤਾਕਤ ਹਥ ਵਿਚ ਸੀ। ਜਿਸਨੇ ਓਨਾਂ ਦੀ ਬੁਧੀ ਭ੍ਰਿਸ਼ਟ ਕਰ ਦਿਤੀ।

ਮੈਨੂੰ ਓਹ ਵਕਤ ਨਹੀਂ ਭੁਲਦਾ ਜਦੋਂ ਸ੍ਰੀ ਸਤਿਗੁਰੂ ਜੀ ਦੀ ਦੇਹ ਦਾ ਅਜੇ ਸਸਕਾਰ ਨਹੀਂ ਸੀ ਕੀਤਾ। ਸਾਰੀ ਨਾਮਧਾਰੀ ਸੰਗਤ ਇਕ ਅਸਹਿ ਵਿਛੋੜਾ ਅਤੇ ਵਿਯੋਗ ਦੀ ਦਸ਼ਾ ਵਿਚ ਸ੍ਰੀ ਸਤਿਗੁਰੂ ਜੀ ਦੇ ਸਰੀਰ ਦੇ ਪਾਸ ਬੈਠੀ ਹੋਈ ਸੀ। ਪੰਜਾਬ ਸ੍ਰਕਾਰ ਵਲੋਂ ਇਕ ਇਨਕੁਐਰੀ (ਤਫਤੀਸ਼) ਦੇ ਸੰਬੰਧ ਵਿਚ ਸਾਡੇ ਦੋਹਾਂ ਤੋਂ ਪੁਛ ਗਿਛ ਕਰਨ ਵਾਸਤੇ ਇਕ ਆਦਮੀ ਆਇਆ। ਜਿਸਨੇ ਪੁਛਿਆ ਕਿ ਇਸ ਪਿੰਡ ਦੀ ਪੰਚੈਤ ਦੇ ਇਤਨੇ ਪਖੇ ਅਤੇ ਕੁਰਸੀਆਂ ਆਦਿ ਹੋਰ ਸਾਮਾਨ ਪੂਰਾ

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਅੰਤਿਮ ਦਰਸ਼ਨ



(ਖਲੋ) ਸ੍ਰੀ ਸਤਿਗੁਰੂ ਜੀ ਦੀ ਦੇਹ ਦੇ ਸਜੇ ਪਾਸੇ ਖਲੋਤੇ ੧. ਸ੍ਰੀ ਸਤਿਗੁਰੂ ਜਗਜੀਤ ਸਿੰਘ ਜ
(੨) ਪਿਛੇ ਸੇਠ ਗੁਰਬਖਸ਼ ਸਿੰਘ ਜੀ ਪ੍ਰੀਤਮ (੩) ਸਤਿਗੁਰੂ ਜੀ ਤੋਂ ਖਬੇ ਰਤਨ ਸਿੰ
ਹਜ਼ੂਰੀ ਲਾਂਗਰੀ(੪)ਪਿਛੇ ਮਾਲਾ ਪਾਈ,ਲਾਭ ਸਿੰਘ ਫਤਾ (੫)ਡੇਰ ਹਜ਼ੂਰੀ ਸੇਵਕ ਸੰਤ ਮੁਹਰ
ਸਿੰਘ ਜੀ (੬) ਲੇਖਕ । ਬੈਠੇ ਹੋਏ ਸ੍ਰੀ ਸਤਿਗੁਰੂ ਜੀਦੀ ਦੇਹ ਦੇ ਸਜੇ-੧. ਸ੍ਰ. ਅਨੂਪ ਸਿੰਘ
ਐਸ. ਪੀ. ਰਾਜਾ ਜੰਗ (੨) ਗੁਲਜ਼ਾਰ ਸਿੰਘ ਸੇਵਕ (੩) ਸ੍ਰੀ ਸਤਿਗੁਰੂ ਜੀ ਦੇ ਸੀਸ ਦੇ ਅੰ
ਪਿਛੇ ਕਾਕਾ ਦਲੀਪ ਸਿੰਘ(੪)ਦੇਹ ਦੇ ਖਬੇ ਪਾਸੇ ਗੁਰਪੁਰਵਾਸੀ ਸ੍ਰ. ਸੁਚਾਸਿੰਘ ਜੀ ਦਿਲੀ ਵਾ

ਨਹੀਂ ਹੋ ਰਿਹਾ ਓਹ ਕਿਥੇ ਹੈ? ਅਸੀਂ ਆਖਿਆ ਕਿ ਸਾਡਾ ਇਸ ਨਾਲ ਕੀ ਸੰਬੰਧ ਹੈ? ਅਗੋਂ ਤਕੜੇ ਹੋਕੇ ਉਤਰ ਦਿਤਾ ਤਾਂ ਓਹ ਵਾਪਸ ਗਿਆ।

ਇਸ ਪੁਛ ਗਿਛ ਦੀ ਅਸਲੀਅਤ ਏਹ ਸੀ ਕਿ ਪਿੰਡ ਦਾ ਸਰਪੰਚ ਸੁਖਦੇਵ ਸਿੰਘ, ਜੋ ਸਾਡਾ ਵਿਰੋਧੀ ਸੀ, ਓਹ ਪੰਚੈਤ ਦੇ ਪਖੇ, ਕੁਛ ਇਟਾਂ ਕੁਰਸੀਆਂ ਆਦਿ ਸਾਮਾਨ ਵੇਚਕੇ ਖਾ ਪੀ ਗਿਆ ਸੀ। ਓਸਦੀ ਪੁਛ ਗਿਛ ਸ੍ਰਕਾਰ ਵਲੋਂ ਜਦੋਂ ਸ਼ੁਰੂ ਹੋਈ ਤਦ ਮਹਾਰਾਜ ਨਿਹਾਲ ਸਿੰਘ ਜੀ ਰਾਹੀਂ ਉਸਨੇ ਸ੍ਰਕਾਰੀ ਅਨਸਰ ਦਾ ਰੁਖ ਬਦਲਕੇ ਸਾਡੇ ਵਲ ਨੂੰ ਕਰ ਦਿਤਾ। ਪਰ ਅਫਸਰਾਂ ਸਾਮਣੇ ਜਦੋਂ ਸਚ ਦਸਿਆ ਗਿਆ ਤਦ ਸਾਡੇ ਵਲੋਂ ਪੁਛ ਗਿਛ ਹਟ ਗਈ ਪਰ ਸਰਪੰਚ ਨੂੰ ਮਹਾਰਾਜ ਨਿਹਾਲ ਸਿੰਘ ਜੀ ਨੇ ਕੁਛ ਨਹੀਂ ਹੋਣ ਦਿਤਾ।

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਦੇਹ ਛਡ ਜਾਣਾ ਸੁਣਸੁਣਕੇ ਦੂਰ ਨੇੜੇ ਤੋਂ ਸਭ ਨਾਮਧਾਰੀ ਸਾਧ ਸੰਗਤ ਆਈ ਅਤੇ ਦੂਜੇ ਧਰਮਆਚਾਰਯ ਅਤੇ ਪੰਜਾਬ ਸ੍ਰਕਾਰ ਦੇ ਉਚ ਅਫਸਰ ਭੀ ਆਏ। ਸ੍ਰ. ਨੌਰੰਗ ਸਿੰਘ ਬੈਂਸ ਡੀ. ਆਈ. ਜੀ. ਜਲੰਧਰ ਅਤੇ ਓਨਾਂ ਦੀ ਧਰਮ ਪਤਨੀ ਭੀ ਆਏ ਜੋ ਪਿਛਲੇ ਪਹਿਰ ਦਾਹ ਸੰਸਕਾਰ ਕਰਨ ਤਕ ਹਾਜਰ ਰਹੇ।

ਹਰ ਸਾਲ ਦੀ ਤਰਾਂ ਇਸ ਸਾਲ ਨਿਤਨੇਮ ਅਤੇ ਮੇਲੇ ਦਾ ਜੋ ਪ੍ਰੋਗ੍ਰਾਮ ਰਖਿਆ ਹੋਇਆ ਸੀ ਓਸਦੇ ਭੋਗ ਦਾ ਦਿਨ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਵਲੋਂ ਆਪ ਹੀ ਨਿਸਚਿਤ ਕੀਤਾ ਹੋਇਆ ਸੀ। ਓਸੇ ਦਿਨ ੨੫ ਭਾਦਰੋਂ ਨੂੰ ਸ੍ਰੀ ਸਤਿਗੁਰੂ ਜੀ ਨਮਿਤ ਭੋਗ ਪਾਉਣੇ ਅਤੇ ਮੇਲਾ ਕਰਨਾ ਨਿਸਚਿਤ ਹੋਇਆ।

ਏਹ ਸਮਾ ਐਸਾ ਕਠਿਨ ਅਤੇ ਪ੍ਰੀਖਯਾ ਲੈਣ ਵਾਲੀ ਦਸ਼ਾ ਵਾਲਾ ਬਣਿਆ ਹੋਇਆ ਸੀ ਜਿਸਦਾ ਵਰਣਨ ਏਥੇ ਵਿਸਥਾਰ ਹੋਣ ਦੇ ਡਰ ਤੋਂ ਨਹੀਂ ਕੀਤਾ ਜਾਂਦਾ। ਪਰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ

ਇਸਦਾ ਜਿਸ ਸ਼ਾਂਤ-ਹ੍ਰਿਦਯ ਅਤੇ ਸੁਯੋਗਤਾ ਨਾਲ ਨਿਰਬਾਹ ਕੀਤਾ ਉਸਦੀ ਪ੍ਰਸ਼ੰਸਾ ਅਕਥਨੀਯ ਹੈ।

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸਦਾ ਪਾਸ ਰਹਿਣ ਵਾਲੇ ਨਿਜੀ ਸੇਵਕ ਸ੍ਰੀਮਾਨ ਭਾਈ ਸਾਹਿਬ ਵਜ਼ੀਰ ਸਿੰਘ ਜੀ ਬਸਤ੍ਰ ਧੋਣ ਵਾਲੇ ਸੰਤ ਮੋਹਕਮ ਸਿੰਘ ਜੀ ਅਤੇ ਲਾਂਗਰੀ ਸੰਤ ਰਤਨ ਸਿੰਘ ਜੀ ਦੀ ਜੋ ਦਸ਼ਾ ਉਸ ਵੇਲੇ ਸੀ, ਇਸਨੂੰ ਕੋਈ ਦੂਜਾ ਅਨੁਭਵ ਨਹੀਂ ਕਰ ਸਕਦਾ।

ਉਸ ਅੰਤਮ ਸਮੇਂ ਸੂਬਾ ਦੀਵਾਨ ਸਿੰਘ ਜੀ ਡਾਲਟਨਗੰਜ ਵਾਲੇ ਅਤੇ ਸੰਤ ਪ੍ਰੀਤਮ ਸਿੰਘ ਜੀ ਪਦੀ ਖਾਲਸਾ (ਰਤਨ ਸਿੰਘ ਜੀ ਲਾਂਗਰੀ ਦੇ ਭਰਾ) ਚੌਰੀ ਕਰਨ ਦੀ ਸੇਵਾ ਕਰਦੇ ਰਹੇ। ਸੇਠ ਸੁਹੇਲ ਸਿੰਘ ਜੀ ਧੀਰ ਹਰ ਸਮੇ ਅਤੇ ਇਨਾਂ ਸਤਰਾਂ ਦਾ ਲੇਖਕ ਭੀ ਸੇਵਾ ਵਿਚ ਹਾਜਰ ਰਹਿੰਦੇ ਰਹੇ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਪਹਿਲਾਂ ਸਰਸੇ ਸਨ। ਪਰ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸਰੀਰ ਦੀ ਦਸ਼ਾ ਦੇਖਦਿਆਂ ਖਬਰ ਭੇਜਕੇ ਆਪ ਜੀ ਨੂੰ ਮੰਗਵਾ ਲਿਆ ਸੀ। ਕ਼ਰੀਬ ਚਾਰ ਪੰਜ ਦਿਨ ਪਹਿਲਾਂ ਤੋਂ ਆਪ ਭੀ ਪਾਸ ਹੀ ਰਹੇ। ਦਿਲੀ ਵਾਲੇ ਸ੍ਰ. ਸੁਚਾ ਸਿੰਘ ਜੀ ਸੋਖੀ, ਜਿਨਾਂ ਦੇ ਘਰ, ਜਦੋਂ ਸ੍ਰੀ ਸਤਿਗੁਰੂ ਜੀ ਦਿਲੀ ਜਾਂਦੇ ਸਨ, ਤਾਂ ਓਥੇ ਨਿਵਾਸ ਰਖਦੇ ਸਨ, ਓਹ ਭੀ ਇਕ ਦੋ ਦਿਨ ਪਹਿਲਾਂ ਤੋਂ ਪਾਸ ਸਨ। ਹੋਰ ਕਈ ਸਿਖ ਸਾਧ, ਜਿਨਾਂ ਦੇ ਮਨ ਏਹ ਦਸ਼ਾ ਦੇਖ ਦੇਖਕੇ ਅਤਿ ਵਯਾਕੁਲ ਹੋ ਰਹੇ ਸਨ, ਓਹ ਸਰੀਰ ਕਰਕੇ ਭਾਵੇਂ ਬਹੁਤ ਨਜ਼ਦੀਕ ਨਹੀਂ ਆ ਸਕੇ ਪਰ ਗੋਲ ਮੰਦਿਰ ਦੇ ਦੁਆਲੇ ਨੀਝਾਂ ਲਾਕੇ ਬੈਠੇ ਦੇਖਦੇ ਰਹੇ ਅਤੇ ਕੰਨ ਭੀ ਏਧਰ ਲਾਈ ਰਖੇ।

ਏਧਰ ਏਹ ਅਸਹਿ ਘਟਨਾਂ ਵਾਪਰੀ। ਓਧਰ ਪੰਜਾਬ ਸਰਕਾਰ ਦੀ ਸ਼ਹਿ ਤੇ, ਇਲਾਕਾ ਸ੍ਰੀ ਜੀਵਨ ਨਗਰ ਦੇ ਚਾਰ ਪੰਜ ਆਦਮੀਆਂ ਨੇ ਦੀਵਾਨੀ ਅਦਾਲਤਾਂ ਵਿਚ, ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ

ਅਤੇ ਮੇਰੇ ਵਿਰੁਧ ੧੪ ਮੁਕਦਮੇ (ਜੋ ਪਹਿਲਾਂ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਵਿਰੁਧ ਸਨ) ਤਕੜੀ ਪੈਰਵੀ ਨਾਲ ਚਲਾਏ।

ਸ੍ਰੀ ਸਤਿਗੁਰੂ ਜੀ ਦਾ ਦੇਹ ਤਯਾਗ ਸੁਣ ਸੁਣਕੇ ਸ੍ਰੀ ਭੈਣੀ ਸਾਹਿਬ ਦੇ ਆਸ ਪਾਸ ਦੇ ਨਗਰਾਂ ਦੇ ਬਹੁਤ ਲੋਕ ਸਾਰਾ ਦਿਨ ਹਾਰਦਿਕ ਸਮ-ਵੇਦਨਾਂ ਦਾ ਪ੍ਰਗਟਾਉ ਕਰਨ ਲਈ ਔਂਦੇ ਰਹਿੰਦੇ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਇਹ ਸਮਾਂ, ਆਪਣੇ ਮਨ ਅਤੇ ਸਰੀਰ ਤੇ ਅਤਿ ਕਠਿਨਾਈ ਸਹਾਰਦਿਆਂ ਹੋਇਆਂ ਐਸਾ ਨਿਭਾਇਆ ਜਿਸ ਤੋਂ ਔਣ ਵਾਲੇ ਸਭ ਪ੍ਰਭਾਵਿਤ ਹੋਏ।

ਸ੍ਰੀ ਸਤਿਗੁਰੂ ਜੀ ਦੇ ਭੋਗਾਂ ਵਾਲੇ ਮੇਲੇ ਤੇ ਨਾਮਧਾਰੀ ਸਾਧ ਸੰਗਤ ਇਤਨੀ ਆਈ। ਜਿਸਦੀ ਗਿਣਤੀ ਦਾ ਅੰਦਾਜ਼ਾ ਨਹੀਂ ਕੀਤਾ ਜਾ ਸਕਦਾ। ਨਾਮਧਾਰੀਆਂ ਤੋਂ ਬਿਨਾ ਹੋਰ ਕੌਣ ਕੌਣ ਆਏ? ਏਹ ਵਰਣਨ ਏਥੇ ਬਹੁਤ ਹੀ ਸੰਖਿਪਤ ਕੀਤਾ ਜਾਂਦਾ ਹੈ।

ਪੰਜਾਬ ਕਾਂਗ੍ਰਸ ਦੇ ਮੁਖੀਆਂ ਵਿਚੋਂ ਗਿ: ਗੁਰਮਖ ਸਿੰਘ ਜੀ ਮੁਸਾਫਿਰ ਅਤੇ ਪੰਜਾਬ ਮੰਤ੍ਰੀ ਮੰਡਲ ਵਿਚੋਂ ਗਿਆਨੀ ਕਰਤਾਰ ਸਿੰਘ ਜੀ ਆਏ ਸਨ। ਗਿਆਨੀ ਕਰਤਾਰ ਸਿੰਘ ਜੀ ਨੇ ਸ੍ਰੀ ਸਤਿਗੁਰੂ ਜੀ ਦੀ ਸਿਫਤ ਕਰਦਿਆਂ ਆਖਿਆ ਕਿ "ਸਭ ਸਿਖ ਸੰਪ੍ਰਦਾਵਾਂ ਨੂੰ ਇਕਠੀਆਂ ਕਰਨ ਦਾ ਮੀਲ ਪਥਰ ਮਹਾਰਾਜ ਪ੍ਰਤਾਪ ਸਿੰਘ ਜੀ ਨੇ ਗਡਿਆ ਹੈ।" ਅਕਾਲੀ ਨੇਤਾ ਮਾਸਟਰ ਤਾਰਾ ਸਿੰਘ ਜੀ ਭੀ ਆਏ। ਮਹਾਰਾਜਾ ਯਾਦਵਿੰਦਰ ਸਿੰਘ ਪਟਿਆਲਾ ਅਤੇ ਫਰੀਦਕੋਟ ਦੇ ਕੰਵਰ ਸਾਹਿਬ ਮਨਜੀਤ ਇੰਦ੍ਰ ਸਿੰਘ ਜੀ ਭੀ ਆਏ। ਉਦਾਸੀ ਸੰਪ੍ਰਦਾਇ ਦੇ ਮੁਖੀ ਅਤੇ ਰਾਧਾ ਸਵਾਮੀ ਸੰਪ੍ਰਦਾਇ ਬਿਆਸ ਦੇ ਆਚਾਰਯ ਮਹਾਰਾਜ ਚਰਨ ਸਿੰਘ ਜੀ ਅਤੇ ਦਿਲੀ ਸ਼ਾਖਾ ਦੇ ਆਚਾਰਯ ਸੰਤ ਕ੍ਰਿਪਾਲ ਸਿੰਘ ਜੀ ਮਹਾਰਾਜ ਭੀ ਇਸ ਸਮੇਂ ਪਹੁੰਚੇ ਅਤੇ ਸਭ ਨੇ ਆਪਣੇ ਆਪਣੇ ਸਮਵੇਦਨਾ ਦੇ ਮਨੋਭਾਵ ਪ੍ਰਗਟ ਕੀਤੇ।

ਇਸ ਮੇਲੇ ਦਾ ਪ੍ਰਬੰਧ ਕਰਨ ਵਾਲਿਆਂ ਨੇ ਸ੍ਰੀ ਸਤਿਗੁਰੂ ਜੀ ਦੀ ਕਿਰਪਾ ਨਾਲ ਸਭ ਨੂੰ ਅਨੰਦ ਪ੍ਰਸੰਨ ਰਖਿਆ ਪਰ ਸੰਭਾਲ ਅਤੇ ਪ੍ਰਬੰਧ ਲਈ ਬਹੁਤ ਕਠਨ ਤਪਸਯਾ ਜੈਸੀ ਖੇਚਲ ਦੇ ਵਿਚ ਦੀ ਲੰਘਣਾ ਪਿਆ। ਇਸ ਮੇਲੇ ਦੀ ਸਫਲਤਾ ਵਿਚ ਉਨਾਂ ਨਾਮਧਾਰੀ ਸਿੰਘਾਂ ਅਤੇ ਮਾਈਆਂ ਦਾ ਵਿਸ਼ੇਸ਼ ਭਾਗ ਹੈ, ਜਿਨਾਂ ਨੇ ਬਿਨਾ ਆਖਿਆਂ ਲੰਗਰ ਪਕਾਉਣ ਅਤੇ ਵਰਤਾਉਣ ਦੀ ਸੇਵਾ ਅਣਥਕ ਸਰੀਰ ਨਾਲ ਦਿਨ ਰਾਤ ਕੀਤੀ। ਓਹ ਇਸ ਇਛਾ ਤੋਂ ਰਹਿਤ ਸਨ ਕਿ ਸਾਡੇ ਨਾਮ ਦਾ ਵਰਣਨ ਕਿਸੇ ਜ਼ਬਾਨ ਤੇ ਜਾਂ ਕਿਸੇ ਅਖਬਾਰ ਵਿਚ ਆਵੇ। ਸੂਬਾ ਸੇਵਾ ਸਿੰਘ ਜੀ ਲਖਣਪੁਰ ਅਤੇ ਜਥੇਦਾਰ ਹਜ਼ਾਰਾ ਸਿੰਘ ਜੀ ਚਠਾ ਦੇ ਨਾਮ ਲੰਗਰ ਦੀ ਸੇਵਾ ਕਰਨ ਵਾਲਿਆਂ ਵਿਚ ਵਿਸ਼ੇਸ਼ ਵਰਣਨ ਯੋਗ ਹਨ।

ਸ੍ਰ. ਪ੍ਰਤਾਪ ਸਿੰਘ ਕੈਰੋਂ ਮੁਖ ਮੰਤ੍ਰੀ ਸੀ। ਕਈਆਂ ਨੇ ਓਨਾਂ ਨੂੰ ਜਾਕੇ ਆਖਿਆ ਕਿ ਤੁਹਾਡਾ ਓਥੇ ਜਾਣਾ ਬਣਦਾ ਹੈ, ਪਰ ਓਹ ਨਹੀਂ ਆਏ। ਕਾਂਗ੍ਰਸ ਦੇ ਹੋਰ ਮੁਖੀ ਅਤੇ ਕਈ ਦੂਸਰੇ ਲੋਕ ਭੀ ਮਹਿਸੂਸ ਕਰਦੇ ਸਨ ਕਿ ਓਨਾਂ ਦਾ ਏਥੇ ਇਸ ਸਮੇਂ ਔਣਾ ਬਣਦਾ ਸੀ। ਗਿ: ਜ਼ੈਲ ਸਿੰਘ ਜੀ ਦਾ ਸ੍ਰੀ ਸਤਿਗੁਰੂ ਨਾਲ ਦਿਲੀ ਪ੍ਰੇਮ ਸੀ, ਓਹ ਆਏ ਅਤੇ ਸ੍ਰੀ ਸਤਿਗੁਰੂ ਜੀ ਦੀ ਬਹੁਤ ਉਪਮਾ ਕੀਤੀ। ਸ੍ਰ. ਨਾਹਰ ਸਿੰਘ ਐਮ. ਏ. ਇਤਿਹਾਸਕਾਰ ਭੀ ਹਾਰਦਿਕ ਸਮਵੇਦਨਾ ਨਾਲ ਇਸ ਮੇਲੇ ਵਿਚ ਸ਼ਾਮਲ ਹੋਏ।

ਹੋਰ ਕਈ ਸੰਸਥਾਵਾਂ ਦੇ ਮੁਖੀ, ਗਊ ਰਖਿਆ ਸੰਮਤੀ ਦੇ ਮੁਖੀ ਲਾਲਾ ਹਰਦੇਵ ਸਹਾਇ ਜੀ, ਭਾਰਤੀਯ ਸ਼ਾਕਾਹਾਰ ਸੰਸਥਾ ਦੇ ਮੁਖੀ, ਸ੍ਰੀ ਜੇ. ਐਨ. ਮਾਨਕਰ ਜੀ ਬੰਬਈ ਵਾਲੇ, ਪ੍ਰੇਮ ਖਿਚ ਨਾਲ ਆਪਣੇ ਆਪ ਹੀ ਆਏ। ਓਨਾਂ ਦੇ ਹਿਰਦੇ ਜਿਸ ਪ੍ਰੇਮ ਸਮਵੇਦਨਾ ਨਾਲ ਭਰੇ ਹੋਏ ਸਨ ਓਨਾਂ ਦਾ ਵਰਣਨ ਕੀਤਾ ਨਹੀਂ ਜਾ ਸਕਦਾ।

ਇਸ ਮੇਲੇ ਤੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨਮਿਤ ਬਹੁਤ ਸਾਰੇ ਸਿੰਘ ਸਰਧਾ ਅਨੁਸਾਰ ਪਾਠ ਕਰ ਕਰਕੇ ਲਿਆਏ ਸਨ।.........

ਪਾਠਾਂ ਦੇ ਭੋਗ ਪਾਏ ਗਏ। ਸ੍ਰੀ ਸਤਿਗੁਰੂ ਜੀ ਦੇ ਸਦਾ ਨਿਕਟ ਵਰਤੀ ਭਾਈ ਸਾਹਿਬ ਵਜੀਰ ਸਿੰਘ ਜੀ ਹਥੀਂ ਨਾਮਧਾਰੀ ਸਾਧ ਸੰਗਤ ਵਲੋਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਦਸਤਾਰ ਅਰਪਣ ਕੀਤੀ ਗਈ।

ਸਾਧ ਸੰਗਤ ਦੇ ਇਕਠ ਦਾ ਸਮੁੰਦ੍ਰ ਪ੍ਰੇਮ ਲਹਿਰਾਂ ਨਾਲ ਵੈਰਾਗ ਦਸ਼ਾ ਵਿਚ ਛਲਕ ਰਿਹਾ ਸੀ। ਨਿਰਮਲੇ ਅਤੇ ਉਦਾਸੀ ਸੰਤ, ਅਤੇ ਹੋਰ ਕਈ ਭੇਖਾਂ ਦੇ ਮਹਾਤਮਾ ਨੇ ਜਿਸ ਹ੍ਰਿਦਯ ਪ੍ਰੇਮ ਨਾਲ ਇਸ ਸਮਾਗਮ ਵਿਚ ਭਾਗ ਲਿਆ, ਓਨਾਂ ਦੇ ਦਰਸ਼ਨ ਓਸ ਵੇਲੇ ਕੀਤਿਆਂ ਹੀ ਓਨਾਂ ਦੀ ਸਮਵੇਦਨਾ ਜਾਣੀ ਜਾ ਸਕਦੀ ਸੀ। ਸੰਤ ਇੰਦ੍ਰ ਸਿੰਘ ਜੀ ਚਕ੍ਰਵਰਤੀ ਨੇ ਸਟੇਜ ਨੂੰ ਬਹੁਤ ਸੁਘੜਤਾ ਨਾਲ ਸੰਭਾਲਿਆ। ਬਾਹਰ ਤੋਂ ਆਏ ਪ੍ਰਾਹੁਣਿਆਂ ਦੀ ਸੇਠ ਜੈਮਲ ਸਿੰਘ ਜੀ ਮੰਡੀ ਅਤੇ ਓਥੋਂ ਦੀ ਸਾਧ ਸੰਗਤ ਨੇ ਬੜੇ ਪ੍ਰੇਮ ਨਾਲ ਸੇਵਾ ਕੀਤੀ।

ਏਹ ਮੇਲਾ ਸਪੰਨ ਹੋਣ ਤੋਂ ਬਾਦ ਭੀ ਵਿਰੋਧੀਆਂ ਵਿਚ ਸ੍ਰੀ ਸਤਿ-ਗੁਰੂ ਜੀ ਦੇ ਦੇਹ ਤਯਾਗ ਜਾਣ ਤੇ ਭੀ ਏਹ ਸੋਚ ਨਹੀਂ ਆਈ ਕਿ ਕਿ ਅਸੀਂ ਹੁਣ ਤਾਂ ਆਪਣੀ ਜਿਦ ਛਡ ਦੇਈਏ। ਇਸਦੇ ਪਿਛੇ ਕਾਰਣ ਮੁਖ ਰੂਪ ਵਿਚ ਦੇਵੀ ਲਾਲ ਸੀ। ਜੋ ਕੁਛ ਸਵਾਰਥੀਆਂ ਨੂੰ ਬੈਠਣ ਨਹੀਂ ਸੀ ਦਿੰਦਾ ਅਤੇ ਉਸਦੇ ਮਨੋਭਾਵਾਂ ਦੀ ਪੂਰਤੀ ਕਰਨ ਲਈ ਸ੍ਰ.ਪ੍ਰਤਾਪ ਸਿੰਘ ਕੈਰੋਂ ਵਰਗਾ ਜਿੱਦਲ ਜੱਟ ਮੁਖ ਮੰਤ੍ਰੀ ਉਸਨੂੰ ਲਭਿਆ ਹੋਇਆ ਸੀ।

ਮੇਰੇ ਨਾਲ, ਕੰਧਾਰਾ ਸਿੰਘ ਉਸਦਾ ਪੁਤਰ ਅਵਤਾਰ ਸਿੰਘ ਅਤੇ ਦੋਵੇਂ ਭਰਾ ਮਹਿਮਦ ਵਾਲੀ ਵਾਲੇ ਅਮਰ ਸਿੰਘ ਗੁਰਦੀਪ ਸਿੰਘ ਜੋ ਜੇਲ ਵਿਚ ਸਨ ਅਤੇ ਏਨਾਂ ਵਿਚੋਂ ਦੋ ਨੂੰ ਉਮਰ ਕੈਦ ਅਤੇ ਦੋ ਨੂੰ ਫਾਸੀ ਦੀ ਸਜਾ ਸੁਣਾਈ ਗਈ ਸੀ ਜਿਸਨੂੰ ਹਾਈ ਕੋਰਟ ਨੇ ਪਕਾ ਕਰ ਦਿਤਾ ਸੀ, ਇਨਾਂ ਦੀ ਪੈਰਵੀ ਕਰਨੀ ਅਤਿ ਜਰੂਰੀ ਅਤੇ ਇਕ ਮਹਾਨ ਸਮ-ਸਯਾ ਬਣੀ ਹੋਈ ਸੀ। ਕਿਉਂਕਿ ਉਪਰ ਤਕ ਵਿਰੋਧੀ ਅਨਸਰ ਜਾਂ

ਦੂਜੇ ਸ਼ਬਦਾਂ ਵਿਚ ਸ੍ਰਕਾਰੀ ਅਨਸਰ ਵਲੋਂ ਏਸੇ ਹੀ ਪਧਰ ਤੇ ਪੈਰਵੀ ਦੇ ਰਹੀ ਸੀ ਕਿ ਏਨਾਂ ਦੀ ਹਰ ਇਕ ਸਜ਼ਾ ਬਹਾਲ ਰਖੀ ਜਾਵੇ।

ਜਮਾਨਤਾਂ ਬਾਦ ਵਿਚ ਭੀ

੨੯.

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਹੁੰਦਿਆਂ ਇਲਾਕਾ ਸ੍ਰੀ ਜੀਵਨ ਨਗਰ ਦੇ ਵਖ ਵਖ ਪਿੰਡਾਂ ਦੇ ਕਈ ਨਾਮਧਾਰੀ ਮੁਖੀਆਂ ਤੇ ਕਈ ਫੌਜਦਾਰੀ ਕੇਸ ਬਣਾਏ ਗਏ ਸਨ। ਸੀਹੋਵਾਲ ਵਾਲੇ ਸਰਧਾ ਸਿੰਘ ਨੇ ਅਰਜ ਕੀਤੀ ਕਿ ਸਚੇ ਪਾਤਸ਼ਾਹ ਜੀ, ਸਾਡੇ ਤੇ ਝੂਠੇ ਕੇਸ ਬਣਾਕੇ ਸਾਨੂੰ ਪਰੇਸ਼ਾਨ ਕੀਤਾ ਜਾ ਰਿਹਾ ਹੈ। ਆਪ ਕਿਰਪਾ ਕਰੋ ਸਾਨੂੰ ਆਗਿਆ ਦਿਓ ਅਸੀਂ ਭੀ ਇਨਾਂ ਤੇ ਦਰਖਾਸਤਾਂ ਦੇ ਦਿੰਦੇ ਹਾਂ। ਜਿਥੇ ਅਸੀਂ ਸਰਸੇ ਰੋਜ ਤੁਰੇ ਰਹਿੰਦੇ ਹਾਂ, ਇਨਾਂ ਨੂੰ ਫੇਰੇ ਪੈਣਗੇ ਤਦ ਏਨਾਂ ਦਾ ਦਿਮਾਗ ਠੀਕ ਹੋ ਜਾਇਗਾ। ਸ੍ਰੀ ਸਤਿਗੁਰੂ ਜੀ ਬਚਨ ਕੀਤਾ ਕਿ ਨਹੀਂ। ਓਹ ਚਾਹੇ ਕੁਛ ਕਰਨ ਅਸਾਂ ਏਹ ਗਲਤ ਕੰਮ ਨਹੀਂ ਕਰਨਾ।

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਸਰੀਰ ਸ਼ਾਂਤ ਹੋ ਜਾਣ ਤੇ ਭੀ ਰਾਜਸੀ ਲੀਡਰਾਂ ਦੇ ਇਸ਼ਾਰੇ ਤੇ ਚਲਦੇ ਹੋਏ ਘਸੀਟਾ ਸਿੰਘ ਦਾ ਪੁਤ੍ਰ ਸੁਜੀਤ ਸਿੰਘ ਅਤੇ ਦਰਸ਼ਨ ਸਿੰਘ ਪੰਡੋਰੀ ਆਦਿ ਰੁਕੇ ਨਹੀਂ। ਜਮਾਨਤਾਂ ਦੀਆਂ ਦਰਖਾਸਤਾਂ ਦੇਕੇ ਓਨਾਂ ਦੀ ਪੈਰਵੀ ਕਰਨ ਵਿਚ ਕੋਈ ਕਸਰ ਨਹੀਂ ਰਖੀ।

ਸਰੂਪ ਲਾਲ ਨਾਮ ਦਾ ਇਕ ਆਦਮੀ, ਜੋ ਕਤਲ ਕੇਸ ਵਿਚ ਮੇਰੇ ਤੇ ਗਵਾਹ ਬਣਾਇਆ ਗਿਆ ਸੀ, ਏਹ ਹਾਰਨੀ ਖੁਰਦ ਰਹਿੰਦਾ ਸੀ ਅਤੇ ਇਸਦਾ ਭਰਾ ਰਾਜਸਥਾਨ ਵਿਚੋਂ ਚੋਰੀ ਅਫੀਮ ਲਿਆਕੇ ਵੇਚਣ ਦਾ ਧੰਧਾ ਕਰਦਾ ਸੀ। ਰਾਜਸਥਾਨ ਪੋਲੀਸ ਨੂੰ ਪਤਾ ਲਗ ਗਿਆ। ਓਹ ਫੜਨ ਆਏ ਸਨ ਇਸਦੇ ਭਰਾ ਨੂੰ ਓਹ ਨਾ ਲਭਾ। ਓਸਦਾ

ਅਕਸਰ ਏਥੇ ਔਣ ਜਾਣ ਸੀ ਇਸ ਕਰਕੇ ਓਹ ਸਰੂਪ ਲਾਲ ਨੂੰ ਫੜਕੇ ਲੈ ਗਏ।

ਰਾਜਸਥਾਨ ਪੋਲੀਸ ਨੇ ਓਥੇ ਲੈ ਜਾਕੇ ਸਰੂਪਲਾਲ ਨੂੰ ਛਡ ਦਿਤਾ। ਇਸਨੇ ਇਸ ਆੜ ਵਿਚ ਮੇਰੇ ਤੇ ਦਰਖਾਸਤ ਦੇ ਦਿਤੀ ਕਿ ਇਸਤੋਂ ਮੈਨੂੰ ਖਤਰਾ ਹੈ ਏਹ ਮੈਨੂੰ ਮਰਵਾ ਦੇਵੇਗਾ ਕਿਉਂਕਿ ਮੈਂ ਇਸਤੇ ਗਵਾਹੀ ਦਿਤੀ ਸੀ। ਇਸੇ ਤਰਾਂ ਦੀਆਂ ਨਾਮਧਾਰੀ ਨਗਰਾਂ ਦੇ ਵਖ ਵਖ ਮੁਖੀਆਂ ਅਤੇ ਓਨਾਂ ਦੇ ਸੰਬੰਧੀਆਂਤੇਦਰਖਾਸਤਾਂ ਦਿਤੀਆਂ ਗਈਆਂ ਅਤੇ ਪੋਲੀਸ ਨੇ ਸਭ ਨੂੰ ਪਾਬੰਦ ਕਰ ਲਿਆ। ਮੈਂ ਸ੍ਰੀ ਜੀਵਨ ਨਗਰ ਨਹੀਂ ਸਾਂ। ਔਣ ਤੇ ਪਤਾ ਲਗਾ। ਮੈਂ ਅਤੇ ਹੋਰ ਸਿੰਘਾਂ ਨੇ ਅਦਾਲਤ ਵਿਚ ਹਾਜਰ ਹੋਕੇ ਆਪਣੀਆ ਜਮਾਨਤਾਂ ਕਰਾ ਲਈਆਂ। ਸਾਡੀ ਜਮਾਨਤਾਂ ਵਾਲਿਆਂ ਦੀ ਗਿਨਤੀ ਡੇਢ ਸੌ ਦੇ ਕ੍ਰੀਬ ਸੀ। ਪਹਿਲਾਂ ਦੋ ਤਿਨ ਤਾਰੀਖਾਂ ਸਰਸੇ ਪਈਆਂ। ਇਕ ਤਾਰੀਖ ਫੇਰ ਰਾਣੀਏ ਫੇਰ ਇਕ ਏਲਨਾਬਾਦ। ਓਨਾਂ ਦਿਨਾਂ ਵਿਚ ਔਣ ਜਾਣ ਦੇ ਸਾਧਨ ਅਜ ਵਰਗੇ ਨਹੀਂ ਸਨ। ਕਈ ਤਰਾਂ ਦੀਆਂ ਕਠਿਨਾਈਆਂ ਰਾਹੀਂ ਸਰਸੇ ਅਤੇ ਪੇਸ਼ੀ ਵਾਲੇ ਥਾਵਾਂ ਤੇ ਪਹੁੰਚਿਆਂ ਜਾਂਦਾ ਸੀ। ਸ੍ਰੀ ਜੀਵਨ ਨਗਰ ਨੂੰ ਸੜਕ ਬਣਨ ਲਗੀ ਸੀ। ਓਟੂ ਦੇ ਪਾਸ ਹਰੇ ਛੋਲੇ ਪੁਟਾਕੇ ਸੜਕ ਵਾਸਤੇ ਮਿਟੀ ਪੁਆਈ ਗਈ ਮਹਿਕਮੇ ਵਲੋਂ, ਰੋਡ ਰੋਲਰ ਆਗਿਆ ਰੋੜੀ ਬਜਰੀ ਆਦਿ ਸਾਰਾ ਸਾਮਾਨ ਆਏ ਤੋਂ ਦੇਵੀ ਲਾਲ ਨੂੰ ਕਿਸੇ ਨੇ ਜਾ ਦਸਿਆ। ਓਸਨੇ ਉਪਰੋਂ ਸ੍ਰਕਾਰ ਵਲੋਂ ਹੁਕਮ ਲਵਾਕੇ ਸਭ ਸਾਮਾਨ ਵਾਪਸ ਮੰਗਵਾ ਲਿਆ। ਜਿਨਾਂ ਦੇ ਹਰੇ ਛੋਲੇ ਪਟਵਾਏ ਸਨ ਓਹ ਭੀ ਬੇਚਾਰੇ ਹਥ ਮਲਦੇ ਰਹਿ ਗਏ।

ਜਮਾਨਤਾਂ ਦਾ ਕੇਸ ਚਲਿਆ। ਗਵਾਹੀਆਂ ਹੋਈਆਂ ਜਿਨਾਂ ਵਿਚ ਅਸਲੋਂ ਕੋਈ ਜਿੰਦ ਨਹੀਂ ਸੀ। ਪਰ ਸ੍ਰਕਾਰ ਵਲੋਂ ਇਸ਼ਾਰਾ ਸੀ ਕਿ ਏਨਾਂ ਨੂੰ ਵਧ ਤੋਂ ਵਧ ਪਰੇਸ਼ਾਨ ਕਰਨਾ ਹੈ।

ਸਰਸੇ ਦੇ ਮੈਜਿਸਟ੍ਰੇਟ ਨੇ ਸਾਡੇ ਸਭਨਾ ਦੀਆਂ ਪਕੀਆਂ ਜਮਾਨਤਾਂ ਮੰਗ ਲਈਆਂ। ਹੋਰਨਾਂ ਦੀਆਂ ੧੦-੧੦ ਹਜਾਰ ਦੀਆਂ ਪਰ ਮੇਰੀ ਜਮਾਨਤ ਕੇਸ ਸ਼ੁਰੂ ਹੋਣ ਵੇਲੇ ਹੀ ਢਾਈ ਲਖ ਦੀ ਮੰਗੀ ਗਈ। ਹਾਈ-ਕੋਰਟ ਵਿਚ ਦਰਖਾਸਤ ਦੇਣ ਤੇ ਏਹ ਵੀਹ ਹਜਾਰ ਦੀ ਰਹਿ ਗਈ।

ਸਰਸੇ ਦੀ ਸਾਧਸੰਗਤ ਹਰ ਤਾਰੀਖ ਤੇ ਔਂਦੀ ਅਤੇ ਸਭ ਜਮਾਨਤਾਂ ਵਾਲਿਆਂ ਨੂੰ ਪ੍ਰਸਾਦ ਪਾਣੀ ਛਕਾਉਣ ਦੀ ਸੇਵਾ ਕਰਦੀ।

ਮੇਰੀ ਜਮਾਨਤ ਦਾ ਕੇਸ, ਜਿਸ ਵਿਚ ਸਰੂਪ ਲਾਲ ਮੁਦਈ ਸੀ। ਉਸਦੀ ਗਵਾਹੀ ਤੋਂ ਪਤਾ ਲਗਾ ਕਿ ਕੇਹੜੀ ਪੋਲੀਸ ਉਸਨੂੰ ਫੜਕੇ ਲੈ ਗਈ ਸੀ। ਪਤਾ ਲਗਣ ਤੇ ਪੋਲੀਸ ਦੇ ਓਨਾਂ ਅਫਸਰਾਂ ਨੂੰ ਜਾਕੇ ਪੁਛਿਆ। ਮੇਰੇ ਬਾਰੇ ਤਾਂ ਓਹ ਜਾਣਦੇ ਹੀ ਨਹੀਂ ਸਨ। ਫੇਰ ਅਪਣੀ ਸਫਾਈ ਪੇਸ਼ ਕਰਨ ਵਾਸਤੇ ਓਸੇ ਪੋਲੀਸ ਦੇ ਵਡੇ ਅਫਸਰ ਡੀ. ਐਸ. ਪੀ. ਠਾਕਰ ਰਾਮ ਸਿੰਘ ਨੂੰ ਸਾਰੀ ਸਥਿਤੀ ਤੋਂ ਜਾਣੂ ਕਰਾਇਆ। ਉਸ ਦਾ ਨਾਮ ਬਤੌਰੇ ਸਫਾਈ ਦਾ ਗਵਾਹ ਹੋਣ ਦੀ ਦਰਖਾਸਤ ਦੇ ਦਿਤੀ। ਓਸਨੇ ਅਦਾਲਤ ਵਿਚ ਆਕੇ ਸਾਰੀ ਸਥਿਤੀ ਸਾਫ ਕਰ ਦਿਤੀ ਕਿਸੇ ਤਰਾਂ ਸਬੂਤ ਨਾ ਬਣਦਿਆਂ ਹੋਇਆਂ ਭੀ ਮੇਰੀ ਜਮਾਨਤ ਪਕੀ ਕਰ ਦਿਤੀ।

ਨਾਮਧਾਰੀ ਨਗਰਾਂ ਵਿਚ ਦੇਵੀ ਲਾਲ ਦੇ ਅਸਰ ਹੇਠ ਆਏ ਹੋਏ ੩-੪ ਪਰਿਵਾਰ ਜਿਨਾਂ ਵਿਚ ਬਹੁ ਗਿਣਤੀ ਏਨਾਂ ਦੇ ਗੈਰ ਨਾਮਧਾਰੀ ਸਬੰਧੀਆਂ ਦੀ ਸੀ, ਹਰ ਸਮੇਂ ਇਸ ਤਾਕ ਵਿਚ ਰਹਿਣ ਲਗ ਪਏ ਕਿ ਕੋਈ ਮੌਕਾ ਝੂਠਾ ਸਚਾ ਬਣਾਕੇ ਨਾਮਧਾਰੀ ਸਿੰਘਾਂ ਨੂੰ ਪ੍ਰੇਸ਼ਾਨ ਕੀਤਾ ਜਾਵੇ।

ਖੂਹ ਅੰਮ੍ਰਿਤਸਰੀਆਂ ਜੋ ਕਿ ਸੰਤ ਨਗਰ ਦੇ ਰਕਬੇ ਵਿਚ ਛੋਟਾ ਬਝਿਆ ਹੋਇਆ ਪਿੰਡ ਹੈ। ਘਸੀਟਾ ਸਿੰਘ ਦੇ ਕਤਲ ਵਾਲੀ ਘਟਨਾਂ ਤੋਂ ਕ਼ਰੀਬ ੨ ਸਾਲ ਬਾਦ ਤੇਜਾ ਸਿੰਘ ਬੁੰਡਾਲਾ ਇਕ ਪਾਸੇ ਅਤੇ ਇਸੇ ਦਾ ਭਤੀਜਾ ਜੋਗਿੰਦ੍ਰ ਸਿੰਘ ਅਤੇ ਓਸਦੇ ਨਾਲ ਕੁਛ ਹੋਰ ਉਸਦੇ ਸਬੰਧੀ

ਦੂਜੇ ਪਾਸੇ ਜਿਨਾਂ ਦੀ ਜਮੀਨ ਤੇ ਕਬਜਾ ਕਰਨ ਤੇ ਲੜਾਈ ਹੋਈ। ਇਹ ਲੜਾਈ ੨ ਜਲਾਈ ੧੯੬੦ ਨੂੰ ਹੋਈ ਇਸ ਵਿਚ ਜਗਿੰਦਰ ਸਿੰਘ ਕੁੰਦਨ ਸਿੰਘ ਪੁਤ੍ਰ ਅਛਰ ਸਿੰਘ(ਤੇਜਾ ਸਿੰਘ ਦੇ ਭਤੀਜੇ) ਬਾਰਾ ਸਿੰਘ ਦਰਸ਼ਨ ਸਿੰਘ ਢੋਟੀਆਂ ਵਾਲੇ ਅਤੇ ਕੁਛ ਹੋਰਨਾਂ ਤੇ ਧਾਰਾ ੩੦੭ ਅਧੀਨ ਰਾਣੀਆਂ ਠਾਣੇ ਪਰਚਾ ਦਰਜ ਹੋ ਗਿਆ। ਪੋਲੀਸ ਨੇ ਅਪਣੀ ਤਫਤੀਸ਼ ਵਿਚ ਜਗਿੰਦਰ ਸਿੰਘ ਕੁੰਦਨ ਸਿੰਘ ਬਾਰਾ ਸਿੰਘ ਦਰਸ਼ਨ ਸਿੰਘ ਨੂੰ ਛਡ ਦਿਤਾ। ਏਸ ਲੜਾਈ ਦੀ ਬਿਨਾ ਤੇ ਤੇਜਾ ਸਿੰਘ ਬੁੰਡਾਲਾ ਨੇ ਹੀਰਾ ਸਿੰਘ ਭਿੰਡਰ(ਸਾਬਕ ਸਰਪੰਚ) ਵਿਰਸਾ ਸਿੰਘ ਕਿਲੇਵਾਲਾ ਅਰੂੜ ਸਿੰਘ ਜਥੇਦਾਰ ਬਖਸ਼ੀਸ਼ ਸਿੰਘ ਵਰਨ ਕਰਮ ਸਿੰਘ ਮਿਸਤ੍ਰੀ ਗੁਰਬਖਸ਼ ਸਿੰਘ ਲੰਬਰਦਾਰ ਤੇ ਦਰਖਾਸਤ ਦੇ ਦਿਤੀ ਜਿਸ ਵਿਚ ਇਲਜਾਮ ਏਹ ਲਿਖਿਆ ਗਿਆ ਕਿ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਮੇਰੇ ਹਿਸੇ ਦੀ ਜਮੀਨ ਮੈਨੂੰ ਨਹੀਂ ਦਿਤੀ ਏਹ ਓਨਾਂ ਦੇ ਸੇਵਕ ਹਨ, ਮੈਂ(ਤੇਜਾ ਸਿੰਘ ਬੁੰਡਾਲਾ) ਘਸੀਟਾ ਸਿੰਘ ਦੇ ਧੜੇ ਦਾ ਹਾਂ, ਏਨਾਂ ਤੋਂ ਮੈਨੂੰ ਡਰ ਹੈ ਇਸ ਕਰਕੇ ਏਨਾਂ ਦੀਆਂ ਪਕੀਆਂ ਜਮਾਨਤਾਂ ਕੀਤੀਆਂ ਜਾਣ।

ਵੇਖਣ ਵਾਲੀ ਗਲ ਏਹ ਹੈ ਕਿ ਜਿਨਾਂ ਤੇ ੩੦੭ ਦਾ ਪਰਚਾ ਸੀ ਜਗਿੰਦਰ ਸਿੰਘ ਕੁੰਦਨ ਸਿੰਘ ਦਰਸ਼ਨ ਸਿੰਘ ਬਾਰਾ ਸਿੰਘ ਆਦਿ ਓਨਾਂ ਨੂੰ ਤਫਤੀਸ਼ ਵਿਚ ਪੋਲੀਸ,ਨੇ ਛਡ ਦਿਤਾ। ਅਤੇ ਜਿਨਾਂ ਤੇ ਪਰਚਾ ਨਹੀਂ ਸੀ ਓਨਾਂ ਦੀਆਂ ਮੈਜਿਸਟ੍ਰੇਟ ਨੇ ਪਕੀਆਂ ਜਮਾਨਤਾਂ ਮੰਗ ਲਈਆਂ ਜਾਂ ਇਕ ਸਾਲ ਕੈਦ।

ਸੰਤ ਨਗਰ ਪੰਚਾਇਤ ਦੇ ਮੈਂਬਰ ਇਕਬਾਲ ਸਿੰਘ ਜੀ ਵਲੋਂ ਸਫਾਈ ਭੀ ਦਿਤੀ ਗਈ ਪਰ ੨੯ ਮਾਰਚ ੧੯੬੧ ਨੂੰ ਮੈਜਿਸਟ੍ਰੇਟ ਨੇ ਫੈਸਲਾ ਦੇ ਦਿਤਾ ਕਿ ਏਨਾਂ ਤੋਂ ਖਤਰਾ ਹੈ ਇਨਾਂ ਦੀਆਂ ਜਮਾਨਤਾ ੧੦-੧੦ ਹਜਾਰ ਦੀਆਂ ਅਤੇ ਇਤਨੀ ਹੀ ਰਕਮ ਦੇ ਮੁਚਲਕੇ ਹਰ ਇਕ ਦੇ ਲਈ ਜਾਣ।

ਇਸੇਤਰਾਂ ਦੇ ਦੋ ਹੋਰ ਮੁਕਦਮੇ ਜਮਾਨਤਾਂ ਦੀ ਆੜ ਵਿਚ, ਇਕ ੨੮ ਜੂਨ ੧੯੬੦ ਨੂੰ ਦੂਜਾ ੨੯ ਸਤੰਬਰ ੧੯੬੦ ਨੂੰ ਕੀਤੇ ਗਏ। ਇਹ ਦੋਵੇਂ ਘਸੀਟਾ ਸਿੰਘ ਦੇ ਪੁਤ੍ਰ ਸਰਜੀਤ ਸਿੰਘ ਵਲੋਂ ਕੀਤੇ ਗਏ ਸਨ। ਪਹਿਲੇ ਵਿਚ ਸਰਧਾ ਸਿੰਘ ਸੀਹੋਵਾਲ(ਨਕੋੜਾ) ਉਸ ਦੇ ਦੋਵੇਂ ਪੁਤ੍ਰ ਦੀਦਾਰ ਸਿੰਘ ਅਤੇ ਅਮਰਜੀਤ ਸਿੰਘ, ਗੁਰਮੇਜ ਸਿੰਘ ਕਕੜ (ਨਕੋੜਾ) ਸੁਰਜਨ ਸਿੰਘ ਗੁਰਬਚਨ ਸਿੰਘ ਪੁਤ੍ਰ ਕਿਰਪਾਲ ਸਿੰਘ, ਕਰਨੈਲ ਸਿੰਘ ਚੂੜ੍ਹਕਾਣਾ(ਹਾਰਨੀ) ਸਢੇਗ ਸਿੰਘ ਹਰਦੀਪ ਸਿੰਘ ਚੇਲੇਕੇ ਭਗਵਾਨ ਸਿੰਘ ਪੁਤ੍ਰ ਲਾਭ ਸਿੰਘ (ਹਾਰਨੀ) ਅਤੇ ਡਾ. ਵਿਰਸਾ ਸਿੰਘ ਜੀਆ ਬਗਾ ਤੇ ਸਰਜੀਤ ਸਿੰਘ ਵਲੋਂ ਪਰਚਾ ਦਿਤਾ ਗਿਆ ਜਿਸ ਵਿਚ ਵਰਤਮਾਨ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਅਤੇ ਮੇਰਾ ਨਾਮ ਖਾਸ ਕਰਕੇ ਲਿਖਿਆ ਗਿਆ ਕਿ ਏਹ ਏਨਾਂ ਦੇ ਸੇਵਕ ਹਨ। ਅਤੇ ਏਹ ਭੀ ਲਿਖਿਆ ਕਿ ਮੇਰਾ ਫੁਫੜ ਲਾਭ ਸਿੰਘ ੧੦ ਮਈ ੧੯੫੫ ਨੂੰ ਮਾਰ ਦਿਤਾ ਗਿਆ ਸੀ। ਪਰ ਕੰਧਾਰਾ ਸਿੰਘ ਸੈਸ਼ਨ ਅਦਾਲਤ ਵਿਚੋਂ ੧੭ ਅਗਸਤ ੧੯੫੫ ਨੂੰ ਬਰੀ ਹੋ ਗਿਆ। ਫੇਰ ਮੇਰਾ ਬਾਪ ਘਸੀਟਾ ਸਿੰਘ ੨੨ ਜੁਲਾਈ ੧੯੫੮ ਨੂੰ ਮਾਰ ਦਿਤਾ ਗਿਆ ਸੀ। ਜਿਸ ਵਿਚ ਕੰਧਾਰਾ ਸਿੰਘ ਉਸਦਾ ਪੁਤ੍ਰ ਅਵਤਾਰ ਸਿੰਘ ਮਹਿਮਦਵਾਲੀ ਵਾਲੇ ਅਮਰ ਸਿੰਘ ਅਤੇ ਗੁਰਦੀਪ ਸਿੰਘ ਸਜਾ ਹੋ ਗਏ ਸਨ ਅਤੇ ਬੀਰ ਸਿੰਘ ਨੂੰ ਬਰੀ ਕੀਤਾ ਗਿਆ ਸੀ। ਏਹ ਮੁਦਾਲਜ(ਦੋਸ਼ੀ) ਏਨਾਂ ਦੇ ਸੇਵਕ ਹਨ ਏਨਾਂ ਤੋਂ ਮੈਨੂੰ ਡਰ ਹੈ। ਇਸ ਮੁਕਦਮੇ ਵਿਚ ਮਹਿੰਦਰ ਸਿੰਘ ਜੀ ਬਲ ਨਕੋੜਾ ਵਲੋਂ ਸਫਾਈ ਦਿਤੀ ਗਈ ਕਿ ਕੋਈ ਡਰ ਨਹੀਂ ਪਰ ਮੈਜਿਸਟ੍ਰੇਟ ਨੇ ੨੯ ਮਾਰਚ ੧੯੬੧ ਨੂੰ ੧੦-੧੦ ਹਜਾਰ ਦੀਆਂ ਜਮਾਨਤਾਂ ਦੇ ਬਰਾਬਰ ਦੀ ਰਕਮ ਦੇ ਮੁਚ-ਲਕੇ ਮੰਗ ਲਏ ਜਾਂ ੧-੧ ਸਾਲ ਸਖਤ ਕੈਦ।

ਦੂਜੇ ਕੇਸ ਵਿਚ ਅਵਤਾਰ ਸਿੰਘ ਝੱਬਰ ਅਮਰ ਸਿੰਘ ਲੰਬਰਦਾਰ ਸ੍ਰੀ ਜੀਵਨ ਨਗਰ ਹਜ਼ਾਰਾ ਸਿੰਘ ਜੀ ਭਗਤ ਅਤੇ ਕਿਰਪਾਲ ਸਿੰਘ ਮਹਿਮਦਵਾਲੀ ਤੇ ਦਰਖਾਸਤ ਦਿਤੀ ਗਈ। ਏਹ ਭੀ ਸਰਜੀਤ ਸਿੰਘ (ਪੁਤ੍ਰ ਘਸੀਟਾ ਸਿੰਘ)ਵਲੋਂ ਸੀ। ਦੋਸ਼ ਏਹ ਲਾਇਆ ਕਿ ੯ ਸਤੰਬਰ ੧੯੬੦ ਨੂੰ ਭੈਣੀ ਸਾਹਿਬ ਅਵਤਾਰ ਸਿੰਘ ਹਰੀ ਸਿੰਘ ਦਿਆਲ ਸਿੰਘ ਸੁਰਜਨ ਸਿੰਘ ਨੇ ਇਕਠ ਕੀਤਾ ਹੈ ਕਿ ਸਰਜੀਤ ਸਿੰਘ(ਪੁਤ੍ਰ ਘਸੀਟਾ ਸਿੰਘ) ਸਾਡੀ ਬੇਇਜਤੀ ਕਰਨਾ ਚਾਹੁੰਦਾ ਹੈ ਉਸਤੋਂ ਪਹਿਲਾਂ ਉਸਨੂੰ ਸਬਕ ਸਿਖਾਇਆ ਜਾਵੇ। ਇਸ ਕੇਸ ਦਾ ਫੈਸਲਾ ਭੀ ਸ੍ਰਕਾਰੀ ਇਸ਼ਾਰੇ ਤੇ ਪਹਿਲੇ ਦੀ ਤਰਾਂ ਹੀ ੨੯ ਮਾਰਚ ੧੯੬੧ ਨੂੰ ਕਰਕੇ ਉਪ੍ਰੋਕਤ ਸਭ ਵਯਕਤੀਆਂ ਨੂੰ ਪਕੀਆਂ ਜਮਾਨਤਾ ਵਿਚ ਪਾਬੰਦ ਕਰ ਲਿਆ ਗਿਆ।

ਸ਼ੈਸ਼ਨ ਜਜ ਸ੍ਰੀ ਐਮ. ਐਲ. ਪੁਰੀ ਹਿਸਾਰ ਪਾਸ ਅਪੀਲ ਕੀਤੀ ਗਈ ਜਿਸਦੇ ਫੈਸਲੇ ਅਨੁਸਾਰ ਮੈਜਿਸਟ੍ਰੇਟ ਦਾ ਫੈਸਲਾ ਰਦ ਹੋਇਆ ਅਤੇ ਸ੍ਰੀ ਸਤਿਗੁਰੂ ਜੀ ਦੀ ਕਿਰਪਾ ਨਾਲ ਅਸੀਂ ਸਾਰੇ ਜਮਾਨਤਾਂ ਤੋਂ ਬਰੀ ਹੋਏ।

ਕਤਲ ਕੇਸ ਦੀਆਂ ਅਪੀਲਾਂ ਨਾ ਮਨਜ਼ੂਰ

੩੦

ਕਿਸੇ ਕਾਰਣ ਦੇਵੀ ਲਾਲ ਦਾ ਸ੍ਰ. ਪ੍ਰਤਾਪ ਸਿੰਘ ਨਾਲ ਥੋੜਾ ਢੇਰਾ ਵਿਰੋਧ ਹੋਣਾ ਸ਼ੁਰੂ ਹੋ ਗਿਆ। ਭਾਵੇਂ ਸਾਨੂੰ ਖਬਰਾਂ ਮਿਲ ਦੀਆਂ ਰਹਿੰਦੀਆਂ ਸਨ ਪਰ ਅਸੀਂ ਏਨਾਂ ਵਿਚੋਂ ਕਿਸੇ ਨੂੰ ਭੀ ਜਾਕੇ ਨਹੀਂ ਸਾਂ ਮਿਲੇ। ਸਾਡੇ ਵਾਸਤੇ ਤਾਂ ਕਤਲ ਕੇਸ ਦੇ ਸਜਾ ਹੋ ਚੁਕੇ ਹੋਏ ਜਿਨਾਂ ਨੂੰ ਫਾਂਸੀ ਦੀ ਸਜਾ ਸੀ, ਓਨਾਂ ਦੀ ਪੈਰਵੀ ਅਤੇ ਜੋ ੧੪ ਦੀਵਾਨੀ ਕੇਸ ਚਲਾਏ ਹੋਏ ਸਨ, ਓਨਾਂ ਦੀ ਜਵਾਬੀ ਪੈਰਵੀ ਕਰਨ ਜੋਗਾ ਸਮਾਂ ਮਸਾਂ ਮਸਾਂ ਪੂਰਾ ਔਂਦਾ ਸੀ।

ਏਨਾਂ ਸਿੰਘਾਂ ਦੀ ਅਪੀਲ ਸੁਪਰੀਮ ਕੋਰਟ ਵਿਚ ਕੀਤੀ ਜੋ ਓਨਾਂ ਨੇ ਦਾਖਲ ਹੀ ਨਾ ਕੀਤੀ। ਇਸਤੇ ਬੜੀ ਮਾਯੂਸੀ ਹੋਈ। ਫੇਰ ਰਹਿਮ ਦੀ ਅਪੀਲ ਕੀਤੀ। ਰਹਿਮ ਦੀ ਅਪੀਲ ਗ੍ਰਹਿ ਮੰਤਰੀ ਦੇ ਦਫਤਰ ਵਿਚ ਦੀ ਹੋਕੇ ਜਾਂਦੀ ਹੈ ਅਤੇ ਗ੍ਰਹਿ ਮੰਤਰੀ ਵਲੋਂ ਸੰਮਤੀ ਜਾਂ ਅਸੰਮਤੀ ਦਾ ਨੋਟ ਭੀ ਉਸਤੇ ਲਿਖਿਆ ਜਾਂਦਾ ਹੈ। ਰਾਸ਼ਟਰਪਤੀ ਆਮ ਕਰਕੇ ਗ੍ਰਹ ਮੰਤ੍ਰੀ ਦੀ ਰਾਇ ਨਾਲ ਹੀ ਆਪਣਾ ਹੁਕਮ ਲਿਖਦਾ ਹੈ।

ਗ੍ਰਹਿ ਵਿਭਾਗ ਦੇ ਦਫਤਰ ਵਿਚ ਇਕ ਸ੍ਰ. ਗੁਲਜਾਰ ਸਿੰਘ ਜੀ ਜਿਸਦਾ ਸੰਬੰਧ ਮਹਾਰਾਜ ਨਿਹਾਲ ਸਿੰਘ ਜੀ ਨਾਲ ਸੀ। ਮਹਾਰਾਜ ਜੀ ਤੁਲੇ ਹੋਏ ਸਨ ਕਿ ਕੰਧਾਰਾ ਅਤੇ ਗੁਰਦੀਪ ਸਿੰਘ ਨੂੰ ਫਾਂਸੀ ਜਰੂਰ ਲਗਵੌਣਾ ਹੈ। ਜਦੋਂ ਰਹਿਮ ਦੀਆਂ ਦਰਖਾਸਤਾਂ ਗ੍ਰਹਿ ਮੰਤ੍ਰਾਲੇ ਵਿਚ ਦੀ ਜਾਣ ਉਪ੍ਰੋਕਤ ਗੁਲਜਾਰਸਿੰਘ ਝਟਮਹਾਰਾਜ ਜੀਨੂੰ ਖਬਰ ਦੇ ਦਿਆ ਕਰੇ। ਓਹ ੨-੪ ਪਾਰਲੀਮੈਂਟ ਦੇ ਮੈਬਰ ਨਾਲ ਲੈਕੇ ਜਾਕੇ ਰਾਸ਼ਟਰ-ਪਤੀ ਨੂੰ ਆਖ ਦਿਆ ਕਰਨ ਕਿ ਏਨਾਂ ਨੂੰ ਮਾਫ ਨਹੀਂ ਕਰਨਾ।

ਬਹੁਤ ਉਚੇਚੇ ਜਤਨ ਕੀਤੇ ਗਏ। ਆਖਰ ਸ੍ਰੀ ਸਤਿਗੁਰੂ ਜੀ ਦੀ ਕਿਰਪਾ ਹੋਈ, ਗੁਰਦੀਪ ਸਿੰਘ ੧੬ ਮਹੀਨੇ ਬਾਦ ਫਾਂਸੀ ਦੀ ਕੋਠੜੀ ਵਿਚੋਂ ਬਾਹਰ ਕਢ ਦਿਤਾ ਗਿਆ ਅਤੇ ਉਮਰ ਕੈਦੀਆਂ ਵਿਚ ਆ ਗਿਆ।

ਕੰਧਾਰਾ ਸਿੰਘ ਵਾਸਤੇ ਫੇਰ ਵਿਸ਼ੇਸ਼ ਜਤਨ ਜਾਰੀ ਕੀਤੇ ਗਏ। ਜਿਥੇ ਪਾਰਲੀਮੈਂਟ ਦੇ ਮੈਂਬਰ ਲਿਖਕੇ ਦੇਣ ਜਾਂ ਸਿਫਾਰਸ਼ ਕਰ ਦੇਣ ਓਥੇ ਦੂਜੇ ਕਿਸੇ ਦੀ ਸੁਣਵਾਈਕਿਸਤਰਾਂ ਹੋ ਸਕਦੀ ਹੈ। ਮਹਾਰਾਜ ਨਿਹਾਲ ਸਿੰਘ ਜੀ ਨੇ ਏਧਰ ਏਨਾਂ ਨੂੰ ਫਾਹੇ ਲਵੌਣ ਲਈ ਆਪਣੀ ਇਜਤ ਦਾ ਸਵਾਲ ਬਣਾਇਆ ਹੋਇਆ ਸੀ ਹਾਲਾਂ ਕਿ ਪਾਰਲੀਮੈਂਟ ਵਿਚ ਸ੍ਰੀ ਸਤਿਗੁਰੂ ਜੀ ਦੇ ਭੇਜੇ ਹੋਏ ਹੀ ਓਹ ਗਏ ਸਨ।

ਕੰਧਾਰਾ ਸਿੰਘ ਵਾਸਤੇ ਭਰਪੂਰ ਜਤਨ ਕੀਤਾ ਗਿਆ ਕਿ ਇਸਨੂੰ ਫਾਂਸੀ ਤੋਂ ਬਚਾਇਆ ਜਾਵੇ। ਪਰ ਸਫਲਤਾ ਨਾ ਮਿਲੀ।

ਸ੍ਰ. ਪ੍ਰਤਾਪ ਸਿੰਘ ਕੈਰੋਂ ਦਾ ਮਿਲਣਾਂ

੩੧

ਪੰਜਾਬ ਪੋਲੀਸ ਦੇ ਇਨਸਪੈਕਟਰ ਜਨਰਲ ਸ੍ਰਦਾਰ ਸੰਤ ਪ੍ਰਕਾਸ਼ ਸਿੰਘ,ਜੋ ਰਾਗ ਦੇ ਬੜੇ ਸ਼ੌਕੀਨ ਸਨ ਅਤੇ ਜਾਣਕਾਰ ਸਨ, ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਬੜੇ ਪ੍ਰੇਮੀ ਸਨ। ਓਨਾਂ ਦਾ ਏਹ ਜਤਨ ਆਪਣੇ ਢੰਗ ਨਾਲ ਸੀ ਕਿ ਕਿਸੇਤਰਾਂ ਇਨਾਂ ਦਾ ਸ੍ਰ. ਪ੍ਰਤਾਪ ਸਿੰਘ ਨਾਲ ਵਿਰੋਧ ਮਿਟ ਜਾਵੇ। ਓਨਾਂ ਦੀ ਲੜਕੀ ਦੀ ਸ਼ਾਦੀ ਸੀ ਓਨਾਂ ਦੇ ਪਿੰਡ ਅਲਾ-ਵਲਪੁਰ। ਇਸਤੇ ਪਹੁੰਚਣ ਲਈ ਓਨਾਂ ਮੈਨੂੰ ਉਚੇਚਾ ਸਦਾ ਦਿਤਾ ਅਤੇ ਮਿਲਕੇ ਭੀ ਆਖਿਆ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਆਗਯਾ ਅਨੁਸਾਰ ਸ਼ਾਦੀ ਦੇ ਸੰਬੰਧ ਵਿਚ ਹੋਈ ਪਾਰਟੀ ਤੇ ਮੈਂ ਗਿਆ। ਓਥੇ ਸ੍ਰ. ਪ੍ਰਤਾਪ ਸਿੰਘ ਕੈਰੋਂ ਮੁਖ ਮੰਤਰੀ ਭੀ ਆਏ ਹੋਏ ਸਨ। ਜਿਸ ਸੋਫੇ ਤੇ ਓਹ ਬੈਠੇ ਸਨ, ਸ੍ਰ. ਸੰਤ ਪ੍ਰਕਾਸ਼ ਸਿੰਘ ਜੀ ਨੇ ਮੈਨੂੰ ਓਥੇ ਓਨਾਂ ਦੇ ਪਾਸ ਬੈਠਾਲ ਦਿਤਾ। ਸ੍ਰ. ਪ੍ਰਤਾਪ ਸਿੰਘ ਨੇ ਗਲਬਾਤ ਸ਼ੁਰੂ ਕੀਤੀ ਕਿ ਤੁਸੀਂ ਕਦੇ ਔਂਦੇ ਨਹੀਂ, ਮਿਲਦੇ ਨਹੀਂ। ਮੈਂ ਆਖਿਆ ਸ੍ਰੀ ਸਤਿਗੁਰੂ ਜੀ ਦੀ ਆਗਿਆ ਹੋਇਗੀ ਤਾਂ ਮਿਲਨ ਆ ਜਾਇਆ ਕਰਾਂਗਾ। ਏਥੇ ਗਲਬਾਤ ਏਨੀ ਹੀ ਹੋਈ।

ਇਕ ਦਿਨ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਅਤੇ ਮੈਂ ਕਾਰ ਵਿਚ ਲੁਦਿਹਾਣੇ ਤੋਂ ਸ੍ਰੀ ਭੈਣੀ ਸਾਹਿਬ ਨੂੰ ਆ ਰਹੇ ਸਾਂ। ਜਮਾਲ ਪੁਰ ਤੋਂ ਜਰਾ ਕੁ ਚੜਦੇ ਵਲ ਸੜਕ ਤੇ ਦੋ ਤਿੰਨ ਕਾਰਾਂ ਖਲੋਤੀਆਂ ਵੇਖਕੇ ਸਤਿਗੁਰੂ ਜੀ ਆਖਿਆ ਪੁਛ ਲਈਏ ਕੋਈ ਕਾਰ ਖਰਾਬ ਹੋਈ ਹੋਵੇ ਤਾਂ, ਜੋ ਹੋ ਸਕਦਾ ਹੈ ਉਸਦੇ ਵਾਸਤੇ ਕਰੀਏ।

ਅਜੇ ਖੜੋਤੇ ਹੀ ਸਾਂ ਕਿ ਖਬੇ ਪਾਸੇ ਬਾਜਰੇ ਦੇ ਖੇਤ ਵਿਚੋਂ ਸ੍ਰ. ਪ੍ਰਤਾਪ ਸਿੰਘ ਮੁਖ ਮੰਤ੍ਰੀ ਨਿਕਲ ਪਏ। ਏਹ ਪੇਸ਼ਾਬ ਕਰਨ ਲਈ ਏਥੇ ਰੁਕੇ ਹੋਏ ਸਨ। ਸਾਨੂੰ ਉਤਰਦਿਆਂ ਨੂੰ ਵੇਖਕੇ ਸਾਡੇ ਵਲ ਆਏ।

ਸ੍ਰੀ ਸਤਿਗੁਰੂ ਜੀ ਨੂੰ ਓਨਾਂ ਨੇ ਗੋਡੀਂ ਹਥ ਲਾਕੇ ਇਹੋ ਕੁਛ ਆਖਿਆ ਕਿ ਤੁਸੀਂ ਔਂਦੇ ਨਹੀਂ ਕਦੇ ਮਿਲਦੇ ਨਹੀਂ। ਸ੍ਰੀ ਸਤਿਗੁਰੂ ਜੀ ਉਤਰ ਦਿਤਾ ਕਿ ਮਿਲਣ ਵਾਲੇ ਹਾਲਾਤ ਬਣਨ ਤਾਂ ਹੀ ਮਿਲਿਆ ਜਾ ਸਕਦਾ ਹੈ। ਓਨਾਂ ਆਖਿਆ ਜੇ ਆਖੋ ਤਾਂ ਮੈਂ ਸ੍ਰੀ ਭੈਣੀ ਸਾਹਿਬ ਆ ਜਾਵਾਂ। ਸਤਿਗਰੂ ਜੀ ਆਖਿਆ ਨਹੀਂ ਅਸੀਂ ਆ ਜਾਵਾਂਗੇ।

ਮਿਲਣ ਦੀ ਜਗਾ ਯੂਨੀਅਨ ਟੈਰੀਟਰੀ (ਚੰਡੀਗੜ) ਦਾ ਗੈਸਟ ਹਾਊਸ ਨਿਸਚਿਤ ਹੋਇਆ। ਓਥੇ ਬੈਠਕੇ ਕਾਫੀ ਗਲਾਂ ਬਾਤਾਂ ਹੋਈਆਂ। ਸ੍ਰ. ਪ੍ਰਤਾਪ ਸਿੰਘ ਨੇ ਮਹਿਸੂਸ ਕੀਤਾ ਕਿ ਪਿਛਲੇ ਦਿਨਾਂ ਵਿਚ ਜੋ ਹੋਇਆ ਹੈ, ਮੇਰੇ ਵਲੋਂ ਓਹ ਠੀਕ ਨਹੀਂ ਹੋਇਆ।

ਏਨਾਂ ਦਿਨਾਂ ਵਿਚ ਦੇਵੀ ਲਾਲ ਆਪਣੀ ਆਦਤ ਅਨੁਸਾਰ ਸ੍ਰਦਾਰ ਨਾਲ ਕਾਫੀ ਵਿਗਾੜ ਪਾ ਚੁਕਾ ਸੀ।

ਸ੍ਰ. ਪ੍ਰਤਾਪ ਸਿੰਘ ਨੂੰ ਇਸਤੋਂ ਬਾਦ ਦੂਜੀ ਤੀਜੀ ਵਾਰੀ ਮਿਲਣ ਤੇ ਸ੍ਰੀ ਜੀਵਨ ਨਗਰ ਔਣ ਦਾ ਨਿਮੰਤ੍ਰਣ ਦਿਤਾ ਜੋ ਓਨਾਂ ਨੇ ਪ੍ਰਵਾਨ ਕਰ ਲਿਆ। ਸ੍ਰੀ ਜੀਵਨ ਨਗਰ ਪਸ਼ੂ ਪ੍ਰਦਰਸ਼ਨੀ ਰਖੀ ਗਈ ਅਤੇ ਇਕ ਵਡਾ ਮੇਲਾ ਕੀਤਾ ਗਿਆ। ਇਸ ਮੇਲੇ ਤੇ ਸ੍ਰਦਾਰ ਪ੍ਰਤਾਪ ਸਿੰਘ ਜੀ ਭੀ ਆਏ।

ਸਵਾਗਤੀ ਭਾਸ਼ਣ ਵਿਚ ਪਿਛਲੇ ਸਮੇਂ ਦੀਆਂ ਘਟਨਾਵਾਂ ਦਾ ਵਰ-ਣਨ ਕੀਤਾ ਗਿਆ ਅਤੇ ਦੇਵੀ ਲਾਲ ਬਾਰੇ ਖਾਸ ਕਰਕੇ ਆਖਿਆ ਗਿਆ। ਆਪਣੀ ਤਕਰੀਰ ਵਿਚ ਸ੍ਰ. ਪ੍ਰਤਾਪ ਸਿੰਘ ਨੇ ਨਾਮਧਾਰੀਆਂ ਤੋਂ ਇਤਨਾ ਚਿਰ ਦੂਰ ਰਹਿਣ ਦਾ ਮਹਿਸੂਸ ਹੋਣਾ ਮੰਨਿਆ ਅਤੇ ਦੇਵੀ ਲਾਲ ਬਾਰੇ ਭੀ ਥੋੜਾ ਜਿਹਾ ਮੰਨਿਆ ਦਬਵੀਂ ਜਬਾਨ ਵਿਚ ਕਿ ਏਹ ਆਦਮੀ ਠੀਕ ਨਹੀਂ ਹੈ।

ਅੰਤਕਾ

੩੨

ਇਸ ਪੁਸਤਕ ਵਿਚ ਅੰਕਿਤ ਘਟਨਾਵਾਂ ਪੜ੍ਹਕੇ ਅਤੇ ਨਾਮਧਾਰੀ ਪੰਥ ਦੇ ਰਾਜਨੀਤਿਕ ਸ੍ਰੇਣੀਆਂ ਨਾਲ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਤੋਂ ਬਾਦ ਦੇ ਸਬੰਧ ਸੁਣ ਦੇਖਕੇ ਕਈ ਪਾਠਕ ਜਰੂਰ ਸੋਚਦੇ ਹੋਣਗੇ ਕਿ ਇਨਾਂ ਕੁਛ ਹੋਣ ਤੇ ਭੀ ਨਾਮਧਾਰੀਆਂ ਨੇ ਕਾਂਗ੍ਰਸ ਨਾਲੋਂ ਅਜੇ ਨਾਤਾ ਨਹੀਂ ਤੋੜਿਆ।

ਭਾਵੇਂ ਨਾਤਾ ਜੋੜੀ ਰਖਣ ਦੇ ਕਈ ਕਾਰਣ ਹਨ ਪਰ ਵਿਸੇਸ਼ ਏਹ ਹੈ ਕਿ ਰਾਸ਼ਟ੍ਰੀਜ ਸਵਯੰ ਸੇਵਕ ਸੰਘ ਅਤੇ ਕਮਿਊਨਿਸਟਾਂ ਤੋਂ ਬਿਨਾਂ ਜੋ ਰਾਜਨੀਤਿਕ ਦਲ ਬਣੇ ਓਨਾਂ ਵਿਚ ਆਮ ਕਰਕੇ ਓਹ ਹੀ ਆਦਮੀ ਸਨ ਜਿਨਾਂ ਨੇ ਕਾਂਗ੍ਰਸ ਵਿਚ ਅਗਵਾਈ ਕਰਨ ਵਿਚ ਅਸਮਰਥ ਹੋਣ ਕਰਕੇ ਨਵੇਂ ਨਾਮ ਰਖਕੇ ਅਪਣੇ ਰਾਜਨੀਤਿਕ ਦਲ ਬਣਾਏ। ਏਨਾਂ ਦੇ ਇਹ ਦਲ ਬਹੁਤਾ ਚਿਰ ਨਹੀਂ ਚਲ ਸਕੇ। ਕਈ ਭਾਵੇਂ ਅਜੇ ਕਾਇਮ ਹਨ ਪਰ ਓਨਾਂ ਵਿਚ ਕੋਈ ਸ਼ਕਤੀ ਨਹੀਂ। ਸਕਤੀ ਦੀ ਅਣਹੋਂਦ ਦੇ ਕਈ ਕਾਰਣ ਹੋ ਸਕਦੇ ਹਨ ਪਰ ਏਹ ਜਰੂਰ ਹੈ ਦਲ ਦਾ ਮੁਖੀ ਹੋਣ ਦਾ ਲਾਲਚ ਅਤੇ ਵਿਸ਼ੇਸ਼ ਕਰਕੇ ਰਾਜਸਤਾ ਪ੍ਰਾਪਤ ਕਰਨ ਦੇ ਸ੍ਵਾਰਥ ਨਾਲ ਇਕ ਛਡਕੇ ਦੂਜੀ ਸ੍ਰੇਣੀ(ਦਲ) ਦੀ ਸਥਾਪਨਾ ਕਰਕੇ ਓਸ ਦਾ ਸੰਚਾਲਕ ਬਣਨ ਦਾ ਜਤਨ ਕੀਤੇ ਗਏ।

ਪੰਜਾਬ ਵਿਚ ਕਾਂਗ੍ਰਸ ਤੋਂ ਬਿਨਾਂ ਦੋ ਪ੍ਰਮੁਖ ਰਾਜਨੀਤਿਕ ਸ੍ਰੇਣੀਆਂ ਹਨ। ਰਾਸ਼ਟ੍ਰੀਜ ਸਵਯੰ ਸੇਵਕ ਸੰਘ(ਜਾਂ ਜਨ ਸੰਘ) ਜਿਸ ਦਾ ਨਾਮ ਅਜਕਲ ਭਾਰਤੀਜ ਜਨਤਾ ਪਾਰਟੀ ਹੈ। ਦੂਜੇ ਕਮਿਊਨਿਸਟ।

ਭਾਰਤੀਜ ਜਨਤਾ ਪਾਰਟੀ ਦੇ ਬਹੁਤ ਸਾਰੇ ਮੁਖੀਆਂ ਨਾਲ ਸ੍ਰੀ ਸਤਿਗੁਰੂ ਜੀ ਸਦਾ ਪਿਆਰ ਭਰਿਆ ਵਰਤਾਉ ਕਰਦੇ ਹਨ। ਏਨਾਂ ਮੁਖੀਆਂ ਦੇ ਮਨ ਵਿਚ ਭੀ ਸ੍ਰੀ ਸਤਿਗੁਰੂ ਜੀ ਅਤੇ ਨਾਮਧਾਰੀ ਪੰਥ ਦਾ

ਸਤਿਕਾਰ ਬਣਿਆ ਚਲਿਆ ਆ ਰਿਹਾ ਹੈ। ਸ੍ਰ: ਹਰਵਿੰਦਰ ਸਿੰਘ ਜੀ ਹੰਸਪਾਲ ਦੂਜੀ ਵੇਰ ਰਾਜਸ ਸਭਾ ਦੇ ਜਦੋਂ ਮੈਂਬਰ ਬਣੇ ਹਨ ਤਦ ਭਾਰਤੀਸ ਜਨਤਾ ਪਾਰਟੀ ਦੇ ਪੰਜਾਬ ਵਿਧਾਨ ਸਭਾ ਦੇ ਮੈਂਬਰਾਂ ਨੇ ਭੀ ਸਹਯੋਗ ਦਿਤਾ ਸੀ।

ਕਮਿਊਨਿਸਟ ਪਾਰਟੀ ਦੇ ਮੁਖੀ ਭੀ ਸ੍ਰੀ ਸਤਿਗੁਰੂ ਜੀ ਅਤੇ ਨਾਮ-ਧਾਰੀ ਪੰਥ ਦਾ ਸਨਮਾਨ ਸਦਾ ਰਖਦੇ ਹਨ। ਹੰਸਪਾਲ ਜੀ ਦੀ ਚੋਣ ਵੇਲੇ ਪੰਜਾਬ ਵਿਧਾਨ ਸਭਾ ਦੇ ਕਮਿਊਨਿਸਟ ਮੈਂਬਰ ਨੇ ਅਪਣੀ ਵੋਟ ਹੰਸਪਾਲ ਜੀ ਨੂੰ ਦਿਤੀ।

ਉਪ੍ਰੋਕਤ ਦੋਹਾਂ ਪਾਰਟੀਆਂ ਨਾਲ ਵਿਰੋਧ ਭਾਵੇਂ ਨਹੀਂ ਪਰ ਇਨਾਂ ਦੋਹਾਂ ਦੇ ਦਾਇਰੇ ਅਪਣੇ ਅਪਣੇ ਢੰਗ ਨਾਲ ਸੀਮਿਤ ਹੋਣ ਕਰਕੇ ਨਾਮਧਾਰੀ ਪੰਥ ਦਾ ਲਗਾਉ ਕਾਂਗ੍ਰਸ ਨਾਲ ਬਣਿਆ ਚਲਿਆ ਆ ਰਿਹਾ ਹੈ।

ਦੇਸ਼ ਵਾਸੀਆਂ ਦੀ ਪ੍ਰਾਰਬਧ ਅਭਾਗੀ ਹੈ । ਪਛਮੀ ਸਭਸਤਾ ਤੋਂ ਪ੍ਰਭਾਵਿਤ ਹੋਕੇ ਧਰਮ ਦੇ ਨਿਯਮਾਂ ਦਾ ਪਾਲਨ ਕਰਨ ਤੋਂ ਬੇ ਸਰਧਕ ਹੋ ਚੁਕੇ ਹਨ। ਕੋਈ ਸਮਾਂ ਸੀ, ਰਾਸਟ੍ਰੀਸ ਸਵਯੰ ਸੇਵਕ ਸੰਘ ਦੇ ਮੁਖੀ ਗਊ ਰਖਸਾ ਆਂਦੋਲਨ ਵਿਚ ਅਗੇ ਹੋਕੇ ਭਾਗ ਲੈਂਦੇ ਸਨ। ਸਨ ੧੯੭੭ ਈ: ਨੂੰ ਕੇਂਦਰ ਵਿਚ ਜਨਤਾ ਸ੍ਰਕਾਰ ਬਣੀ ਹਿਮਾਚਲ ਵਿਚ ਰਾਜ ਹੀ ਭਾਰਤ ਜ: ਪਾਰਟੀ ਦਾ ਸੀ, ਅਤੇ ਹਰਿਆਣਾ ਮੰਤ੍ਰੀ ਮੰਡਲ ਵਿਚ ਭੀ ਇਸ ਪਾਰਟੀ ਦੇ ਮੈਂਬਰ ਬਹੁਤ ਪ੍ਰਭਾਵਸ਼ਾਲੀ ਸਨ। ਕੇਂਦਰ ਵਿਚ ਸ੍ਰੀ ਅਟਲ ਬਿਹਾਰੀ ਬਾਜਪੇਈ ਵਿਦੇਸ਼ ਮੰਤ੍ਰੀ ਸਨ ਹੋਰ ਭੀ ਕਈ ਪ੍ਰਾਂਤਾ ਵਿਚ ਏਨਾਂ ਦਾ ਕਾਫੀ ਪ੍ਰਭਾਵ ਸੀ। ਸ੍ਰਕਾਰੀ ਪਧਰ ਤੇ ਭਾ. ਜ. ਪਾ. ਦੇ ਕਿਸੇ ਮੰਤ੍ਰੀ ਨੇ ਗਊ ਹਤਸਾ ਵਿਰੋਧੀ ਕੁਛ ਕੀਤਾ ਹੋਵੇ ਜਾਂ ਅਪਣੇ ਵੀਚਾਰ ਪ੍ਰਗਟਾਏ ਹੋਣ ਐਸਾ ਸੰਕੇਤ ਕਿਤੋਂ ਨਹੀਂ ਮਿਲਦਾ।

ਕਮਿਊਨਿਸਟ ਪਾਰਟੀ ਦਾ ਦਾਇਰਾ ਅਪਣੀ ਕਿਸਮ ਦਾ ਹੈ। ਦੇਸ਼ ਵੰਡਾਰੇ ਤੋਂ ਪਹਿਲਾਂ ਦੇਸ਼ ਸ੍ਵਤੰਤ੍ਰਤਾ ਆਂਦੋਲਨ ਵਿਚ ਇਨਾਂ ਦਾ ਭੀ ਬਹੁਤ ਯੋਗ ਦਾਨ ਹੈ। ਬਾਦ ਵਿਚ ਭੀ ਦੇਸ਼ ਦੇ ਹਿਤਾਂ ਵਿਚ ਅਤੇ ਵਿਸੇਸ਼ ਕਰਕੇ ਵਿਸ਼ਵ ਸ਼ਾਂਤੀ ਲਈ ਬਹੁਤ ਕੁਛ ਕਰਦੇ ਰਹੇ ਹਨ। ਇਸ ਵਿਚ ਸ਼ਕ ਨਹੀਂ ਕਿ ਦੇਸ਼ ਨਾਲ ਹਿਤ ਰਖਦੇ ਹਨ। ਪਰ ਦੋ ਧੜਿਆਂ (ਭਾਰਤੀ ਕਮਿਊਨਿਸਟ ਪਾਰਟੀ ਅਤੇ ਮਾਰਕਸਿਸਟ ਕਮਿਊਨਿਸਟ) ਵਿਚ ਵੰਡੇ ਹੋਣ ਕਰਕੇ, ਜੇ ਕਦੀ ਕੋਈ ਨੀਤਿਕ ਇਸ਼ਾਰਾ ਰੂਸ ਜਾਂ ਚੀਨ ਤੋਂ ਮਿਲੇ ਤਦ ਉਸਦਾ ਪਾਲਨ ਅਪਣੇ ਅਪਣੇ ਥਾਂ ਜਰੂਰ ਕਰਦੇ ਹਨ।

ਜੇ ਨੁਕਸ ਵੇਖਣ ਲਗੀਏ ਤਦ ਕਾਂਗ੍ਰਸ ਪਾਰਟੀ ਵਿਚ ਇਨਾਂ ਨਾਲੋਂ ਘਟ ਨਹੀਂ ਹਨ। ਮਹਾਤਮਾਂ ਗਾਂਧੀ ਜੀ ਨੇ ਕਈ ਸਾਲ ਕਾਂਗ੍ਰਸ ਪਾਰਟੀ ਦੀ ਅਗਵਾਈ ਕੀਤੀ। ਅਜ ਏਹ ਓਨਾਂ ਨੂੰ ਰਾਸ਼ਟ੍ਰ ਪਿਤਾ ਭੀ ਕਹਿੰਦੇ ਹਨ। ਪਰ ਏਹ ਸਪਸ਼ਟ ਹੈ ਕਿ ਗਾਂਧੀ ਜੀ ਹੁਣ ਹੁੰਦੇ ਤਦ ਕਾਂਗ੍ਰਸ ਪਾਰਟੀ ਦਾ ਏਹ ਹਾਲ ਨਾਂ ਹੁੰਦਾ ਜੋ ਅਜ ਹੋ ਰਿਹਾ ਹੈ। ਓਹਨਾਂ ਨੇ ਸ਼ਰਾਬ ਦੇ ਵਿਰੁਧ ਪਿਕਟਿੰਗ ਕੀਤੀ ਸੀ(ਸ਼ਰਾਬ ਦੀਆਂ ਦੁਕਾਨਾਂ ਤੇ ਜਾਣ ਤੋਂ ਲੋਕਾਂ ਨੂੰ ਰੋਕਿਆ ਸੀ) ਅਤੇ ਇਸਤੋਂ ਗ੍ਰਿਫਤਾਰੀ ਦਿਤੀ ਪਰ ਵਰਤਮਾਨ ਕਾਂਗ੍ਰਸ ਸ੍ਰਕਾਰਾਂ ਨੇ ਸ਼ਰਾਬ ਅਪਣੀ ਆਮਦਨੀ ਦਾ ਇਕ ਸਾਧਨ ਬਣਾਕੇ ਜਗਾ ਜਗਾ ਤੇ ਠੇਕੇ ਖੋਲ ਦਿਤੇ ਹਨ। ਐਸਾ ਭੀ ਪ੍ਰਤੀਤ ਹੁੰਦਾ ਹੈ ਕਿ ਗਾਂਧੀ ਜੀ ਦਾ ਅੰਤ ਜੋ ੩੦ ਜਨਵਰੀ ਸਨ ੧੯੪੭ ਨੂੰ ਨਾ ਹੋਇਆ ਹੁੰਦਾ ਤਦ ਵਰਤਮਾਨ ਕਾਂਗ੍ਰਸੀਆਂ ਦੇ ਕਰਮਾਂ ਕਰਕੇ ਹੀ ਹੋ ਜਾਣਾ ਸੀ।

ਪਾਰਟੀ ਦੇ ਅੰਦਰ ਪਾਰਟੀਆਂ ਬਣਨ ਤੋਂ ਕਾਂਗ੍ਰਸੀ ਆਗੂ ਭੀ ਅਪਣੇ ਆਪ ਨੂੰ ਬਚਾ ਨਹੀਂ ਸਕੇ। ਪਰ ਇਕ ਸਿਧਾਂਤ ਭਾਰਤ ਦੇਸ਼ ਦੀ ਰਖਿਆ ਦੇਸ ਦਾ ਸਨਮਾਨ ਉਚਾ ਕਰਨਾ, ਦੇਸ ਦੀ ਏਕਤਾ ਅਤੇ ਅਖੰਡਤਾ ਸਥਿਰ ਰਖਣੀ ਇਸ ਪਾਰਟੀ ਦਾ ਪ੍ਰਮੁਖ ਉਦੇਸ਼ ਹੈ। ਏਹ ਹੀ ਇਸ ਵਕਤ ਦੇਸ਼ ਭਲਾਈ ਦਾ ਇਕ ਅਤਯੰਤ ਜਰੂਰੀ ਸਾਧਨ ਹੈ।

ਧਰਮ ਦੇ ਪਖ ਤੋਂ ਨਾਮਧਾਰੀ ਕਿਸੇ ਭੀ ਰਾਜਨੀਤਿਕ ਦਲ ਦੀਆਂ ਪਾਬੰਦੀਆਂ ਤੋਂ ਮੁਕਤ ਹਨ। ਕਿਸੇ ਰਾਜਨੀਤਿਕ ਦਲ ਦੇ ਮੈਂਬਰ ਨਹੀਂ ਹਨ। ਸਮਰਥਕ ਜਰੂਰ ਹਨ। ਭਾਵੇਂ ਹਰਿਆਣੇ ਵਿਚ ਆਇਆ ਰਾਮ ਗਇਆ ਰਾਮ ਅਪਣੇ ਅਪਣੇ ਸ੍ਵਾਰਥਾਂ ਅਨੁਸਾਰ ਹੋਇਆ ਅਤੇ ਪੰਜਾਬ ਵਿਚ ਕੁਛਕੁ ਵਜਕਤੀਆਂ ਤੋਂ ਬਿਨਾ ਅਕਾਲੀਆਂ ਨੇ ਭੀ ਦਲ ਬਦਲ ਕਿਰਿਆ ਤੋਂ ਸੰਕੋਚ ਨਹੀਂ ਕੀਤਾ, ਪਰ ਅਸੀਂ ਨਾਮਧਾਰੀ ਇਸ ਸਿਧਾਂਤ ਦੇ ਸਮਰਥਕ ਹਾਂ ਕਿ ਜੋੜ ਨੂੰ ਤੋੜਿਆ ਨਾ ਜਾਵੇ। ਕਈਤਰਾਂ ਦੇ ਦੋਸ਼ ਵੇਖਦੇ ਹੋਇਆਂ ਭੀ, ਜਿਨਾਂ ਨਾਲ ਅਉਖਾ ਸਮਾਂ ਨਿਭਾਇਆ ਸੀ, ਓਹ ਅਪਣੇ ਬਚਨਾਂ ਤੇ ਕਾਇਮ ਨਹੀਂ ਭੀ ਰਹੇ ਤਾਂ ਭੀ "ਮਿਤ੍ਰ-ਸਦਾਚਾਰ" ਨੂੰ ਦੇਖਦੇ ਹੋਏ, ਸਉਖਾ ਸਮਾਂ ਓਨਾਂ ਦੇ ਹੀ ਨਾਲ ਨਿਭਾਉਣ ਦਾ ਜਤਨ ਕਰਨਾਂ ਠੀਕ ਕਰਤਵਜ ਹੈ। ਭਾਈ ਗੁਰਦਾਸ ਜੀ ਨੇ ਲਿਖਿਆ ਹੈ:-

ਜੈਸੇ ਨਾਉ ਬੂਡਤ ਸੇ ਜੋਈ ਬਚੈ ਸੋਈ ਭਲੋ

ਇਸ ਵੇਲੇ ਧਰਮ ਸਭਿਆਚਾਰ ਸਿਸਟਾਚਾਰ ਸਭ ਥਾਵਾਂ ਤੇ ਸਭ ਸ੍ਰੇਣੀਆਂ ਵਿਚ ਅਪਣੇ ਅਪਣੇ ਸਥਾਨ ਤੋਂ ਗਿਰ ਚੁਕੇ ਹਨ ਅਤੇ ਤੇਜੀ ਨਾਲ ਗਿਰਾਵਟ ਵਲ ਨੂੰ ਜਾ ਰਹੇ ਹਨ। ਕੋਈ ਕਹਿ ਨਹੀਂ ਸਕਦਾ ਭਵਿਖ ਕੈਸਾ ਹੋਇਗਾ ਅਸੀਂ ਨਾਮਧਾਰੀ ਇਸ ਸਿਧਾਂਤ ਦੇ ਕਾਇਲ ਹਾਂ ਕਿ ਕਿਸੇ ਨੂੰ ਬੁਰੇ ਸ਼ਬਦਾਂ ਨਾਲ ਦੂਸ਼ਿਤ ਨਾਂ ਕਰੋ। ਅਪਣੇ ਆਪਨੂੰ ਸ਼ੁਧ ਰਖਣ ਦਾ ਪੂਰਾ ਜਤਨ ਕਰੋ। ਅਜ ਤੋਂ ਕ੍ਰੀਬ ਬਾਰਾਂ ਸਾਲ ਪਹਿਲਾਂ ਕਾਂਗ੍ਰਸ ਵਿਰੋਧੀ ਸ੍ਰੇਣੀਆਂ ਨੂੰ ਕਾਂਗ੍ਰਸ ਦੀਆਂ ਗਲਤੀਆਂ ਕਾਰਣ ਕੇਂਦ੍ਰ ਅਤੇ ਹੋਰ ਕਈ ਪ੍ਰਾਂਤਾ ਵਿਚ ਸ੍ਰਕਾਰ ਬਣਾਉਣ ਦਾ ਮੌਕਾ ਮਿਲ ਗਿਆ ਸੀ। ਇਨਾਂ ਉਸ ਮੌਕੇ ਦੇਸ਼ ਦੇ ਹਿਤਾਂ ਵਿਚ ਕੰਮ ਕਰਨਾ ਆਮ ਲੋਕਾਂ ਦੀਆਂ ਜਰੂਰੀ ਲੋੜਾਂ ਪੂਰੀਆਂ ਕਰਨੀਆਂ ਅਤੇ ਵਿਸ਼ੇਸ਼ ਕਰਕੇ ਦੇਸ਼ ਵਾਸਤੇ ਓਹ ਕੁਝ ਕਰਕੇ ਵਿਖਾਉਣਾ ਜੋ ਕਾਂਗ੍ਰਸ ਸ੍ਰਕਾਰ ਨਹੀਂ ਸੀ

ਕਰ ਸਕੀ, ਇਸ ਪਾਸੇ ਵਲ ਧਿਆਨ ਨਾ ਦੇਕੇ ਕਾਂਗ੍ਰਸ ਅਤੇ ਵਿਰੋਧੀਆਂ ਤੋਂ ਬਦਲਾ ਲੈਣ ਵਾਸਤੇ ਕਮਿਸ਼ਨ ਬਣਾ ਬਣਾ ਅਤੇ ਹੋਰ ਇਸੇ ਸਬੰਧ ਵਿਚ ਜੋ ਵਧ ਤੋਂ ਵਧ ਹੋ ਸਕਦਾ ਸੀ ਕਰਕੇ ਅਪਣਾ ਸਤਿਕਾਰ ਇਤਬਾਰ ਗਵਾ ਲਿਆ, ਅਪਣੀਆਂ ਸਰਕਾਰਾਂ ਕਾਇਮ ਨਾ ਰਖ ਸਕੇ। ਇਸ ਕਰਕੇ ਜਿਸ ਕਾਂਗ੍ਰਸ ਸ੍ਰਕਾਰ ਨੂੰ ਧਕੇ ਮਾਰਕੇ ਲੋਕਾਂ ਨੇ ਕਢਿਆ ਸੀ, ਸਵਾਗਤ ਕਰਕੇ ਫਿਰ ਉਸੇ ਸਥਾਨ ਤੇ ਲੈ ਆਂਦਾ। ਸੋ ਅਸੀਂ ਭੀ ਏਹ ਸਮਝਦੇ ਹਾਂ ਦੇਸ਼ ਦੇ ਹਿਤਾਂ ਵਿਚ, ਲੋਕ ਭਲਾਈ ਦੇ ਹਿਤ ਵਿਚ ਅਜੇ ਜਿਤਨਾਂ ਕੁਛ ਕਾਂਗ੍ਰਸ ਵਲੋਂ ਕੀਤਾ ਜਾ ਰਿਹਾ ਹੈ, ਓਤਨਾਂ ਹੋਰ ਕੋਈ ਰਾਜਨੀਤਿਕ ਦਲ ਨਹੀ ਕਰ ਰਿਹਾ। ਅਤੇ ਕਿਤਨਾਂ ਹੀ ਸਮਾਂ ਏਨਾਂ ਨਾਲ ਬਿਤਾਇਆ ਹੈ, ਸਮੂਚਾ ਸ੍ਰੇਣੀ ਦੇ ਰੂਪ ਵਿਚ ਏਨਾਂ ਦਾ ਸਾਥ ਰਖਣਾ ਹੀ ਠੀਕ ਬਣਦਾ ਹੈ। ਵੀਚਾਰ ਇਹੋ ਹੈ ਅਗੇ ਜੈਸੇ ਜੈਸੇ ਸਮਾਂ ਚਲੇਗਾ, ਜੈਸੀ ਜੈਸੀ ਪ੍ਰੇਰਣਾ ਪ੍ਰਮੇਸਰ ਵਲੋਂ ਮਿਲੇਗੀ, ਓਸੇਤਰਾਂ ਹੋਇਗਾ।

ਜੈਸਾ ਕਿ ਇਸ ਪੁਸਤਕ ਦੇ ਅਰੰਭ ਵਿਚ ਸੰਕੇਤ ਕੀਤੇ ਗਏ ਹਨ ਕਿ ਕੋਈ ਓਹ ਰਾਜ ਸਥਿਰ ਨਹੀਂ ਰਹਿ ਸਕਿਆ ਜਿਸ ਦੇ ਕ੍ਰਮਚਾਰੀਆਂ ਨੇ ਦੂਸ਼ਿਤ ਕਰਮ ਕੀਤੇ ਅਤੇ ਪ੍ਰਜਾ ਨਾਲ ਅਨਜਾਇ ਪੂਰਕ ਵਰਤਾਉ ਕੀਤਾ ਹੈ ਇਹੋ ਜਿਹਾ ਕੁਛ ਕਾਂਗ੍ਰਸ ਵਲੋਂ ਭੀ ਇਸ ਵੇਲੇ ਹੋ ਰਿਹਾ ਹੈ। ਜਿਸਤੋਂ ਇਨਾਂ ਦੇ ਭੀ ਪਤਨ ਹੋਣ ਦੀ ਝਲਕ ਦਿਖਾਈ ਦੇ ਰਹੀ ਹੈ ਪਰ ਕੋਈ ਹੋਰ ਪਾਰਟੀ ਅਪਣੇ ਸ੍ਵਾਰਥਾਂ ਅਧੀਨ ਅਪਣਾ ਸੰਗਠਨ ਨਹੀਂ ਬਣਾ ਸਕੀ।

ਅੰਤ ਵਿਚ ਸਤਿਗੁਰੂ ਚਰਨਾਂ ਵਿਖੇ ਪ੍ਰਾਰਥਨਾਂ ਹੈ ਕਿ ਕਿਰਪਾ ਕਰਨ-ਸ੍ਵਾਰਥ ਅਤੇ ਦੁਬਿਧਾ ਤੋਂ ਸਭ ਨੂੰ ਮੁਕਤ ਕਰ ਦੇਣ। ਧਰਮ ਅਤੇ ਸਦਾ ਚਾਰ ਦੇ ਨਿਯਮਾਂ ਤੇ ਚਲਣ ਦੀ ਸ਼ਕਤੀ ਦੇਣ।

ਧੰਨਯਵਾਦ

ਸ੍ਰਬ ਪ੍ਰਥਮ ਕੋਟਾਨ ਕੋਟ ਧੰਨਯਵਾਦ ਅਟੱਲ ਪ੍ਰਤਾਪੀ ਸਤਿਗੁਰੂ ਜੀ ਦਾ ਹੈ, ਜਿਨਾਂ ਦੀ ਪ੍ਰੇਰਨਾਂ ਤੋਂ ਇਸ ਪੁਸਤਕ ਦੇ ਲਿਖਣ ਦਾ ਵੀਚਾਰ ਬਣਿਆ। ਸ੍ਰੀ ਸਤਿਗੁਰੂ ਜੀ ਦੇ ਟੇਪ ਕੀਤੇ ਹੋਏ ਉਪਦੇਸ਼ ਵਿਚੋਂ ਇਹ ਸਿਖਿਆ ਲਈ ਸੀ ਕਿ, ਸਤਿਗਰੂ ਰਾਮ ਸਿੰਘ ਜੀ ਜਦੋਂ ਹੁਕਮ ਨਾਮੇ ਲਿਖਣ ਲਗਦੇ ਸਨ ਤਦ ਅਰਦਾਸ ਕਰਕੇ ਲਿਖਦੇ ਸਨ। ਸੋ ਮੈਂ ਭੀ ਅਰਦਾਸ ਕਰਕੇ ਲਿਖਣ ਦਾ ਜਤਨ ਕਰਦਾ ਰਿਹਾ ਤਾਂ ਅਰਦਾਸ ਵੇਲੇ ਮਨ ਸਥਿਰ ਹੁੰਦਾ ਸੀ ਪਰ ਬਹੁਤੀ ਵਾਰੀ ਨਹੀਂ ਸੀ ਹੁੰਦਾ। ਸੋ ਜੋ ਸਿਫਤਾਂ ਭਰੇ ਸ਼ਬਦ ਹਨ,ਓਹ ਅਟੱਲ ਪ੍ਰਤਾਪੀ ਸਤਿਗੁਰੂ ਜੀ ਦੀ ਬਖਸ਼ਸ ਹੈ ਅਤੇ ਊਣਤਾਈਆਂ ਮੇਰੀ ਅਲਪ ਬੁਧੀ ਕਾਰਣ ਬਹੁਤਹਨ ।

ਸੰਤ ਮੰਗਲ ਸਿੰਘ ਜੀ ਚੰਡੀਗੜ ਵਾਲਿਆਂ ਨੇ ਜਰੂਰੀ ਆਂਕੜੇ ਲਭ ਲਭ ਕੇ ਦਿਤੇ ਹਨ, ਓਨਾਂ ਦਾ ਹਾਰਦਿਕ ਧੰਨਜਵਾਦ ਹੈ।

ਸਾਧੂ ਸਿੰਘ ਜੀ ਲੰਬਰਦਾਰ(ਸਪੁਤ੍ਰ ਸੰਤ ਤਰਨ ਸਿੰਘ ਜੀ ਵਹਿਮੀ) ਰਾਮ ਪੁਰ ਨੇ ਬਹੁਤ ਕੀਮਤੀ ਸੁਝਾਉ ਦਿਤੇ ਹਨ ਅਤੇ ਸਹਾਇਕ ਪੁਸਤਕ ਦੀ ਦਸ ਪਾਈ, ਓਹ ਭੀ ਧੰਨਵਾਦ ਦੇ ਪਾਤ੍ਰ ਹਨ।

ਮਹੰਤ ਆਤਮਾ ਸਿੰਘ ਜੀ ਸੰਪਾਦਿਕ ਸਤਿਜੁਗ ਨੇ ਪੁਸਤਕ ਦੇ ਅਰੰਭ ਕਰਨ ਲਈ ਜੋ ਸੁਝਾਉ ਦਿਤਾ ਓਹ ਅਤਿ ਲੋੜੀਂਦਾ ਸੀ, ਇਸ ਕਰਕੇ ਲੇਖਕ ਉਨਾਂ ਦਾ ਕ੍ਰਿਤਗਯ ਹੈ।

ਸ੍ਰੀ ਸਤਿਗੁਰੂ ਰਾਮ ਹਰੀ ਪ੍ਰੈਸ ਦੇ ਸੇਵਕ ਗੁਰਦੇਵ ਸਿੰਘ,ਸੁਖਵਿੰਦਰ ਸਿੰਘ,ਮੈਨੇਜਰ ਹਰਬੰਸ ਸਿੰਘ, ਸਤਿਜੁਗ ਦੇ ਸਹਾਇਕ ਸੰਪਾਦਕ ਆਤਮਾ ਸਿੰਘ ਅਤੇ ਸ਼ਿੰਗਾਰਾ ਸਿੰਘ ਧਰਮਪੁਰਾ ਨੇ ਭਰਪੂਰ ਸਹਿਯੋਗ ਦਿਤਾ ਹੈ। ਇਹ ਸਭੇ ਭੀ ਧੰਨਵਾਦ ਦੇ ਅਧਿਕਾਰੀ ਹਨ।

ਉਸਤਤ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ

ਮੁਖ ਮੰਡਲ ਹੈ ਅਤਿ ਤੇਜਸਵੀ
ਸੁਭ ਆਭਾ ਭਾਲ ਅਕਾਲ ਉਤਾਰੀ।
ਸੁੰਦਰ ਅੰਗ ਨਿਰਆਲਸ ਡੀਲ
ਸੁ ਕੰਚਨ ਬਰਨ ਕਾਇਆ ਰੰਗਾਰੀ।
ਜਾਹਿ ਬਿਲੋਕਬੇ ਕੋ ਤਰਸੈ
ਸੁਰਦੇਵ ਮੁਨੀ ਰਿਖ ਬਾਰੰਬਾਰੀ।
ਐਸੇ ਗੁਰੂ ਪ੍ਰਤਾਪ ਜੂਕੋ
ਬਲਵੰਤ ਕਰੈ ਲਖ ਕੋਟ ਜੁਹਾਰੀ।

(ਗੁਰਪੁਰਵਾਸੀ ਸੰਤ ਬਲਵੰਤ ਸਿੰਘ ਜੀ ਏਲਨਾਬਾਦ)